

# ਸਰਕਾਰੀ ਸਾਜਿਸ਼

ਸੁਖਦੀਪ ਸਿੰਘ ਬਰਨਾਲਾ



# ਲਹੂ ਦੀ ਲਾਜ

ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫ਼ਰਜ਼ ਬਣਦਾ ਹੈ
ਲਹੂ ਡੁੱਲ੍ਹਿਆ ਸ਼ਹੀਦਾਂ ਦਾ, ਕੌਮ 'ਤੇ ਕਰਜ਼ ਬਣਦਾ ਹੈ

ਲਹੂ ਦੀ ਲਾਜ ਜੋ ਭੁੱਲੇ, ਉਹਨੂੰ ਜ਼ਿੰਦਾ ਨਹੀਂ ਕਹਿੰਦੇ
ਲਹੂ ਦੀ ਲਾਜ ਜੋ ਰੱਖੇ, ਲੋਕੀਂ ਤਾਬ ਨਹੀਂ ਸਹਿੰਦੇ
ਵਿਰਸਾ ਅਣਮੁੱਲ ਹੁੰਦਾ ਹੈ, ਲਹੂ ਦੇ ਕੇ ਜੋ ਮਿਲਦਾ ਹੈ
ਜ਼ਮਾਨਾ ਮੰਨ ਲੈਂਦਾ ਹੈ, ਦੌਰ ਜਦ ਸੱਚ ਦਾ ਚਲਦਾ ਹੈ
ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫ਼ਰਜ਼ ਬਣਦਾ ਹੈ

ਵਿਰਸਾ ਪਿਆਰਦੇ ਨੇ ਜੋ, ਅਣਖੀ ਉਹ ਅਖਵਾਉਂਦੇ ਨੇ
ਵਿਰਸਾ ਸਾਂਭ ਜੋ ਰੱਖਦੇ, ਹਰ ਜੁੱਗ ਵਿਚ ਉਹ ਜਿਉਂਦੇ ਨੇ
ਹਨੇਰੇ ਮੁੱਕ ਜਾਂਦੇ ਨੇ, ਸਵੇਰੇ ਜਨਮ ਲੈਂਦੇ ਨੇ
ਸੂਰਜ ਫੇਰ ਚੜ੍ਹਦੇ ਨੇ, ਤੇ ਰਾਹਵਾਂ ਰੌਸ਼ਨ ਕਰਦੇ ਨੇ
ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫ਼ਰਜ਼ ਬਣਦਾ ਹੈ

ਲਹੂ ਜੋ ਡੁੱਲ੍ਹਦਾ ਹੱਕ ਖਾਤਰ, ਕਦੇ ਜਾਂਦਾ ਅਜਾਈਂ ਨਹੀਂ
ਲਹੂ ਜੋ ਡੁੱਲ੍ਹਦਾ ਸੱਚ ਖਾਤਰ, ਫਿੱਕਾ ਪੈਂਦਾ ਕਦਾਈਂ ਨਹੀਂ
ਲਹੂ ਦੀ ਲਾਜ ਜੋ ਰੱਖਦੇ, ਜੀਣ ਦੀ ਲਾਜ ਰੱਖਦੇ ਨੇ
ਪੁਰਖਿਆਂ ਦਾ ਲਹੂ ਡੁੱਲ੍ਹਿਆ, ਕਰਜ਼ ਦੀ ਵਹੀ 'ਚ ਲਿਖਦੇ ਨੇ
ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫ਼ਰਜ਼ ਬਣਦਾ ਹੈ

ਲਹੂ ਨਿਸ਼ਕਾਮ ਜੋ ਡੁੱਲ੍ਹਦਾ, ਲਹੂ ਦਾ ਮੁੱਲ ਪੈਂਦਾ ਹੈ
ਲਹੂ ਦੀ ਪੈੜ ਬਣਦੀ ਹੈ, ਜਿਹਦਾ ਰੰਗ ਲਾਲ ਰਹਿੰਦਾ ਹੈ
ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫਰਜ਼ ਬਣਦਾ ਹੈ
ਲਹੂ ਡੁੱਲ੍ਹਿਆ ਸ਼ਹੀਦਾਂ ਦਾ, ਕੌਮ 'ਤੇ ਕਰਜ਼ ਬਣਦਾ ਹੈ

ਸੁਖਵਿੰਦਰ ਕੌਰ, ਕੈਨੇਡਾ
ksukhvinder@hotmail.com

# ਸਰਕਾਰੀ ਸਾਜਿਸ਼

ਸੁਖਦੀਪ ਸਿੰਘ ਬਰਨਾਲਾ

ਪੁਸਤਕ ਮਿਲਣ ਦਾ ਪਤਾ:

**ਗੁਰਮਤਿ ਪੁਸਤਕ ਭੰਡਾਰ**

154, ਘੰਟਾ ਘਰ ਮਾਰਕੀਟ, ਸਕੂਟਰ ਸਟੈਂਡ ਦੇ ਉਪਰ,

ਅੰਮ੍ਰਿਤਸਰ। ਫੋਨ: 0183-5101231

ਮੋਬਾਇਲ: 98726-58302, 98151-61234

---

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ-143006

---

ਐਸ.ਸੀ.ਓ. 223-24, ਸਿਟੀ ਸੈਂਟਰ, ਅੰਮ੍ਰਿਤਸਰ-143001

---

**AMITOJ'S SALES**

#122 - 12885 - 85 Ave.

Surrey, BC, Canada, V3W 0K8

Ph: (604) 501-2125

Next Door to Gurdwara Sahib Dasmesh Darbar

# Sarkari Sajish (Novel)

Written & Published By:Sukhdeep Singh Barnala ©
E-mail:baagee@yahoo.com
www.sikhsangarsh.com
Mobile:98786-86684

*All rights ara reserved. No part of this publication may be reproduced, stored in a retrieval system or transmitted, in any form or by any means mechanical, photocopying, recording or otherwise, without prior written premission of the author.*

| | | |
|---|---|---|
| **Sarkari Sajish** | : | By Sukhdeep Singh Barnala |
| **First Edition** | : | May 2011 (Punjabi) |
| **Price** | : | 100 Rupees |
| **Printed at** | : | Printwell Amritsar |
| **Published By** | : | Sukhdeep Singh Barnala |

(Printed in India)



# ਸਰਕਾਰੀ ਸਾਜਿਸ਼

ਸੁਖਦੀਪ ਸਿੰਘ ਬਰਨਾਲਾ

ਇਸ ਪੁਸਤਕ ਦੀ ਛਪਵਾਈ ਦੇ ਸਹਿਯੋਗ ਲਈ ਗੁਰ ਆਸਰਾ ਫ਼ਾਊਂਡੇਸ਼ਨ ਕੈਨੇਡਾ ਦਾ ਧੰਨਵਾਦ

**Gur Aasra Foundation Canada supports needy & helpless children**

ਸੰਸਥਾ, ਗੁਰ ਆਸਰਾ ਫ਼ਾਊਂਡੇਸ਼ਨ ਕੈਨੇਡਾ ਬੇ-ਸਹਾਰਾ ਤੇ ਜ਼ਰੂਰਤਮੰਦ ਬੱਚਿਆਂ ਦੀ ਮੱਦਦ ਕਰਦੀ ਹੈ

# ੴ ਸਰਬੱਤ ਦਾ ਭਲਾ


## GUR AASRA FOUNDATION CANADA

P.O. BOX 3622
VANCOUVER BC
CANADA V6B 3Y6
Phone: 604-685-8866, 604-501-2039
website: www.guraasra.com
E-mail: guraasra@hotmail.com


ਵੇਖਿਓ ! ਰੁਲਦਾ ਰਹੇ ਨਾ ਕੋਈ ਪਰਿਵਾਰ ਸ਼ਹੀਦਾਂ ਦਾ

ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫਰਜ਼ ਬਣਦਾ ਹੈ

ਸ਼ਹੀਦਾਂ ਦੇ ਬੱਚੇ ਕੌਮ ਦਾ ਸਰਮਾਇਆ ਹਨ, ਆਓ ਆਪਣਾ ਪੰਥਕ ਫਰਜ਼ ਪਛਾਣਦੇ ਹੋਏ ਕੌਮ ਦਾ ਭਵਿੱਖ ਸੰਭਾਲੀਏ

# ਕਲਮ ਦਾ ਪ੍ਰਸਾਦ ਲੈ ਆਇਆ ਸੀ ਸੁਖਦੀਪ ਸਿੰਘ

ਦਸ਼ਮੇਸ਼ ਪਿਤਾ ਦਾ ਬਹਾਦਰ ਪੁੱਤਰ, ਨੌਜਵਾਨ ਕਵੀ ਤੇ ਲੇਖਕ ਸੁਖਦੀਪ ਸਿੰਘ ਮੈਨੂੰ ਇੰਝ ਜਾਪਦਾ ਏ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਜੇ ਕਵੀ ਦਰਬਾਰ 'ਚੋਂ ਕਲਮ ਦਾ ਪ੍ਰਸਾਦ ਲੈ ਆਇਆ ਸੀ ਤੇ ਉਸ ਦੀ ਸਿਰਫ ਲੱਜ ਹੀ ਨਹੀਂ ਪਾਲ ਰਹਿਆ, ਬਲਕਿ ਪੂਰੀ ਲਗਨ, ਮਿਹਨਤ, ਦ੍ਰਿੜ੍ਹਤਾ ਅਤੇ ਸਿਦਕ ਨਾਲ ਕੌਮ ਦੀ ਸਾਹਿਤਕ ਸੇਵਾ ਵੀ ਨਿਭਾ ਰਹਿਆ ਹੈ।

ਸੁਖਦੀਪ ਦੀ ਇਸ ਪੁਸਤਕ 'ਸਰਕਾਰੀ ਸਾਜਿਸ਼' ਵਾਸਤੇ ਮੈਂ ਕਈ ਵਾਰ ਲਿਖਣ ਬੈਠੀ, ਪਰ ਹਰ ਵਾਰ ਉਸਦੀਆਂ ਪਹਿਲੀਆਂ ਕਿਤਾਬਾਂ ਹੀ ਪੜ੍ਹਨ ਬੈਠ ਜਾਂਦੀ ਤੇ ਲਿਖਣਾ ਰਹਿ ਜਾਂਦਾ। ਮੈਂ ਸੋਚਦੀ ਹੀ ਰਹਿ ਜਾਂਦੀ ਕਿ ਸੁਖਦੀਪ ਦਾ ਜਨਮ ਤਾਂ ਹੋਇਆ 1985 ਵਿੱਚ, ਪਰ ਇਸਨੇ ਚੁਰਾਸੀ ਤੋਂ ਪਹਿਲਾ ਸਮਾਂ, 1984 ਅਤੇ ਸਿੱਖ ਸੰਘਰਸ਼ ਵਾਲੇ ਦਹਾਕੇ ਸਮੇਤ ਹਿੰਦੁਸਤਾਨ ਦੀ ਸਰਕਾਰ ਵੱਲੋਂ ਸਿੱਖ ਕੌਮ ਨਾਲ ਕੀਤੀਆਂ ਜ਼ਿਆਦਤੀਆਂ ਅਤੇ ਸਮੇਂ ਦੀਆਂ ਹੋਰ ਸਿਆਸੀ ਸਰਗਰਮੀਆਂ ਨੂੰ ਤਾਂ ਇਵੇਂ ਚਿੱਤਰਿਆ ਹੈ ਜਿਵੇਂ ਅੱਖੀਂ ਡਿੱਠਾ ਜਾਂ ਪਿੰਡੇ ਤੇ ਹੰਢਾਇਆ ਹੋਵੇ।

ਆਮ ਤੌਰ ਤੇ ਲੇਖਕ ਕਿਤਾਬ ਦੇ ਪਹਿਲੇ ਸਫਿਆਂ 'ਚ ਕਿਤੇ ਨਾ ਕਿਤੇ ਲਿਖ ਹੀ ਦਿੰਦੇ ਹਨ ਕਿ ਕਿਤਾਬ ਵਿੱਚ ਆਏ ਨਾਵਾਂ ਨਾਲ ਜੇ ਕਿਸੇ ਦਾ ਨਾਮ ਮੈਚ ਕਰ ਜਾਵੇ ਤਾਂ ਇਸਨੂੰ ਸਿਰਫ ਇਤਫ਼ਾਕ ਹੀ ਸਮਝਿਆ ਜਾਵੇ ਕਿਉਂਕਿ ਨਾਮ ਕਲਪਨਾ 'ਤੇ ਆਧਾਰਿਤ ਹਨ, ਪਰ ਇੱਥੇ ਸੁਖਦੀਪ ਸਿੰਘ ਦੀ ਬਹਾਦਰੀ ਦੀ ਦਾਦ ਦੇਣੀ ਬਣਦੀ ਹੈ ਕਿ 2007 ਵਿੱਚ ਛਪੇ ਆਪਣੇ ਪਹਿਲੇ ਨਾਵਲ 'ਪੰਜ ਸਦੀਆਂ ਦਾ ਵੈਰ' ਵਿੱਚ ਉਸਨੇ ਸਪੱਸ਼ਟ ਲਿਖਿਆ ਹੈ "ਇਸ ਨਾਵਲ ਵਿਚਲੇ ਪਾਤਰ ਤੇ ਘਟਨਾਵਾਂ ਕੋਰੀ ਕਲਪਨਾ ਨਹੀਂ ਹਨ, ਕਿਸੇ ਯਥਾਰਥ ਘਟਨਾ ਨਾਲ ਉਨ੍ਹਾਂ ਦਾ ਮੇਲ ਮਹਿਜ਼ ਇੱਕ ਸੰਯੋਗ ਨਾ ਸਮਝਿਆ ਜਾਵੇ"

ਮੈਂ ਸੁਖਦੀਪ ਵਿੱਚ ਉਹ ਧੀਰਜ ਵੀ ਵੇਖਿਆ ਹੈ, ਜੋ ਆਮ ਨੌਜਵਾਨਾਂ

ਵਿੱਚ ਘੱਟ ਹੁੰਦਾ ਹੈ। ਮੈਂ ਬਹੁਤ ਸਾਰੇ ਰੁਝੇਵਿਆਂ ਕਾਰਨ ਆਹ ਸੰਦੇਸ਼ ਲਿਖਣ ਵਿੱਚ ਦੇਰੀ ਕਰ ਰਹੀ ਸਾਂ, ਪਰ ਉਸ ਸੁਲਝੇ ਸਿਆਣਿਆ ਵਾਂਗ ਮੈਨੂੰ ਬੋਝ ਤੋਂ ਮੁਕਤ ਮਹਿਸੂਸ ਕਰਵਾਉਂਦਿਆਂ ਆਰਾਮ ਨਾਲ ਲਿਖਣ ਲਈ ਵਕਤ ਦਿੱਤਾ ਜਦ ਕਿ ਮੈਂ ਇਹ ਵੀ ਜਾਣਦੀ ਸਾਂ ਕਿ ਹਥਲੀ ਕਿਤਾਬ ਛਪਾਈ ਵਾਸਤੇ ਤਿਆਰ ਸੀ ਤੇ ਸੁਖਦੀਪ ਦੇ ਐਮ.ਏ. ਦੇ ਪੇਪਰ ਵੀ ਸਿਰ 'ਤੇ ਸਨ।

ਹੁਣ ਤੱਕ ਪੰਜ ਪੁਸਤਕਾਂ ਦੇ ਲੇਖਕ ਸੁਖਦੀਪ ਸਿੰਘ ਬਰਨਾਲਾ ਦੀ ਇਹ ਛੇਵੀਂ ਪੁਸਤਕ ਹੈ। ਸਭ ਤੋਂ ਪਹਿਲੀ ਤੇ ਬਹੁ-ਚੱਰਚਿਤ ਪੁਸਤਕ 'ਜੰਗਨਾਮਾ ਸਿੰਘਾਂ ਤੇ ਬਿਪਰਾਂ' 1946 ਤੋਂ ਲੈ ਕੇ 1995, ਸਰਦਾਰ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਤੱਕ ਦੀ ਦਾਸਤਾਨ ਹੈ, ਬੈਂਤ ਛੰਦ ਵਿੱਚ ਬੜੀ ਹੀ ਖੂਬਸੂਰਤੀ ਨਾਲ ਕਲਮਬੱਧ ਕੀਤਾ ਸਿੱਖ ਇਤਿਹਾਸ ਸੁਖਦੀਪ ਦੇ ਜੁਝਾਰੂ ਕਵੀ ਹੋਣ ਦੀ ਗਵਾਹੀ ਭਰਦਾ ਹੈ ਜਿਸਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਕਲਮ ਨੂੰ ਹਥਿਆਰ ਵਾਂਗ ਚੁੱਕਿਆ ਹੈ। ਉਸ ਕਿਤਾਬ ਵਿਚਲੀਆਂ ਕੁਝ ਸਤਰਾਂ:

*ਗੁਰੂ ਦਸ਼ਮੇਸ਼ ਬਾਗੀ, ਨਲੂਆ ਵੀਰ ਬਾਗੀ*
*ਸਾਡਾ ਬਾਗੀ ਹੈ ਪੰਥ ਪਰਿਵਾਰ ਸਿੰਘੋ*
*ਸਾਡਾ ਖੂਨ ਬਾਗੀ ਸਾਡੀ ਜਾਤ ਬਾਗੀ*
*ਸਾਡਾ ਬਾਗੀਆਂ ਨਾਲ ਵਿਹਾਰ ਸਿੰਘੋ*
*ਬਾਗੀ ਨਾਮ ਸਾਡਾ, ਜੰਮੇ ਬਾਗੀਆਂ ਦੇ*
*ਸਾਡਾ ਬਾਗੀਆਂ ਨਾਲ ਪਿਆਰ ਸਿੰਘੋ*
*ਊਧਮ ਸਿੰਘ ਬਾਗੀ, ਭਗਤ ਸਿੰਘ ਬਾਗੀ*
*ਸਾਡਾ ਬਾਗੀ ਸਰਾਭਾ ਸਰਦਾਰ ਸਿੰਘੋ*
*ਅਸੀਂ 'ਰਾਜੇ ਜਾਂ ਬਾਗੀ' ਸੁਖਦੀਪ ਸਿੰਘਾ*
*ਕੰਬਦੀ ਬਾਗੀਆਂ ਤੋਂ ਹੁਣ ਸਰਕਾਰ ਸਿੰਘੋ*

'ਜੰਗਨਾਮਾ' ਕਿਤਾਬ ਤੋਂ ਕੁਝ ਮਹੀਨਿਆਂ ਦੇ ਵਕਫੇ ਬਾਅਦ ਹੀ ਸੁਖਦੀਪ ਦਾ ਦੂਜਾ ਕਾਵਿ ਸੰਗ੍ਰਹਿ 'ਬਾਗੀ ਕਵਿਤਾਵਾਂ' ਪ੍ਰਕਾਸ਼ਿਤ ਹੋਇਆ। ਇਹ ਕਾਵਿ ਸੰਗ੍ਰਹਿ ਵੀ ਸਿੱਖ ਕੌਮ ਦੀ ਦਰਦ ਭਰੀ ਵਿੱਥਿਆ ਹੈ, ਗੱਦਾਰਾਂ ਦੀਆਂ ਗਦਾਰੀਆਂ, ਝੂਠੇ ਪੁਲਿਸ ਮੁਕਾਬਲੇ, ਝੂਠੇ ਕੇਸ, ਹੱਕ ਮੰਗਦਿਆਂ ਨੂੰ ਗੋਲ਼ੀਆਂ ਦੀਆਂ ਵਾਛੜਾਂ, ਪੁਲ਼ਾਂ, ਨਦੀਆਂ, ਨਾਲ਼ਿਆਂ 'ਚ ਰੁੜੀਆਂ ਜਾਂਦੀਆਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ, ਲਾਵਾਰਿਸ ਆਖ ਕੇ ਸਾੜੀਆਂ ਗਈਆਂ ਲਾਸ਼ਾਂ, ਨਿਰਦੋਸ਼ ਸਿੱਖਾਂ ਨਾਲ ਵਹਿਸ਼ੀਆਨਾਂ ਤਸ਼ੱਦਦ ਦੀ ਬਾਤ ਤੇ ਨਾਲ ਹੀ ਚੜ੍ਹਦੀਕਲ਼ਾ ਵਾਲਾ ਇੱਕ ਇਨਕਲਾਬੀ ਸੁਨੇਹਾ ਜੋ ਕਵਿਤਾ 'ਪ੍ਰਣ-ਪੱਤਰ'

ਵਿੱਚ ਇਵੇਂ ਦਰਜ਼ ਹੈ:

*ਲਾਲ ਕਿਲੇ ਵਿੱਚ ਕੈਦ ਲਹੂ ਜੋ ਨਿਮਾਣਿਆਂ ਦਾ*
*ਬੜੀ ਛੇਤੀ ਉਹਨੂੰ ਵੀ ਆਜ਼ਾਦ ਕਰਵਾਵਾਂਗੇ*
*ਬੀਜਾਂਗੇ ਬੰਦੂਕਾਂ ਫੇਰ ਬਾਪੂ ਵਾਲੇ ਖੇਤ ਵਿੱਚ*
*ਰੰਗ ਦੇ ਬਸੰਤੀ ਵਾਲਾ ਗੀਤ ਫੇਰ ਗਾਵਾਂਗੇ*

ਇਸ ਤੋਂ ਬਾਅਦ ਤੀਜਾ ਕਾਵਿ ਸੰਗ੍ਰਹਿ 'ਧਰਮਯੁੱਧ' ਪ੍ਰਕਾਸ਼ਿਤ ਹੋਇਆ ਜਿਸਦੀ ਕਵਿਤਾ 'ਛੱਲਾ' ਦੀਆਂ ਕੁਝ ਸਤਰਾਂ:

*ਛੱਲਾ ਦਿੱਲੀਓਂ ਆਇਆ...ਓ, ਛੱਲਾ ਦਿੱਲੀਓਂ ਆਇਆ*
*ਟਾਇਰ ਗਲ਼ 'ਚ ਪੁਆਇਆ, ਸਾਰਾ ਟੱਬਰ ਮਰਵਾਇਆ*
*ਗੱਲ ਸੁਣ ਛੱਲਿਆ, ਫਸਲਾਂ*
*ਉਏ ਹੱਥ ਏ.ਕੇ. ਰਫ਼ਲਾਂ*
*ਛੱਲਾ ਅੱਖਾਂ ਵਿੱਚ ਰੜਕੇ...ਓ, ਛੱਲਾ ਅੱਖਾਂ ਵਿੱਚ ਰੜਕੇ*
*ਆਉਂਦਾ ਕਾਲਜੋਂ ਪੜ੍ਹਕੇ, ਵੇਖਣ ਪੁਲਸੀਏ ਖੜ੍ਹਕੇ*
*ਗੱਲ ਸੁਣ ਛੱਲਿਆ, ਤਣਿਆ*
*ਛੱਲਾ ਖਾੜਕੂ ਬਣਿਆ*
*ਛੱਲਾ ਖੇਤੋਂ ਫੜਿਆ...ਓ, ਛੱਲਾ ਖੇਤੋਂ ਫੜਿਆ*
*ਧੱਕੇ ਬੁੱਚੜਾਂ ਦੇ ਚੜ੍ਹਿਆ, ਬੱਸ ਖ਼ਬਰਾਂ 'ਚ ਲੜਿਆ*
*ਗੱਲ ਸੁਣ ਛੱਲਿਆ, ਜਣਿਆ*
*ਮੁਕਾਬਲਾ ਨਹਿਰ ਤੇ ਬਣਿਆ*
*ਛੱਲਾ ਕੰਨ ਦੀਆਂ ਡੰਡੀਆਂ...ਓ, ਛੱਲਾ ਕੰਨ ਦੀਆਂ ਡੰਡੀਆਂ*
*ਸਾਰੇ ਜੱਗ ਵਿਚ ਭੰਡੀਆਂ, ਗੱਲਾਂ ਛੱਜ ਪਾ ਛੰਡੀਆਂ*
*ਗੱਲ ਸੁਣ ਛੱਲਿਆ, ਮਣਕੇ*
*ਰਹਿ ਗਏ ਅੱਤਵਾਦੀ ਬਣਕੇ..*

ਤਿੰਨ ਕਾਵਿ ਪੁਸਤਕਾਂ ਤੋਂ ਬਾਅਦ ਸੁਖਦੀਪ ਦੀ ਚੌਥੀ ਕਿਤਾਬ ਨਾਵਲ 'ਪੰਜ ਸਦੀਆਂ ਦਾ ਵੈਰ' ਦੇ ਰੂਪ ਵਿੱਚ ਪੰਥ ਦੇ ਵਿਹੜੇ ਵਿੱਚ ਆਈ, ਜਿਸ ਦਾ ਜ਼ਿਕਰ ਮੈਂ ਪਹਿਲਾਂ ਵੀ ਕਰ ਚੁੱਕੀ ਹਾਂ, ਇਸ ਨਾਵਲ ਨੇ ਇਨਕਲਾਬੀ ਨਾਵਲ ਹੋਣ ਦਾ ਖਿਤਾਬ ਹਾਸਿਲ ਕੀਤਾ। ਇਕ ਗੁਲਾਮੀ ਤੋਂ ਦੂਸਰੀ ਗੁਲਾਮੀ ਕਿਵੇਂ ਸਿੱਖਾਂ ਦੇ ਗਲ਼ ਪਈ ਤੇ ਫਿਰ ਦੂਜੀ ਗੁਲਾਮੀ ਦੌਰਾਨ ਸਰਕਾਰ ਦੀਆਂ ਸਿੱਖ-ਮਾਰੂ ਨੀਤੀਆਂ ਤੇ ਜ਼ੁਲਮਾਂ ਦੀ ਗਾਥਾ ਸੁਖਦੀਪ ਨੇ ਨਿਧੜਕ ਹੋ ਕੇ ਇਮਾਨਦਾਰੀ ਨਾਲ ਸੁਣਾਈ।

'ਹੁਣ ਸਜ਼ਾ ਦਿਓ ਮੈਨੂੰ ਦੋਸ਼ੀ ਨੂੰ' ਕਾਵਿ ਸੰਗ੍ਰਹਿ, ਸੁਖਦੀਪ ਦੀ ਪੰਜਵੀਂ ਪੁਸਤਕ ਤਕਰੀਬਨ ਸਾਲ ਕੁ ਪਹਿਲਾਂ ਪ੍ਰਕਾਸ਼ਿਤ ਹੋਈ ਸੀ, ਪਹਿਲੀਆਂ ਪੁਸਤਕਾਂ ਵਾਂਗ ਹੀ ਇਸ ਪੁਸਤਕ ਦਾ ਵੀ ਸਾਹਿਤਕ ਪਿੜ ਵਿੱਚ ਭਰਵਾਂ ਸੁਆਗਤ ਹੋਇਆ, ਇਸ ਪੁਸਤਕ ਵਿਚਲੀ ਇਕ ਨਾਮੀ ਕਵਿਤਾ ਦੀਆਂ ਕੁਝ ਲਾਇਨਾਂ ਮੈਂ ਜ਼ਰੂਰ ਸਾਂਝਾ ਕਰਾਂਗੀ:

*ਹਰਿਮੰਦਰ ਦੀ ਹਿੱਕ ਨੂੰ ਵਿੰਨ੍ਹ ਕੇ, ਕਾਲ਼ ਬੀਤ ਗਏ ਨੇ*
*ਚੌਂਕ ਚੁਰਾਹੇ ਰੁਲ਼ੀਆਂ ਪੱਗਾਂ, ਹਾਲ ਬੀਤ ਗਏ ਨੇ*
*ਇਨਸਾਫ਼ ਦੀ ਕੋਈ ਵੀ ਕਿਰਨ ਕਿਤੇ ਨਾ ਨਜ਼ਰੀਂ ਪੈਂਦੀ ਏ*
*ਫੱਟ ਸੀਨੇ ਵਿਚ ਲੱਗੇ ਪੱਚੀ ਸਾਲ ਬੀਤ ਗਏ ਨੇ*
*ਕਬਰਾਂ ਪੁੱਟੋ ਸ਼ਮਸ਼ਾਨਾਂ 'ਚੋਂ, ਲੱਭ ਲਵੋ ਕੋਈ ਮੁਰਦਾ ਹੀ*
*ਵਿਚ ਅਦਾਲਤ ਆ ਕੇ ਜਿਹੜਾ, ਦੇਵੇ ਇਕ ਗਵਾਹੀ ਨੀਂ*
*ਇਨਸਾਫ਼ ਦੀ ਆਸੇ ਸੁੱਕੀਆਂ ਅੱਖਾਂ, ਸੁੱਕ ਗਏ ਹੱਡ ਅਵੱਲੜੇ ਨੀਂ*
*ਕਾਨੂੰਨ ਕਿਤਾਬੋਂ ਖਸਮਾਂ ਖਾਣੀ ਸੁੱਕ ਗਈ ਏ ਸਿਆਹੀ ਨੀਂ*

ਵੀਰ ਗਜਿੰਦਰ ਸਿੰਘ ਜੀ (ਦਲ਼ ਖ਼ਾਲਸਾ) ਦੇ ਲਫਜ਼ਾਂ ਵਿੱਚ "ਸੁਖਦੀਪ ਸਿੰਘ ਦੀਆਂ ਕੁਝ ਕਵਿਤਾਵਾਂ ਵਿੱਚ ਕਿਤੇ-ਕਿਤੇ ਮੈਨੂੰ ਆਪਣਾ ਆਪ ਦਿਖਾਈ ਦਿੰਦਾ ਹੈ, 1975-76 ਵਾਲਾ ਤਲਵਾਰ ਦੀ ਨੋਕ 'ਤੇ ਬਾਰੂਦ ਬੰਨ੍ਹ ਕੇ ਲਿਖਣ ਵਾਲਾ ਗਜਿੰਦਰ ਸਿੰਘ"

ਸੁਖਦੀਪ ਦੀਆਂ ਕਾਫੀ ਸਾਰੀਆਂ ਕਵਿਤਾਵਾਂ ਆਸ਼ਾਵਾਦੀ ਹਨ ਜੋ ਕਿ ਪਾਠਕਾਂ ਵਿੱਚ ਰੂਹ ਭਰਨ ਦੀ ਸਮਰੱਥਾ ਰੱਖਦੀਆਂ ਹਨ, ਜਿਨ੍ਹਾਂ ਵਿੱਚ ਸਿੱਖ ਇਤਿਹਾਸ ਦੇ ਹਵਾਲਿਆਂ ਦੇ ਨਾਲ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਜ਼ੁਲਮ ਦਾ ਅੰਤ ਵੀ ਹੁੰਦਾ ਹੈ ਤੇ ਸੱਚ ਦੀ ਜਿੱਤ ਅਵੱਸ਼ ਹੁੰਦੀ ਹੈ, ਕੂੜ ਨੇ ਆਖਿਰ ਢਹਿਣਾ ਹੀ ਹੁੰਦਾ ਹੈ।

ਮੈਨੂੰ ਬਹੁਤ ਸਾਰੇ ਸਬੂਤਾਂ 'ਤੇ ਆਧਾਰਿਤ ਇਹ ਯਕੀਨ ਹੈ ਕਿ ਪਾਠਕਾਂ ਨੂੰ ਸੁਖਦੀਪ ਦੇ ਇਸ ਨਾਵਲ 'ਸਰਕਾਰੀ ਸਾਜਿਸ਼' ਦੀ ਬੇਸਬਰੀ ਨਾਲ ਉਡੀਕ ਹੈ। ਸਰਕਾਰੀ ਜ਼ੁਲਮਾਂ ਦੀ ਇੱਕ ਹੋਰ ਦਰਦ ਭਰੀ ਦਾਸਤਾਨ ਇਸ ਵਾਰ ਨਾਵਲ ਰੂਪ 'ਚ ਹੈ, ਮੈਨੂੰ ਪੂਰਾ ਭਰੋਸਾ ਹੈ ਕਿ ਪਾਠਕਾਂ ਦੀ ਜਾਣਕਾਰੀ 'ਚ ਵਾਧਾ ਕਰਦੀ ਹੋਈ ਇਹ ਰਚਨਾ ਲਾਭਕਾਰੀ ਸਿੱਧ ਹੋਵੇਗੀ ਤੇ ਨਾਲ-ਨਾਲ ਦਸਤਾਵੇਜ਼ੀ ਪੁਸਤਕਾਂ ਦੀ ਤਰ੍ਹਾਂ ਘਰ ਦਾ ਸ਼ਿੰਗਾਰ ਬਣੇਗੀ।

ਮੈਂ ਅੰਤ ਵਿੱਚ ਸੁਖਦੀਪ ਦੇ ਇਸ ਨਾਵਲ ਨੂੰ 'ਜੀਅ ਆਇਆਂ' ਆਖਦੀ ਹੋਈ ਵਧਾਈ ਪੇਸ਼ ਕਰਦੀ ਹਾਂ ਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ

ਹਾਂ ਕਿ ਉਹ ਸਾਡੇ ਬੱਚੇ ਸੁਖਦੀਪ ਨੂੰ ਚੜ੍ਹਦੀਕਲਾ ਤੇ ਹੋਰ ਹਿੰਮਤ ਤੇ ਗਿਆਨ ਬਖਸ਼ੇ।

ਧੰਨਵਾਦ ਸਹਿਤ,
***ਸੁਖਵਿੰਦਰ ਕੌਰ***
ਲੋਕ ਲਿਖਾਰੀ ਸਾਹਿਤ ਸਭਾ,
ਕੈਨੇਡਾ।

P.O. Box 3622
Vancouver, BC
Canada, V6B 3Y6
Email: ksukhvinder@hotmail.com
Phone: 604-501-2039

## ਕਾਂਡ - 1

*ਇਸ ਮੌਸਮ ਦਾ ਨਾਮ ਕੀ ਰੱਖੀਏ ਮਾਰੀਏ 'ਵਾਜ਼ ਕਿਵੇਂ*
*•ਏਹੀ ਸੋਚਦਿਆਂ ਨੂੰ ਯਾਰੋ ਮੌਸਮ ਬੀਤ ਗਿਆ*

*(ਪਾਤਰ)*

ਵਿਸ਼ਵ ਰਾਜਨੀਤੀ ਦੇ ਅਗਲੇ ਅਧਿਆਇ ਵਿੱਚ ਮਾਰਕਸਵਾਦ ਦਾ ਵਿਸ਼ੇਸ਼ ਵਰਨਣ ਹੈ, ਪਿਆਰੇ ਵਿਦਿਆਰਥੀਓ, ਮਾਰਕਸਵਾਦ 19ਵੀਂ ਸਦੀ ਦੀ ਮਹੱਤਵਪੂਰਨ ਆਰਥਿਕ ਤੇ ਰਾਜਨੀਤਿਕ ਵਿਚਾਰਧਾਰਾ ਹੈ। ਕਾਰਲ ਮਾਰਕਸ ਨੂੰ ਇਸ ਵਿਚਾਰਧਾਰਾ ਦਾ ਬਾਨੀ ਮੰਨਿਆ ਜਾਂਦਾ ਹੈ। ਕਾਰਲ ਮਾਰਕਸ ਜਰਮਨ ਦਾ ਪ੍ਰਸਿੱਧ ਵਿਦਵਾਨ ਸੀ ਜਿਸ ਨੇ ਆਪਣੇ ਇੱਕ ਹੋਰ ਜਰਮਨ ਮਿੱਤਰ 'ਫਰੈਡਰਿਕ ਏਂਜਲਸ' ਨਾਲ ਮਿਲ ਕੇ ਕੁਝ ਕਿਤਾਬਾਂ ਰਾਹੀਂ ਇਸ ਵਿਚਾਰਧਾਰਾ ਦਾ ਪ੍ਰਚਾਰ ਕੀਤਾ। 'ਕਮਿਊਨਿਸਟ ਮੈਨੀਫੈਸਟੋ' ਅਤੇ 'ਦਾਸ ਕੈਪੀਟਲ' ਕਾਰਲ ਮਾਰਕਸ ਦੀਆਂ ਮਸ਼ਹੂਰ ਰਚਨਾਵਾਂ ਹਨ। ਜਦਕਿ 'ਆਰੀਜ਼ਿਨ ਆਫ਼ ਫੈਮਿਲੀ, ਪ੍ਰਾਈਵੇਟ ਪ੍ਰਾਪਰਟੀ ਐਂਡ ਸਟੇਟ' ਫਰੈਡਰਿਕ ਦੀ ਪ੍ਰਸਿੱਧ ਕਿਤਾਬ ਹੈ। ਮਾਰਕਸਵਾਦੀ ਵਿਚਾਰਧਾਰਾ ਦਾ ਇੱਕ ਹੋਰ ਪ੍ਰਸਿੱਧ ਸਮਰਥਕ ਹੋਇਆ ਜਿਸ ਨੂੰ ਲੈਨਿਨ ਕਿਹਾ ਜਾਂਦਾ ਹੈ 'ਸਟੇਟ ਐਂਡ ਰੈਵੋਲਿਊਸ਼ਨ' ਲੈਨਿਨ ਦੀ ਮਸ਼ਹੂਰ ਕਿਤਾਬ ਹੈ। ਲੈਨਿਨ ਦਾ ਪਹਿਲਾ ਨਾਂ 'ਵਲਾਦੀਮੀਰ ਇਲੀਈਚ ਉਲਆਨੋਵ ਸੀ ਜਿਸਨੇ.......

"ਐਕਸਕਿਊਜ਼ਮੀ ਸਰ"..... ਪਲੀਜ਼ ਸਰ ਇਟਜ਼ ਇਨਅੱਫ਼ ਫਾਰ ਟੂਡੇ.... ਅਸੀਂ ਬੋਰ ਹੋ ਹਾਂ.... ਸੱਾਰੀ ਸਰ ਪਲੀਜ਼"।

ਇੱਕ ਲੜਕੀ ਦੇ ਬੇਨਤੀ ਕਰਨ 'ਤੇ 'ਪਾਲੀਟੀਕਲ ਸਾਇੰਸ' ਦੇ ਪ੍ਰੋਫੈਸਰ ਨੇ ਆਪਣਾ ਲੈਕਚਰ ਸਮਾਪਤ ਕਰ ਦਿੱਤਾ.... ਤੇ ਨਾਲ ਹੀ ਨਸੀਹਤ ਵੀ ਦੇ ਦਿੱਤੀ...

.... ਸਟੂਡੈਂਟਸ ਹੁਣ ਬੋਰ ਹੋਣਾ ਛੱਡੋ, ਪਾਲੀਟਿਕਸ ਦੀ ਐਮ.ਏ. ਓਦਾਂ ਈ ਨਹੀਂ ਹੋ ਜਾਣੀ, ਤੁਹਾਡੇ ਮਾਂ-ਬਾਪ ਯੂਨੀਵਰਸਿਟੀ ਦੀਆਂ ਫੀਸਾਂ ਭਰਦੇ ਆ.... ਕੁਛ ਬਣ ਕੇ ਜਾਣਾ ਹੈ ਇੱਥੋਂ.... ਓਦਾਂ ਈ ਨਾ ਟਾਈਮ ਪਾਸ ਕਰਕੇ ਮੁੜ ਜਾਇਆ ਕਰੋ..... ਓ.ਕੇ. ਥੈਂਕਯੂ.... ਯੂ ਕੈਨ ਗੋ ਨਾਉ.....

ਪ੍ਰੋਫੈਸਰ ਦੀ ਇਜ਼ਾਜਤ ਮਿਲਦਿਆਂ ਈ.... ਵਿਦਿਆਰਥੀ ਕਲਾਸ 'ਚੋਂ ਏਦਾਂ ਨਿਕਲੇ ਜਿਵੇਂ ਕੈਦੀਆਂ ਨੂੰ ਜੇਲ੍ਹ 'ਚੋਂ ਰਿਹਾਈ ਮਿਲੀ ਹੋਵੇ।

....ਚੱਲ ਯਾਰ ਦਸ ਮਿੰਟ ਪਾਰਕ 'ਚ ਚੱਲ ਕੇ ਧੁੱਪ ਸੇਕਦੇ ਆਂ ਨਾਲੇ ਆਪਣਾ ਮਿੱਤਰ ਗੁਰੀ ਉਡੀਕ ਕਰਦਾ ਹੋਣਾ ਉਥੇ.... ਸ਼ਵਿੰਦਰ ਨੇ ਆਪਣੇ ਨਾਲ ਦੇ ਸਾਥੀ ਨੂੰ ਕਿਹਾ।

....ਬਾਈ ਤੂੰ ਬੈਠ ਜਾ ਕੇ... ਮੈਂ ਕੰਟੀਨ ਕੰਨੀ ਹੋ ਆਵਾਂ....!!!!

ਚੰਗਾ ਬਈ ਭਰਾਵਾ ਤੂੰ ਦੇ ਭਲਵਾਨੀ ਗੇੜੇ.... ਕਹਿੰਦਿਆਂ ਸ਼ਵਿੰਦਰ ਯੂਨੀਵਰਸਿਟੀ ਦੇ ਪਾਰਕ ਵੱਲ ਚੱਲ ਪਿਆ ਜਿੱਥੇ ਗੁਰਸ਼ੇਰ ਪਹਿਲਾਂ ਈ ਬੈਠਾ ਸੀ।

"... ਆ ਬਈ ਸ਼ਵਿੰਦਰ ਕੀ ਹਾਲ ਆ....??? ਕੀ ਕਹਿੰਦੀ ਆ ਰਾਜਨੀਤੀ.... ਗੁਰੀ ਨੇ ਹੱਥ ਮਿਲਾਉਂਦਿਆਂ ਪੁੱਛਿਆ....

ਹਾਲ ਵਧੀਆ ਗੁਰੀ ਬਾਬੇ ਦੀ ਮਿਹਰ ਆ... ਰਾਜਨੀਤੀ ਨੇ ਕੀ ਕਹਿਣਾ, ਇੱਥੇ ਕੈਂਪਸ 'ਚ ਊਂ ਦਿਮਾਗ਼ ਚੱਟੀ ਜਾਂਦੀ ਆ ਜਦੋਂ ਪੜ੍ਹਾਈ ਪੂਰੀ ਕਰਕੇ ਬਾਹਰ ਨਿਕਲਦੇ ਆਂ ਫੇਰ ਊਂ ਚੱਕ-ਚੱਕ ਖਪਾਈ ਜਾਂਦੀ ਆ.... ਰਾਜਨੀਤੀ ਨੇ ਤਾਂ ਸਾਲੀ ਨੇ ਤ੍ਰਪਾਏ ਪਏ ਆਂ....

ਸ਼ਵਿੰਦਰ ਨੇ ਪੜ੍ਹਾਈ ਦੇ ਨਾਲ-ਨਾਲ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਵੀ ਠੰਢਾ ਹਉਕਾ ਭਰਿਆ... ਖਾੜਕੂਵਾਦ ਦੇ ਨਾਂ ਹੇਠ ਪੰਜਾਬ ਦੀ ਨੌਜੁਆਨੀ ਦੇ ਹੋ ਰਹੇ ਘਾਣ ਦਾ ਦਰਦ ਸ਼ਵਿੰਦਰ ਦੇ ਸ਼ਬਦੀਂ ਵਹਿ ਤੁਰਿਆ ਸੀ।

ਸ਼ਵਿੰਦਰ ਤੂੰ ਯਾਰ ਦਾੜ੍ਹੀ-ਕੇਸ ਰੱਖ ਕੇ ਸਿੰਘ ਕਿਉਂ ਨੀਂ ਸਜ ਜਾਂਦਾ....??? ਮੈਂ ਦੇਖਿਆ ਤੇਰੇ ਦਿਲ 'ਚ ਦਰਦ ਬੜਾ, ਨਿੱਤ ਦਿਨ ਸ਼ਹੀਦ ਕੀਤੇ ਜਾ ਰਹੇ ਸਿੰਘਾਂ ਲਈ.... ਬੜਾ ਸਮਰਥਕ ਆਂ, ਤੂੰ ਤੀਰ ਆਲੇ ਬਾਬੇ ਦਾ... ਚੱਲ ਚੱਲੀਂ ਇਸ ਵਾਰ ਮੇਰੇ ਨਾਲ ਅਕਾਲ ਤਖ਼ਤ ਸਾਹਿਬ ਤੇ.... ਅੰਮ੍ਰਿਤ ਛਕਾ ਕੇ ਲਿਆਊਂ ਤੈਨੂੰ ਵੀ... ਗੁਰਸ਼ੇਰ ਨੇ ਸ਼ਵਿੰਦਰ ਦਾ ਮੋਢਾ ਥਪ-ਥਪਾਉਂਦਿਆਂ ਕਿਹਾ।

ਗੁਰੀ ਯਾਰ ਸਾਡਾ ਬੁੜ੍ਹਾ ਨੀਂ ਛਕਣ ਦਿੰਦਾ ਅੰਮ੍ਰਿਤ... ਕਹਿੰਦਾ ਪਤਾ ਨੀਂ ਅਗਲਿਆਂ ਕਿੱਥੇ ਮੁਕਾਬਲਾ ਬਣਾ ਧਰਨਾ, ਲਾਸ਼ ਵੀ ਨੀਂ ਲੱਭਣੀ.... ਲਾਵਾਰਿਸ ਕਹਿ ਕੇ ਹੱਥ ਝਾੜ ਲੈਣਗੇ, ਨਾਲੇ ਸਾਡੇ ਪੂੜੇ ਕੁਟਾਏਂਗਾ.... ਤੇਰੇ ਅਰਗੇ ਮੁੱਛ-ਫੁੱਟਾਂ ਜਿਆਂ ਤੇ ਤਾਂ ਬਾਜ਼ ਅੱਖ ਰੱਖੀ ਹੋਈ ਆ ਸਰਕਾਰ ਨੇ... ਨਾਲੇ ਗੁਰੀ ਮੇਰਾ ਪਿਉ ਕਿਹੜਾ ਤੇਰੇ ਬਾਪੂ ਅਰਗਾ ਬਈ ਤਿੰਨ ਫੁੱਟੀ ਨੀਂ ਛੱਡਦਾ, ਤੂੰ ਕਰਮਾਂ ਆਲਾਂ ਬਈ.... ਸਾਡਾ ਬੁੜ੍ਹਾ ਤਾਂ ਵਿਸਕੀ

ਦਾ ਅਧੀਆ ਠੋਕੇ ਬਿਨਾਂ ਰੋਟੀ ਨੀਂ ਖਾਂਦਾ.... ਮੈਨੂੰ ਕਿੱਥੇ ਅੰਮ੍ਰਿਤ.... ਬੱਸ ਬਾਈ ਵਾਹਿਗੁਰੂ ਪੰਥ ਦੀ ਤੇ ਪੰਜਾਬ ਦੀ ਚੜ੍ਹਦੀਕਲਾ ਰੱਖੇ... ਸ਼ਵਿੰਦਰ ਨੇ ਘਾਹ 'ਤੇ ਚੌਂਕੜਾ ਮਾਰਦਿਆਂ ਆਖਿਆ।

ਯਾਰ ਗੁਰੀ ਗੀਤ ਭੈਣ ਨੀਂ ਆਈ ਅੱਜ ਅਜੇ ਤਾਈਂ....!!!!

"....ਆਉਣ ਵਾਲੀ ਹੋਊ ਉਹਦਾ 'ਕੈਮਿਸਟਰੀ' ਦਾ ਲੈਕਚਰ ਹੁੰਦਾ ਇਸ ਟਾਈਮ..... ਗੁਰੀ ਨੇ ਸ਼ਵਿੰਦਰ ਦੀ ਗੱਲ ਦਾ ਜਵਾਬ ਦਿੱਤਾ।

ਅੱਛਾ... ਬਾਈ ਤੂੰ ਬੜੀ ਖ਼ਬਰ ਰੱਖਦਾਂ ਅੱਜਕੱਲ੍ਹ ਗੀਤ ਦੇ ਲੈਕਚਰਾਂ ਦੀ.... ਅਗਲੀ ਡੀ.ਐਸ.ਪੀ. ਦੀ ਕੁੜੀ ਆ.... ਡੀ.ਐਸ.ਪੀ. ਵੀ ਸਿਰੇ ਦਾ ਬੇਕਿਰਕ ਅਫ਼ਸਰ ਆ.....ਅਗਲੇ ਨੂੰ ਹਾਕਮ ਸਿੰਘ ਝੋਟੇ ਕੁੱਟ ਕਹਿੰਦੇ ਆ.....ਸੁਣਿਆ ਬਈ ਜਦੋਂ ਇੰਟੈਰੋਗੇਟ ਕਰਦਾ ਨਾ.....ਫਿਰ ਕੰਧਾਂ ਵੀ ਬੋਲਦੀਆਂ.... ਸ਼ਵਿੰਦਰ ਨੇ ਗੁਰੀ ਨੂੰ ਮਖੌਲ ਕਰਦਿਆਂ ਆਖਿਆ....

ਨਈ ਯਾਰ ਸ਼ਵਿੰਦਰ.....ਗੀਤ ਬਾਰੇ ਏਦਾਂ ਦੀ ਤਾਂ ਕੋਈ ਗੱਲ ਨੀਂ, ਓਦਾਂ ਕੁੜੀ ਚੰਗੀ ਆ ਗੀਤ, ਪਤਾ ਨੀ ਕਿਵੇਂ ਚੋਰਾਂ ਦੇ ਘਰ ਸਾਧ ਨੇ ਜਨਮ ਲੈ ਲਿਆ.... ਗੀਤ ਦਾ ਪਿਉ ਬੜਾ ਬੇਰਹਿਮ ਅਫਸਰ ਆ, ਜੀਹਨੂੰ ਚੱਕ ਲੈਂਦਾ ਪੰਜ਼ਾਹ ਹਜ਼ਾਰ ਤੋਂ ਘੱਟ ਖਹਿੜਾ ਨੀਂ ਛੱਡਦਾ.....ਮੈਂ ਤਾਂ ਇਹ ਵੀ ਸੁਣਿਆ ਸੀ ਬਈ ਖਾਲ਼ਸਾ ਕਾਲਜ਼ ਦੇ ਦੋ ਮੁੰਡੇ ਪਿਛਲੇ ਮਹੀਨੇ ਲਾਪਤਾ ਹੋਏ ਸੀ ਜਿਹੜੇ.... ਉਹਨਾਂ ਪਿੱਛੇ ਵੀ ਹਾਕਮ ਸਿਹੁ ਦਾ ਈ ਹੱਥ ਸੀ, ਮੁੰਡੇ ਗ਼ਰੀਬ ਘਰਾਂ ਦੇ ਸੀ ਪਤਾ ਨੀਂ ਕੀ ਬੀਤੀ ਹੋਊਗੀ ਵਿਚਾਰਿਆਂ ਨਾਲ.....

ਹੋ ਸਕਦਾ ਗੁਰੀ.... ਪਤਾ ਨੀਂ... ਹਰ ਗਿੱਲੀ ਸੁੱਕੀ ਬਲ਼ਦੀ ਆ, ਅੱਗ ਈ ਇਹੋ ਜੀ ਲੱਗੀ ਆ ਪੰਜਾਬ 'ਚ ਇਹਨਾਂ ਦੇ ਮੂੰਹ ਨੂੰ ਖ਼ੂਨ ਲੱਗ ਗਿਆ, ਹੁਣ ਤਾਂ ਰੱਬ ਈ ਰਾਖਾ..... ਗੀਤ ਨੂੰ ਵਿਚਾਰੀ ਨੂੰ ਐਵੇਂ ਬਾਡੀਗਾਰਡ ਘੇਰੀ ਰੱਖਦੇ ਆ.... ਤਿੰਨ ਜਾਣੇ ਰੋਜ਼ ਪੱਕੇ ਆਉਂਦੇ ਆ ਨਾਲ ਯੂਨੀਵਰਸਿਟੀ... ਕਰਤੂਤਾਂ ਪਿਉ ਕਰਦਾ ਖ਼ਤਰਾ ਵਿਚਾਰੀ ਮਾਸੂਮ ਜੀ ਕੁੜੀ ਨੂੰ ਵੀ ਹੋਇਆ ਪਿਆ.... ਗੁਰੀ ਮੈਨੂੰ ਲੱਗਦਾ ਗੀਤ ਨੂੰ ਐਨਾ ਨੀਂ ਪਤਾ ਹੋਣਾ ਆਪਦੇ ਪਿਉ ਬਾਰੇ.... ਊਂ ਵੀ ਆਪਣੇ ਖ਼ੂਨ 'ਤੇ ਮਾਣ ਹੁੰਦਾ ਬਈ....

ਆਹ ਲੈ.....!!!! ਆ ਗਈ ਗੀਤ, ਹੁਣੇ ਤੇਰੀਆਂ ਈ ਗੱਲਾਂ ਕਰਦੇ ਸੀ ਭੈਣੇ.... ਸ਼ਵਿੰਦਰ ਨੇ ਗੀਤ ਨੂੰ ਵੇਂਹਦਿਆਂ ਆਖਿਆ.....

ਸਤਿ ਸ੍ਰੀ ਅਕਾਲ ਵੀਰ ਜੀ.... ਹੈਲੋ ਗੁਰੀ

ਸਤਿ ਸ੍ਰੀ ਅਕਾਲ ਭੈਣੇ....

ਹੈਲੋ.... ਗੀਤ

ਕਿੱਦਾਂ ਭੈਣੇ ਅੱਜ ਲੈਕਚਰ ਦੋ ਸੀ ਲਗਾਤਾਰ... ਸ਼ਵਿੰਦਰ ਨੇ ਗੀਤ ਨੂੰ ਪੁੱਛਿਆ....

ਹਾਂ ਜੀ ਵੀਰ ਜੀ, ਕੈਮਿਸਟਰੀ ਤੇ ਫਿਜ਼ਿਕਸ ਦੋਵੇਂ...... ਹੋਰ ਸੁਣਾਉ ਕਿੱਦਾਂ ਚੱਲਦੀ ਆ ਤੁਹਾਡੀ ਐਮ.ਏ. ਪਾਲੀਟਿਕਸ ....???

ਠੀਕ ਆ ਭੈਣ..... ਧੂੜ 'ਚ ਟੱਟੂ ਭਜਾਈ ਜਾਨੇ ਆਂ.... ਸ਼ਵਿੰਦਰ ਨੇ ਹੱਸਦਿਆਂ ਆਖਿਆ।

ਗੁਰੀ ਮੈਨੂੰ ਪਤਾ ਲੱਗਿਆ ਸੀ ਤੁਹਾਡਾ ਜਰਨਲਿਜ਼ਮ ਵਾਲਿਆਂ ਦਾ ਟੂਰ ਜਾਣਾ ਚੰਡੀਗੜ੍ਹ, ਇੱਕ ਅਖ਼ਬਾਰ ਦੇ ਦਫ਼ਤਰ.... ਗੀਤ ਨੇ ਗੁਰੀ ਵੱਲ ਵੇਂਹਦਿਆਂ ਪੁੱਛਿਆ।

ਹਾਂ ਗੀਤ, ਜਾਣਾ ਹੈ ਟੂਰ ਅਗਲੇ ਵੀਕ.... ਗੁਰਸ਼ੇਰ ਨੇ ਗੀਤ ਦੀ ਗੱਲ ਦਾ ਜਵਾਬ ਦਿੱਤਾ।

ਯਾਰ ਗੁਰੀ ਥੋਡੇ ਕੰਮ ਵਧੀਆ ਫਿੱਟ ਆਇਆ ਜਰਨਲਿਜ਼ਮ ਵਾਲਿਆਂ ਦੇ..... ਪਤੰਦਰੋ ਟੂਰ ਜਾ ਕੱਢੀ ਰੱਖਦੇਂ ਓ ਕੋਈ ਨਾ ਕੋਈ... ਵਧੀਆ ਬਾਈ ਜੀਅ ਲੱਗਿਆ ਰਹਿੰਦਾ .....ਅਸੀਂ ਤਾਂ ਇਹੋ ਜੇ ਘੇਰੇ ਆਂ ਰਾਜਨੀਤੀ ਸਾਸ਼ਤਰ ਨੇ.... ਪ੍ਰੋਫੈਸਰਾਂ ਦੇ ਮੂੰਹ ਕੰਨੀ ਓ ਈ ਝਾਕੀ ਜਾਂਦੇ ਰਹਿੰਨੇ ਆਂ, ਨਾ ਕਿਤੇ ਜਾਣਾ ਨਾ ਆਉਣਾ.... ਕੰਜ਼ਰ ਦੇ ਹੁਣ ਮਾਰਕਸ ਦੇ 'ਦਾਲੇ ਹੋਏ ਆ..... ਮੈਂ ਸੁਣਿਆਂ ਗੁਰੀ ਲੰਡਨ 'ਚ ਬੁੱਤ ਲੱਗਿਆ ਮਾਰਕਸ ਦਾ, ਆਏਂ ਤਾਂ ਨੀਂ ਯੂਨੀਵਰਸਿਟੀ ਆਲਿਆਂ ਨੂੰ ਬਈ ਜੁਆਕਾਂ ਦਾ ਗੇੜਾ ਈ ਘੜਾ ਲਿਆਈਏ, ਕਿਤਾਬਾਂ ਚੋਂ ਈ ਮਾਰਕਸ ਦਿਖਾਈ ਜਾਂਦੇ ਆ.... ਸ਼ਵਿੰਦਰ ਦੀਆਂ ਗੱਲਾਂ ਸੁਣਕੇ ਸਾਰੇ ਹੱਸਣ ਲੱਗਦੇ ਹਨ।

ਸ਼ਵਿੰਦਰ ਵੀਰੇ ਤੁਹਾਡੇ ਪਾਪਾ ਦਾ ਕੀ ਹਾਲ ਆ ਹੁਣ, ਸੁਣਿਆ ਸੀ ਢਿੱਲੇ ਹੋ ਗਏ ਸੀ ਪਿਛਲੇ ਦਿਨੀਂ.... ਗੀਤ ਬੋਲੀ....

ਕੁਝ ਨੀਂ ਭੈਣੇ ਬੁੜ੍ਹਾ ਸਾਡਾ ਨੌਂ-ਬਰ-ਨੌਂ ਆ, ਜਣੇ-ਖਣੇ ਨੂੰ ਨੇੜੇ ਨੀ ਲੱਗਣ ਦਿੰਦਾ, ਗੱਲੀਂ ਬਾਤੀਂ ਪੂਰਾ ਲੀਡਰ ਆ ਬਾਪੂ ਸਾਡਾ... ਸ਼ਵਿੰਦਰ ਨੇ ਜਵਾਬ ਦਿੱਤਾ।

ਸ਼ਵਿੰਦਰ ਤੇਰੇ ਡੈਡੀ ਨੇ ਕੋਈ ਅਹੁਦਾ ਬਗੈਰਾ ਵੀ ਛੱਡਿਆ ਸੀ ਪਾਰਟੀ ਦਾ... ਚੁਰਾਸੀ ਵੇਲੇ....???ਗੁਰੀ ਨੇ ਪੁੱਛਿਆ.....

ਹਾਂ ਬਾਈ, ਛੱਡਿਆ ਤਾਂ ਕਾਹਦਾ ਸੀ, ਛੁਡਾ ਲਿਆ ਸੀ ਅਗਲਿਆਂ....

................

ਸ਼ਵਿੰਦਰ ਪੂਰਾ ਸੱਚ ਧੁੱਤ ਸੀ, ਉਹਦੀਆਂ ਗੱਲਾਂ 'ਚ ਕੋਈ ਵਲ਼-ਫੇਰ ਜਾਂ ਚੁਸਤ ਚਲਾਕੀ ਨਹੀਂ ਸੀ, ਇਸੇ ਕਰਕੇ ਉਹਦੀ ਗੁਰਸ਼ੇਰ ਤੇ ਗੀਤ ਨਾਲ ਚੰਗੀ ਨਿਭਦੀ ਸੀ, ਗੀਤ ਬੇਸ਼ੱਕ ਬੀ.ਐਸ.ਸੀ. ਫਾਈਨਲ ਯੀਅਰ ਦੀ ਸਟੂਡੈਂਟ ਸੀ ਤੇ ਗੁਰਸ਼ੇਰ ਐਮ.ਏ. ਜਰਨਲਿਜ਼ਮ ਦੇ ਦੂਜੇ ਸਾਲ ਦਾ ਵਿਦਿਆਰਥੀ, ਪੜ੍ਹਾਈ ਤਿੰਨਾਂ ਦੀ ਵੱਖੋ-ਵੱਖਰੀ ਪਰ ਵਿਚਾਰ ਮਿਲਦੇ ਸੀ। ਗੁਰਸ਼ੇਰ ਤੇ ਸ਼ਵਿੰਦਰ ਤਾਂ ਪਿਛਲੇ ਸਾਲ ਉਦੋਂ ਮਿਲੇ ਸੀ ਜਦੋਂ ਦੋਵੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਐਮ.ਏ. ਕਰਨ ਲਈ ਆਏ ਸੀ ਪਰ ਗੀਤ ਇਸੇ ਸਾਲ ਯੂਨੀਵਰਸਿਟੀ 'ਚ ਚੰਡੀਗੜ੍ਹ ਤੋਂ ਮਾਈਗ੍ਰੇਟ ਹੋ ਕੇ ਆਈ ਸੀ। ਉਹਦੇ ਡੈਡੀ ਡੀ.ਐਸ.ਪੀ. ਹਾਕਮ ਸਿੰਹੁ ਦੀ ਬਦਲੀ ਮਸਾਂ ਅੱਠ ਕੁ ਮਹੀਨੇ ਪਹਿਲਾਂ ਇਸ ਇਲਾਕੇ 'ਚ ਹੋਈ ਸੀ ਪਰ ਅੱਠਾਂ ਮਹੀਨਿਆਂ ਵਿੱਚ ਈ ਲੋਕ ਉਸ ਦੇ ਨਾਮ ਤੋਂ ਕੰਬਦੇ ਸਨ।

ਗੀਤ ਦੀ ਗੁਰਸ਼ੇਰ ਨਾਲ ਜਾਣ-ਪਛਾਣ ਪਹਿਲੇ ਦਿਨ ਉਦੋਂ ਈ ਹੋ ਗਈ ਸੀ ਜਦੋਂ ਯੂਨੀਵਰਸਿਟੀ ਦੇ ਕੁਝ ਮਸ਼ਟੰਡੇ.... ਕੁੜੀਆਂ ਨਾਲ ਰੈਗਿੰਗ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਗੁਰਸ਼ੇਰ ਨੇ ਦਖ਼ਲਅੰਦਾਜ਼ੀ ਕਰਕੇ ਰੈਗਿੰਗ ਰੁਕਵਾਈ ਸੀ। ਗੁਰਸ਼ੇਰ ਦਾ ਅੰਮ੍ਰਿਤਧਾਰੀ ਸਿੱਖ ਹੋਣ ਕਰਕੇ ਯੂਨੀਵਰਸਿਟੀ 'ਚ ਕਾਫੀ ਦਬਦਬਾ ਸੀ ਕਿਉਂਕਿ ਇਹ ਦੌਰ ਸਮੁੱਚੇ ਪੰਜਾਬ ਵਿੱਚ ਖਾੜਕੂ ਲਹਿਰ ਦੀ ਚੜ੍ਹਦੀਕਲਾ ਦਾ ਸੀ.... ਬੇਸ਼ੱਕ ਇਹਨਾਂ ਅੱਠਾਂ ਮਹੀਨਿਆਂ ਵਿੱਚ ਕਾਫ਼ੀ ਕੁਝ ਬਦਲ ਗਿਆ ਸੀ, ਲਹਿਰ ਵਿੱਚ ਬਹੁਤ ਸਾਰੇ ਕੈਟ ਦਾਖ਼ਲ ਹੋ ਚੁੱਕੇ ਸਨ... ਤੇ ਹੁਣ ਵੇਲ਼ੇ.... ਉਹ ਨਹੀਂ ਰਹਿ ਗਏ ਸਨ... ਹੁਣ ਮੁਖ਼ਬਰ ਮੁਖ਼ਬਰੀ ਕਰਨ ਵੇਲ਼ੇ ਡਰਦੇ ਨਹੀਂ ਸੀ.... ਪੁਲਿਸ ਦੀ ਪੂਰੀ ਸੁਰੱਖਿਆ ਉਹਨਾਂ ਨੂੰ ਅੰਦਰਖਾਤੇ ਮੁਹੱਈਆ ਸੀ.... ਉਂਜ ਵੀ ਕੈਟਾਂ ਦੀ ਵਜ੍ਹਾ ਕਰਕੇ ਸਰਕਾਰ ਲਹਿਰ ਨੂੰ ਲੋਕਾਂ ਨਾਲੋਂ ਤੋੜਨ ਵਿੱਚ ਕੁਝ ਹੱਦ ਤੱਕ ਕਾਮਯਾਬ ਹੋ ਚੁੱਕੀ ਸੀ।

...............

ਵੀਰੇ ਕਿਹੜੇ ਅਹੁਦੇ ਦੀ ਗੱਲ ਕਰਦੇ ਓ....!!!! ਮੈਨੂੰ ਵੀ ਦੱਸੋ ਤਾਂ... ਗੀਤ ਨੇ ਸ਼ਵਿੰਦਰ ਨੂੰ ਪੁੱਛਿਆ।

ਗੱਲ ਤਾਂ ਕਾਹਦੀ ਆ ਭੈਣੇ... ਜਦੋਂ ਚੁਰਾਸੀ ਵੇਲੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸਰਕਾਰ ਨੇ.... ਉਦੋਂ ਬਹੁਤ ਸਾਰੇ ਸਿੱਖਾਂ ਨੇ ਰੋਸ ਵਜੋਂ ਆਪੋ-ਆਪਣੇ ਅਹੁਦੇ, ਸਨਮਾਨ, ਰੁਤਬੇ ਹਿੰਦੁਸਤਾਨ ਸਰਕਾਰ ਨੂੰ ਵਾਪਸ ਕਰ ਦਿੱਤੇ ਸੀ। ਮੇਰਾ ਡੈਡੀ ਉਦੋਂ ਬਲਾਕ ਸੰਮਤੀ ਦਾ ਮੈਂਬਰ ਹੁੰਦਾ ਸੀ ਕਾਂਗਰਸ ਪਾਰਟੀ ਵੱਲੋਂ... ਸਾਡੇ ਪਿੰਡ ਆਲਮਪੁਰੇ ਦੇ ਦੋ ਮੁੰਡੇ ਖਾੜਕੂਆਂ ਵਿੱਚ ਰਲ਼ਗੇ

ਸੀ.... ਮੰਮੀ ਮੇਰੀ ਘਰੇਲੂ ਜੀ ਔਰਤ ਆ, ਨਰਮ ਸੁਭਾਅ ਦੀ.....ਦੋ ਭਰਾ ਨੇ ..... ਮੇਰੇ ਤੋਂ ਛੋਟੇ.... ਉਦੋਂ ਕਈ ਥਾਈਂ ਸਿੰਘਾਂ ਨੇ ਅਪੀਲਾਂ ਕੀਤੀਆਂ ਸੀ ਕਿ ਜਿਨ੍ਹਾਂ ਸਿੱਖਾਂ ਕੋਲ਼ ਇਸ ਪਾਰਟੀ ਦੇ ਜਾਂ ਸਰਕਾਰੀ ਅਹੁਦੇ ਆ.... ਰੋਸ ਵਜੋਂ ਵਾਪਸ ਕਰ ਦਿਓ ਸਰਕਾਰ ਨੂੰ .... ਕਿਹਾ ਤਾਂ ਕਿਸੇ ਨੂੰ ਕੁਛ ਨੀਂ ਸੀ ਖਾੜਕੂਆਂ ਨੇ ਪਰ ਮੇਰੀ ਮਾਂ ਕਹਿਣ ਲੱਗੀ ਬਾਪੂ ਨੂੰ.....ਆਪਾਂ ਕੀ ਢੂਹੇ 'ਚ ਲੈਣੀ ਆਂ ਮੈਂਬਰੀ ਬਲਾਕ ਸੰਮਤੀ ਦੀ.... ਜੁਆਕ ਰੁਲ਼ ਜਾਣਗੇ, ਛੱਡ ਪਰੇ ਐਵੇਂ ਫਾਨਾ ਗਲ਼ 'ਚ ਪਾਇਆ....

ਸਾਡਾ ਬਾਪੂ ਪਹਿਲਾਂ ਤਾਂ ਟਾਲ਼-ਮਟੋਲ਼ ਜੀ ਕਰੇ ਕਿਉਂਕਿ ਲੀਡਰੀ ਦਾ ਚਾਅ ਤਾਂ ਬਾਪੂ ਨੂੰ ਸੁੱਖ ਨਾ ਸਾਡੀ ਸੁਰਤ ਤੋਂ ਪਹਿਲਾਂ ਦਾ ਈ ਆ.. ਬੱਸ 'ਕੱਲਾ ਸਕੂਲ 'ਚ ਮਨੀਟਰ ਨੀਂ ਬਣਿਆ ਗਿਆ ਹੋਣਾ ਕਿਉਂਕਿ ਪਾਸ ਈ ਮਸਾਂ ਹੁੰਦਾ ਸੀ ਬਾਪੂ ਸਾਡਾ... ਨਹੀਂ ਤਾਂ ਹੋਰ ਹਰ ਥਾਂ ਲੱਤ ਫਸਾਈ ਰੱਖਦਾ... ਸ਼ਵਿੰਦਰ ਨੇ ਹੱਸ ਕੇ ਤਾੜੀ ਮਾਰਦਿਆਂ ਗੱਲ ਅੱਗੇ ਤੋਰੀ......

ਉਨ੍ਹੀਂ ਦਿਨੀਂ ਮੇਰਾ ਖ਼ਿਆਲ...!!! ਕੈਪਟਨ ਨੇ ਵੀ ਪਾਰਲੀਮੈਂਟ ਦੀ ਮੈਂਬਰੀ ਤੋਂ ਤਿਆਗ਼-ਪੱਤਰ ਦਿੱਤਾ ਸੀ ਰੋਸ ਵਜੋਂ ਈ... ਬੱਸ ਫੇਰ ਕੀ ਸੀ...!!!! ਸਾਡੇ ਬਾਪੂ ਨੂੰ ਵੀ ਆ ਗਿਆ ਜੋਸ਼... ਹੁਣ ਤਾਂ ਬਾਪੂ ਸਾਡਾ ਕੁਰਬਾਨੀ ਆਲੇ ਮਸਲੇ ਤੇ ਕੈਪਟਨ ਤੋਂ ਘੱਟ ਨੀਂ ਕਹਾਉਂਦਾ.... ਸਾਰਿਆਂ ਨੇ ਗੱਲ ਹਾਸੇ ਪਾ ਲਈ.....

ਵੀਰੇ ਫੇਰ ਨੀਂ ਅੰਕਲ ਬਣੇ ਮੈਂਬਰ ਦੁਬਾਰਾ....???

ਕਿੱਥੇ ਭੈਣ.... ਫੇਰ ਦਾਅ ਈ ਨੀਂ ਲੱਗਿਆ... ਹੁਣ ਪਿੱਛੇ ਜੇ ਜਿਲ੍ਹਾ ਪ੍ਰਧਾਨਗੀ ਮਿਲੀ ਆ ਬਾਪੂ ਨੂੰ ... ਊਂ ਮਾੜੀ ਮੋਟੀ ਚਲਦੀ ਹੈਗੀ ਆ ਥਾਣੇ-ਕਚਹਿਰੀ... ਆਹ ਯੂਨੀਵਰਸਿਟੀ 'ਚ ਹੋਸਟਲ ਦਾ ਕਮਰਾ ਬਾਪੂ ਦੀ ਮਿਹਰਬਾਨੀ ਨਾਲ ਹੀ ਮਿਲਿਆ ਆਪਾਂ ਨੂੰ ....

ਪਹਿਲਾਂ ਤਾਂ ਬਾਪੂ ਨੂੰ ਲੋਕ ਨੈਬਾ ਈ ਕਹੀ ਜਾਂਦੇ ਹੁੰਦੇ ਸੀ, ਹੁਣ ਤਾਂ ਸਰਦਾਰ ਨਾਇਬ ਸਿੰਘ ਗਰੇਵਾਲ ਕਹਿ ਕੇ ਬੁਲਾਉਂਦੇ ਆ.....

ਊਂ ਵੀਰੇ.... ਚੁਰਾਸੀ ਵੇਲੇ ਜੋ ਵੀ ਹੋਇਆ ਬਹੁਤ ਗਲਤ ਹੋਇਆ.... ਸਿੱਖ ਕੌਮ ਤੇ ਅਥਾਹ ਜ਼ੁਲਮ ਕੀਤਾ ਗਿਆ..... ਸੰਤ ਜਰਨੈਲ ਸਿੰਘ ਬਾਰੇ ਮੈਨੂੰ ਬਹੁਤਾ ਤਾਂ ਨੀਂ ਪਤਾ ਕਿ ਉਹ ਹਨ ਵੀ ਜਾਂ ਨਹੀਂ, ਕਈ ਕਹਿੰਦੇ ਆ ਕਿ ਸੰਤ ਜ਼ਿੰਦਾ ਨੇ....ਤਕਰੀਬਨ ਛੇ ਸਾਲ ਗੁਜ਼ਰ ਚੱਲੇ ਨੇ..... ਜੂਨ ਚੁਰਾਸੀ ਲੰਘਿਆਂ ਅਜੇ ਤੱਕ ਸੰਤਾਂ ਬਾਰੇ ਕੋਈ ਸਪਸ਼ਟ ਸੂਚਨਾ ਨਹੀਂ ਮਿਲ ਸਕੀ... ਇੱਕ ਗੱਲ ਤਾਂ ਹੈ ਕਿ 'ਇੰਡੀਅਨ ਗੌਰਮਿੰਟ' ਨੇ ਸੰਤ ਜਰਨੈਲ

ਸਿੰਘ ਨੂੰ ਸਮਝਣ ਵਿੱਚ ਵੱਡੀ ਗਲਤੀ ਕੀਤੀ..... ਮੈਨੂੰ ਤਾਂ ਉਹਨਾਂ ਦੀ ਕੋਈ ਵੀ ਮੰਗ ਫਿਰਕੂ ਨਹੀਂ ਲੱਗੀ ਤੇ ਨਾ ਹੀ ਇਦਾਂ ਦੀ ਸੀ ਜੋ ਸਰਕਾਰ ਨਾ ਮੰਨ ਸਕੇ.... ਜਾਣ-ਬੁੱਝ ਕੇ ਮਾਹੌਲ ਸਿਰਜਿਆ ਗਿਆ ਜਾਪਦੈ.... ਗੀਤ ਨੇ ਪੰਜਾਬ ਦੇ ਹਾਲਾਤਾਂ ਬਾਰੇ ਆਪਣੀ ਰਾਇ ਰੱਖਦਿਆਂ ਕਿਹਾ....

ਗੀਤ ਲੱਗਦਾ ਨਹੀਂ ਕਿ ਤੂੰ ਡੀ.ਐਸ.ਪੀ. ਹਾਕਮ ਸਿੰਘ ਦੀ ਕੁੜੀ ਐਂ.... ਕਾਸ਼.....!!!! ਆਨੰਦਪੁਰ ਦੇ ਮਤੇ 'ਤੇ ਇਮਾਨਦਾਰੀ ਨਾਲ ਵਿਚਾਰ ਕੀਤਾ ਜਾਂਦਾ ਤੇ ਸਿੱਖ ਨੌਜੁਆਨਾਂ ਦਾ ਏਨਾ ਘਾਣ ਨਾ ਹੁੰਦਾ..... ਗੁਰੀ ਨੇ ਠੰਢਾ ਹਉਕਾ ਭਰਦਿਆਂ ਕਿਹਾ....

ਪਰ ਕਰੂ ਕੌਣ.....???

ਇਹ ਰਾਜੀਵ ਤਾਂ ਇੰਦਰਾ ਨਾਲੋਂ ਵੀ ਦੋ ਰੱਤੀਆਂ ਵੱਧ ਕੇ ਆ.... ਬਹੁ-ਗਿਣਤੀ ਦੀਆਂ ਵੋਟਾਂ ਦੇ ਚੱਕਰ ਵਿੱਚ ਫਸੀ ਹੋਈ ਸਰਕਾਰ ਕਦੇ ਵੀ ਨਹੀਂ ਕਰੇਗੀ.... ਭਵਿੱਖ ਵਿੱਚ ਵੀ ਨਹੀਂ, ਸਾਲ਼ੀ ਗੰਦੀ ਰਾਜਨੀਤੀ... ਸ਼ਵਿੰਦਰ ਨੇ ਫੇਰ ਰਾਜਨੀਤੀ ਤੇ ਚੋਟ ਕੀਤੀ।

"..... ਤੇਰੀ ਗੱਲ ਬਿਲਕੁਲ ਸਹੀ ਆ ਸ਼ਵਿੰਦਰ... ਸੈਂਟਰ ਸਰਕਾਰ ਬਹੁ-ਗਿਣਤੀ ਭਾਈਚਾਰੇ ਨੂੰ ਖੁਸ਼ ਕਰਨ 'ਤੇ ਲੱਗੀ ਆ.... ਤੇ ਬਹੁ-ਗਿਣਤੀ ਦੀ ਖੁਸ਼ੀ ਘੱਟ ਗਿਣਤੀਆਂ ਦੇ ਘਾਣ 'ਚ ਛੁਪੀ ਆ..... ਅਸਲ 'ਚ ਇਹ ਵੋਟਤੰਤਰ ਦਾ ਸਿਸਟਮ ਈ ਪੁਆੜੇ ਦੀ ਜੜ ਬਣਿਆ ਪਿਆ।

ਡੈਮੋਕਰੇਸੀ ਰਾਜ ਕਰਨ ਦਾ ਇੱਕ ਚੰਗਾ ਤਰੀਕਾ ਮੰਨੀ ਗਈ ਹੈ ਪਰ, ਉਥੇ ਜਿੱਥੇ ਵੋਟਾਂ ਦੀ ਵਾਧ-ਘਾਟ ਕੀਤੇ ਬਿਨਾਂ ਹਰ ਭਾਈਚਾਰੇ ਦੀ ਰਾਇ ਹਮਦਰਦੀ ਨਾਲ ਸੁਣੀ ਜਾਵੇ, ਉਹਦੇ 'ਤੇ ਵਿਚਾਰ ਕੀਤਾ ਜਾਵੇ ਤੇ ਉਹਨੂੰ ਮਨੁੱਖੀ ਅਧਿਕਾਰਾਂ ਦੀ ਰੌਸ਼ਨੀ ਵਿੱਚ ਮੰਨਿਆ ਵੀ ਜਾਵੇ.... ਇੰਡੀਆ ਦੀ ਡੈਮੋਕਰੇਸੀ ਤਾਂ ਡਿਕਟੇਟਰਸ਼ਿਪ ਤੋਂ ਭੀ ਭੈੜੀ ਹੈ.... ਇੰਡੀਆ ਕਹਿਣ ਨੂੰ ਇੱਕ 'ਸੈਕੂਲਰ ਕੰਟਰੀ' ਆ.... ਪਰ ਅਸਲ ਵਿਚ ਮਨੂਵਾਦ ਦੀਆਂ ਨੀਤੀਆਂ ਦੇ ਅਧੀਨ ਕਾਇਮ ਕੀਤਾ ਗਿਆ ਇੱਕ ਕਰਮ-ਕਾਂਡੀ ਰਾਜ ਹੈ ਜਿਸ ਦੀ ਕਹਿਣੀ ਤੇ ਕਰਨੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਐ....."

ਗੀਤ ਗੁਰੀ ਦੀਆਂ ਗੱਲਾਂ ਨੂੰ ਬੜੇ ਗਹੁ ਨਾਲ ਸੁਣ ਰਹੀ ਸੀ। ਉਹ ਗੁਰਸ਼ੇਰ ਦੇ ਵਿਚਾਰਾਂ 'ਤੇ ਉਹਦੀ ਸੂਝ-ਬੂਝ ਦੀ ਕਾਇਲ ਸੀ। ਸਿਆਣੇ ਕਹਿੰਦੇ ਆ ਔਰਤ ਦੀ ਸੁੰਦਰਤਾ ਉਹਦੇ ਉੱਚੇ ਆਚਰਣ ਤੋਂ ਪਰਖੀ ਜਾਂਦੀ ਆ ਤੇ ਮਰਦ ਦੀ ਸੁੰਦਰਤਾ ਉਹਦੀ ਉੱਚੀ ਸੋਚ ਤੇ ਸੂਝ-ਬੂਝ ਤੋਂ....

"...ਜੇ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖ ਕੌਮ ਨਾਲ ਧੱਕਾ

ਕੀਤਾ ਤਾਂ ਕੁਝ ਨਾ ਕੁਝ ਹਿੱਸਾ ਸਾਡੇ ਲੀਡਰਾਂ ਨੇ ਵੀ ਪਾਇਆ ਹੋਣਾ..... ਇਹ ਗੱਲ ਪੱਕੀ ਆ ਸ਼ਵਿੰਦਰ... ਸਮਾਂ ਸਾਰੇ ਸੱਚ ਉਜਾਗਰ ਕਰ ਦਿੰਦਾ... ਇਤਿਹਾਸ ਰਹਿਬਰਾਂ ਦੀ ਵਫ਼ਾਦਾਰੀ ਤੇ ਗ਼ਦਾਰੀ ਦਾ ਨਿਰਣਾ ਕਰ ਦਿੰਦਾ.... ਅਜੇ ਸਮਾਂ ਥੋੜ੍ਹਾ ਹੋਇਆ..... ਤੂੰ ਵੇਖ ਲਵੀਂ.....ਆਹ ਅਕਾਲੀ-ਅਕੂਲੀ ਜੇ ਸਾਰੇ ਰਲ਼ੇ ਮਿਲ਼ੇ ਈ ਹੋਣਗੇ, ਚੋਰਾਂ ਨਾ ਕੁੱਤੀ ਰਲ਼ੀ ਲਗਦੀ ਆ... ਨਹੀਂ ਇਹ ਕਿਵੇਂ ਬਚਗੇ... ਸੌਂਹਾਂ ਤਾਂ ਇਹ ਵੀ ਬਰਾਬਰ ਚੱਕਦੇ ਸੀ ਧਰਮ ਯੁੱਧ ਮੋਰਚੇ 'ਚ... ਆਹ ਹਨੇਰ ਸਿੰਹੁ ਬਾਦਲ ਅਰਗੇ.... ਸੰਵਿਧਾਨ ਦੀਆਂ ਕਾਪੀਆਂ ਸਾੜ ਕੇ ਵੀ ਆਹ ਮੌਜਾਂ ਨਾ ਫਿਰਦੇ ਆ... ਸੰਤਾਂ ਤੇ ਤਾਂ ਕੋਈ ਐਡਾ 'ਐਲੀਗੇਸ਼ਨ' ਬਣਦਾ ਈ ਨਹੀਂ... ਜੇ ਕੇਂਦਰ ਸਰਕਾਰ ਲੱਗੀ ਓਈ ਸੀ ਸਾਡਾ ਘਾਣ ਕਰਨ.....ਤਾਂ ਜਿਹੜੇ-ਜਿਹੜੇ ਸਿੱਖ ਉਹਦੇ ਫਿੱਟ ਨਹੀਂ ਬਹਿੰਦੇ ਸੀ ਲੀਡਰਸ਼ਿਪ 'ਚੋਂ..... ਸਾਰਿਆਂ ਨੂੰ ਰਾਹ 'ਚੋਂ ਹਟਾ ਸਕਦੀ ਸੀ.....ਮੈਨੂੰ ਤਾਂ ਲਗਦਾ ਇਹ ਸਾਰੇ ਆਗਿਆਕਾਰੀ ਪੁੱਤ ਆ ...ਹੁਣ ਰਾਜ਼ੀਵ ਦੇ ਤੇ ਪਹਿਲਾਂ ਰਾਜ਼ੀਵ ਦੀ ਮਾਂ ਦੇ....ਜਿਹੜਾ ਨਹੀਂ ਮੰਨਦਾ ਸੀ, ਅਗਲਿਆਂ ਵਿੰਨ੍ਹਤਾ ਸੰਗੀਨਾ ਨਾ.... ਉਹ ਨਾ ਇਹਨਾਂ ਅੱਗੇ ਝੁਕਦਾ ਸੀ, ਨਾ ਇਹਨਾਂ ਦੇ ਆਕਾਵਾਂ ਅੱਗੇ..."

"..... ਸਹੀ ਗੱਲ ਆ ਗੁਰੀ ਤੇਰੀ.....ਸਿੱਖਾਂ ਨੂੰ ਤਾਂ ਇਹਦੇ ਲੀਡਰ ਈ ਲੈ ਡੁੱਬਦੇ ਆ... ਸ਼ਵਿੰਦਰ ਨੇ ਗੁਰੀ ਦੀ ਹਾਂ 'ਚ ਹਾਂ ਮਿਲਾਈ।

ਗੁਰੀ ਕੀ 'ਪਾਰਟੀਸ਼ਨ' ਵੇਲੇ ਸਿੱਖਾਂ ਦਾ ਕੁਛ ਬਣ ਸਕਦਾ ਸੀ....??? ਜਾਂ ਹੁਣ ਕੁਛ ਹੋ ਸਕੇਗਾ ਜਾਂ ਨਹੀ.....??? ਗੀਤ ਉਤਸੁਕਤਾ ਨਾਲ ਜਾਣਨਾ ਚਾਹੁੰਦੀ ਸੀ।

ਬਣ ਤਾਂ ਸਕਦਾ ਸੀ ਗੀਤ... ਪਰ ਗੱਲ ਫੇਰ ਲੀਡਰਸ਼ਿਪ 'ਤੇ ਆ ਕੇ ਖੜ੍ਹ ਜਾਂਦੀ ਆ... ਲੀਡਰਸ਼ਿਪ ਉਦੋਂ ਵੀ ਨਿਕੰਮੀ ਸੀ ਕੌਮ ਦੀ.... ਤੇ ਅੱਜ ਵੀ.... ਅਸਲ 'ਚ ਗੱਲ ਸਮਝਣ 'ਚ ਥੋੜ੍ਹਾ ਜਾ ਫਰਕ ਆ ਗੀਤ.... ਸਿਆਸਤ ਗਰੀਬ ਤੇ ਸੱਚੇ-ਸੁੱਚੇ ਬੰਦੇ ਦੇ ਬੱਸ ਦੀ ਗੱਲ ਨੀਂ ਹੈ ਇਸੇ ਕਰਕੇ ਇਤਿਹਾਸ ਦੇ ਦੱਬੇ-ਕੁਚਲੇ, ਲਤਾੜੇ ਤੇ ਸੱਚਾਈ ਦੇ ਹਾਮੀ ਲੋਕ ਯੋਧੇ ਹੋਏ ਨੇ, ਵਿਦਵਾਨ ਹੋਏ ਨੇ, ਪਰ ਵੋਟਾਂ ਰਾਹੀਂ ਚੁਣੇ ਹੋਏ ਲੀਡਰ ਨਹੀਂ ਹੋਏ.... ਜਿਹੜੇ ਇੱਕਾ-ਦੁੱਕਾ ਹੋਏ ਉਹਨਾਂ ਦੀ ਕਿਤੇ ਨਾ ਕਿਤੇ ਆਪ ਤੋਂ ਤਕੜਿਆਂ ਨਾਲ ਖਿਚੜੀ ਪੱਕੀ, ਸਮਝੌਤੇ ਹੋਏ, ਉਹਨਾਂ ਪਰਿੰਦਿਆਂ ਦੇ ਖੰਭ ਕੁਤਰੇ ਗਏ, ਬੰਦਿਸ਼ਾਂ ਲਾਈਆਂ ਗਈਆਂ, ਹੱਦਾਂ ਨਿਸ਼ਚਿਤ ਹੋਈਆਂ... ਖੈਰ ਸਾਡੀ ਕੌਮ ਦੀ ਇਹ ਬਦਕਿਸਮਤੀ ਰਹੀ.... ਪਤਾ ਨੀਂ ਤਾਂ ਨਿਕੰਮੇ ਬੰਦੇ ਲੀਡਰ ਬਣ ਜਾਂਦੇ ਆ, ਪਤਾ ਨਹੀਂ

ਲੀਡਰ ਬਣਿਆਂ ਨੂੰ ਨਿਕੰਮੇ ਕਰ ਲਿਆ ਜਾਂਦਾ... ਕੁਝ ਵੀ ਆ.... ਪਰ ਸਾਡੀ ਪੱਤ ਬੜੀ ਲੁਹਾਈ ਆ ਇਹਨਾਂ ਘੜੰਮ-ਚੌਧਰੀਆਂ ਨੇ.....

ਇਹੀ ਰੰਡੀ-ਰੋਣਾ ਪਾਰਟੀਸ਼ਨ ਵੇਲੇ ਰਿਹਾ ਜਦੋਂ ਬਲਦੇਵ ਸਿੰਹੁ ਦੁੰਮਣੇ ਨੂੰ ਪੁੱਛਿਆ ਅੰਗਰੇਜ਼ਾਂ.... ਬਈ ਥੋਡਾ ਕੀ ਵਿਚਾਰ ਆ ਤਾਂ ਲੀਡਰ ਸਾਹਿਬ ਕਹਿੰਦੇ:

"The Sikhs have no demand to make on the British except the demand that they should quit India. Whatever Political rights and aspirations the Sikhs have, they shall have satisfied through the goodwill of the Congress and the majority community".

ਭਾਵ "ਸਿੱਖਾਂ ਦੀ ਕੋਈ ਮੰਗ ਨਹੀਂ ਹੈ ਜੋ ਅੰਗਰੇਜ਼ਾਂ ਕੋਲੋਂ ਲੈਣਾ ਚਾਹੁੰਦੇ ਹਨ, ਉਹ ਆਪਣਾ ਫੈਸਲਾ ਸਿਧਾ ਕਾਂਗਰਸ ਨਾਲ ਆਪ ਕਰ ਲੈਣਗੇ। ਸਿੱਖਾਂ ਦੀ ਇੱਕੋ-ਇੱਕ ਮੰਗ ਹੈ ਉਹ ਇਹ ਕਿ ਅੰਗਰੇਜ਼ ਹਿੰਦੁਸਤਾਨ ਛੱਡ ਕੇ ਚਲੇ ਜਾਣ"

ਵਾਇਸਰਾਏ ਲਾਰਡ ਵੇਵਲ ਸਿੱਖਾਂ ਦੀ ਅਜਿਹੀ ਸੂਝ-ਬੂਝ ਤੋਂ ਬਹੁਤ ਦੁਖੀ ਹੋਇਆ ਉਹਨੇ ਇੱਕ ਜਗ੍ਹਾ ਜ਼ਿਕਰ ਵੀ ਕੀਤਾ,

"The Sikhs, who are in a position to negotiate on the spot, are disunited and poorely led. Master Tara Singh is stupid and emotional".

*(Waveill's Journal, London (1973), Page 427, Entry March 1947)*

4 ਜੂਨ 1947 ਦੀ ਪ੍ਰੈਸ ਕਾਨਫਰੰਸ ਵਿੱਚ ਵਾਇਸਰਾਏ ਨੇ ਜੋ ਕਿਹਾ ਉਹ ਕਾਫ਼ੀ ਸੀ :

"There are two main parties to this plan, the Congress and the Muslim League, but there is another community, much less numerous but of great importance - The Sikh Community have of course to be considered. I found that it was mainly at the request of the Sikh Community that Congress had put forward the resolution on the partition of the Punjab, and you will remember that in the words of that resolution they wished the Punjab to be divided between predominently Muslim and non-

Muslim area. It was, therefore, on that resolution, which the Sikhs themselves sponsered, that this division has been provided for. I was not aware of all the details when this suggestion was made, but when I sent for the map and studied the distribution of the Sikh population under this proposal. I must say that I was astounded to find that the plan which they had produced divided their community into two almost equal parts.

*(Extract from Viceroy's speech - 4th June, 1947)*

"ਇਸ ਪਲਾਨ ਦੀਆਂ ਦੋ ਪ੍ਰਮੁੱਖ ਪਾਰਟੀਆਂ ਹਨ - ਕਾਂਗਰਸ ਤੇ ਮੁਸਲਿਮ ਲੀਗ, ਪ੍ਰੰਤੂ ਇੱਕ ਹੋਰ ਭਾਈਚਾਰਾ ਵੀ ਹੈ, ਜਿਹੜਾ ਕਿ ਗਿਣਤੀ ਵਿੱਚ ਘੱਟ ਹੈ ਪਰ ਮਹੱਤਵਪੂਰਨ ਹੈ - ਉਹ ਹੈ ਸਿੱਖ ਭਾਈਚਾਰਾ। ਉਸ ਦਾ ਵੀ ਪੂਰਾ ਖ਼ਿਆਲ ਰੱਖਣਾ ਹੈ। ਜਿਸ ਨਿਰਣੇ 'ਤੇ ਮੈਂ ਪਹੁੰਚਾ ਹਾਂ, ਉਸ ਅਨੁਸਾਰ ਮੁੱਖ ਤੌਰ 'ਤੇ ਸਿੱਖਾਂ ਦੇ ਕਹਿਣ ਉੱਤੇ ਹੀ ਕਾਂਗਰਸ ਨੇ ਪੰਜਾਬ ਦੀ ਵੰਡ ਦਾ ਰੈਜ਼ੋਲੂਸ਼ਨ ਪੇਸ਼ ਕੀਤਾ। ਤੁਹਾਨੂੰ ਯਾਦ ਹੋਣਾ ਹੈ, ਉਸ ਰੈਜ਼ੋਲੂਸ਼ਨ ਦੀ ਸ਼ਬਦਾਵਲੀ ਅਨੁਸਾਰ ਸਿੱਖਾਂ ਨੇ ਪੰਜਾਬ ਨੂੰ ਵਿਸ਼ੇਸ਼ ਕਰਕੇ ਮੁਸਲਿਮ ਅਤੇ ਗੈਰ-ਮੁਸਲਿਮ ਹਿੱਸਿਆਂ ਵਿੱਚ ਵੰਡ ਦੇਣ ਦੀ ਖਾਹਿਸ਼ ਦੱਸੀ ਸੀ। ਇਹ ਵੰਡ ਐਨ ਸਿੱਖਾਂ ਵੱਲੋਂ ਪੇਸ਼ ਕੀਤੇ ਰੈਜ਼ੋਲੂਸ਼ਨ ਮੁਤਾਬਿਕ ਹੀ ਕੀਤੀ ਗਈ। ਜਦ ਵੰਡ ਦੀ ਤਜਵੀਜ਼ ਮੈਨੂੰ ਭੇਜੀ ਗਈ ਸੀ, ਮੈਂ ਇਸ ਦੇ ਵੇਰਵੇ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਸੀ, ਪਰ ਜਦ ਮੈਂ ਨਕਸ਼ਾ ਮਗਵਾਇਆ ਅਤੇ ਇਸ ਤਜਵੀਜ਼ ਅਧੀਨ ਸਿੱਖ ਕੌਮ ਦੇ ਦੋ ਹਿੱਸਿਆਂ ਵਿੱਚ ਵੰਡੇ ਜਾਣ ਨੂੰ ਧਿਆਨ ਨਾਲ ਵੇਖਿਆ ਤਾਂ ਮੈਂ ਉਕਾ ਹੀ ਹੱਕਾ ਬੱਕਾ ਰਹਿ ਗਿਆ ਅਤੇ ਬਹੁਤ ਦੁਖੀ ਹੋਇਆ। ਜਿਹੜੀ ਤਜਵੀਜ਼ ਉਹਨਾਂ ਪੇਸ਼ ਕੀਤੀ ਗਈ ਸੀ....ਉਸ ਨਾਲ ਉਹਨਾਂ ਦੀ ਕੌਮ ਤਕਰੀਬਨ ਦੋ ਇੱਕੋ ਜਿਹੇ ਟੁਕੜਿਆਂ ਵਿੱਚ ਵੰਡੀ ਜਾਣੀ ਸੀ"

".... ਗੀਤ ਸਾਡੇ ਨਿਕੰਮੇ ਲੀਡਰਾਂ ਦੀਆਂ ਗੱਦਾਰੀਆਂ ਦੀ ਦਾਸਤਾਨ ਕਾਫ਼ੀ ਲੰਮੀ ਐ....."

ਗੁਰੀ ਦੇ ਬੋਲ ਸੁਣਕੇ ਗੀਤ ਤ੍ਰਭਕ ਗਈ....

ਗੁਰੀ ਫੇਰ ਕੀ ਹੋਇਆ....??? ਜੇ ਵੇਵਲ ਦਿਲੋਂ ਫ਼ਿਕਰਮੰਦ ਸੀ ਪੰਜਾਬ ਪ੍ਰਤੀ ਤੇ ਸਿੱਖਾਂ ਪ੍ਰਤੀ ਤਾਂ ਕੀ ਕੁਝ ਕਰ ਨਹੀਂ ਸੀ ਸਕਦਾ....???? ਗੀਤ ਇੱਕੋ ਦਿਨ ਸਾਰਾ ਕੁਝ ਜਾਣ ਲੈਣਾ ਚਾਹੁੰਦੀ ਸੀ....

".... ਅੰਗਰੇਜ਼ ਕਰ ਤਾਂ ਸਕਦੇ ਸੀ ਗੀਤ ਪਰ ਜੇ ਸਾਡੇ ਲੀਡਰ

ਨਹਿਰੂ ਦੀ ਕੁੱਛੜ 'ਚੋਂ ਉਤਰਦੇ ਫੇਰ ਈ ਕਰਦੇ। ਜਦੋਂ ਇਹਨਾਂ ਨੇ ਕਹਿ ਦਿੱਤਾ ਕਿ ਨਹਿਰੂ ਦੀ ਕ੍ਰਿਪਾ ਨਾਲ ਸਾਰਾ ਕੁਝ ਲੈ ਲਵਾਂਗੇ, ਤੁਸੀਂ ਸਾਡਾ ਦੇਸ਼ ਛੱਡ ਕੇ ਚਲੇ ਜਾਓ... ਫੇਰ ਅਗਲਿਆਂ ਦੇ ਗੱਲ ਵੱਸੋਂ ਬਾਹਰ ਹੋ ਗਈ....

ਮੈਨੂੰ ਪਾਤਰ ਸਾਹਿਬ ਦੀ ਇੱਕ ਕਵਿਤਾ ਯਾਦ ਆਉਂਦੀ ਆ, ਵਿਚਾਰੇ ਪੰਜਾਬ ਬਾਰੇ.....

ਨਵੇਂ ਪੰਜਾਬ ਦੇ ਸ਼ਗਨਾਂ ਭਰੇ, ਆਸਾਂ ਭਰੇ ਦਿਨ ਤੇ
ਮੇਰੇ ਮਨਹੂਸ ਮਨ ਵਿੱਚ
ਸੋਗ ਦੀ ਇੱਕ ਲਹਿਰ ਚਲਦੀ ਹੈ
ਗੁਰੂ ਜਾਣੇ !!!!
ਖ਼ੁਦਾ ਜਾਣੇ !!!!
ਖ਼ੈਰ ਜਾਣੇ !!!!
ਮੇਰੀ ਰੂਹ ਵਿੱਚ ਖ਼ਬਰਨੀਂ ਰੂਹ ਕਿਸੇ ਗੱਦਾਰ ਦੀ ਹੀ
ਆ ਸਮਾਈ ਹੈ
ਜੋ ਮੇਰੇ ਬਦਸ਼ਗਨ ਬੋਲਾਂ ਵਿੱਚ
ਹੌਲੀ ਜਿਹੀ ਫੁੰਕਾਰਦੀ ਹੈ
ਢਾਈ ਨਦੀਆਂ ਦਾ ਇਹ ਪੰਜਾਬ
ਹੋਵੇਗਾ ਕਿਸੇ ਨੇਤਾ ਲਈ ਪੰਜਾਬ
ਮੈਂ ਨੇਤਾ ਨਹੀਂ ਹਾਂ
ਮੇਰੇ ਪੰਜਾਬ ਨੇ ਤਾਂ ਬਹੁਤ ਚਿਰ ਹੋਇਆ
ਖ਼ੁਦਕਸ਼ੀ ਕਰ ਲਈ ਸੀ
ਤੇ ਉਸਦੇ ਪੰਜਿਆਂ ਵਿਚੋਂ
ਕੋਈ ਆਇਤ, ਸ਼ਬਦ ਕੋਈ
ਸੀ ਲਿਖਿਆ ਇਸ ਤਰ੍ਹਾਂ ਮਿਲਿਆ :
ਮੇਰਾ ਕਾਤਿਲ ਨਹੀਂ ਕੋਈ
ਮੇਰੀ ਹੱਤਿਆ 'ਕਿਸੇ' ਹੱਥੋਂ ਨਹੀਂ ਹੋਈ
ਮੈਂ ਆਤਮਘਾਤ ਕੀਤਾ ਹੈ!
ਤੇ ਮੇਰੀ ਮੌਤ ਦਾ ਮਾਤਮ ਕਰਨ ਦਾ ਹੱਕ ਹੈ
ਕੇਵਲ ਹਵਾਵਾਂ ਨੂੰ

(ਸੁਰਜੀਤ ਪਾਤਰ)

ਗੁਰੀ.... ਯਾਰ ਪਾਤਰ ਸਾਹਿਬ ਵੀ ਬ-ਕਮਾਲ ਲਿਖਦੇ ਨੇ... ਹੁਣ ਤਾਂ ਸਿਆਸਤ ਨੇ ਢਾਈ ਦਰਿਆ ਵੀ ਨੀਂ ਛੱਡੇ ਪੰਜਾਬ ਕੋਲ.... ਇਹ ਵੀ

ਬੀਤੇ ਜ਼ਮਾਨੇ ਦੀਆਂ ਗੱਲਾਂ ਨੇ....

ਗੀਤ ਭੈਣੇ ਅਸੀਂ ਤਾਂ ਬੈਠੇ ਜੱਕੜ ਮਾਰੀ ਜਾਨੇ ਆਂ, ਤੂੰ ਆਪਦਾ ਲੈਕਚਰ ਅਟੈਂਡ ਕਰ ਲੈ ਜਿਹੜਾ ਬਾਕੀ ਆ.... ਸ਼ਵਿੰਦਰ ਨੇ ਗੁਰੀ ਵੱਲੋਂ ਸੁਣਾਈ ਕਵਿਤਾ ਦੇ ਜਵਾਬ ਨਾਲ-ਨਾਲ ਗੀਤ ਨੂੰ ਵੀ ਸੰਬੋਧਨ ਕੀਤਾ....

"....ਕੋਈ ਨਾ ਵੀਰ ਛੱਡ ਪਰੇ ਅੱਜ ਦਿਲ ਨੀਂ ਕਰਦਾ...."

ਫੇਰ ਗੁਰੀ ਸਿੱਖ ਲੀਡਰਾਂ ਨੇ ਵੇਵਲ ਨੂੰ ਕੋਈ ਰਾਹ ਨੀਂ ਦਿੱਤਾ....???? ਗੀਤ ਨੇ ਗੁਰੀ ਨੂੰ ਗੱਲ ਅੱਗੇ ਤੋਰਨ ਦਾ ਇਸ਼ਾਰਾ ਕੀਤਾ....

... ਰਾਹ ਤਾਂ, ਤਾਂ ਦਿੰਦੇ ਗੀਤ... ਜੇ ਮੂਹਰੋਂ ਨਹਿਰੂ ਰਾਹ ਦੇਣ ਜੋਗੇ ਛੱਡਦਾ, ਅਗਲਿਆਂ ਵਰਗਲਾਏ ਈ ਇਸ ਤਰ੍ਹਾਂ ਸੀ ਕਿ ਅੱਖਾਂ ਉਦੋਂ ਈ ਖੁੱਲ੍ਹੀਆਂ ਜਦੋਂ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਡਾਗਾਂ ਮੌਰਾਂ ਤੇ ਵਰ੍ਹਨ ਲੱਗੀਆਂ।

ਜਦੋਂ ਵੇਵਲ ਤੋਂ 4 ਜੂਨ 1947 ਦੀ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੇ ਉਹਦੀ 'ਸਟੇਟਮੈਂਟ' ਸੁਣੀ ਤਾਂ ਸਵਾਲ ਪੁੱਛਿਆ ਕਿ ਇਸ ਪਲਾਨ ਵਿੱਚ ਤੁਸੀਂ ਸਿੱਖਾਂ ਬਾਬਤ ਕੀ ਸੋਚਿਆ....??? ਤਾਂ ਉਹਨੇ ਜਵਾਬ ਦਿੱਤਾ:

"I must point out that the people who asked for the partition were Sikhs. The Congress took up their request and framed the resolution in the form they wanted. They wanted the Punjab to be divided into predeminatly Muslim and Non-Muslim areas. I have done exactly what the Sikhs requested me to do through the Congress. The request came to me as a tremendous shock as I like Sikhs. I am fond of them and wish them well. I am really sincere in my desire to help the Sikhs".

*(Questions and answers at the Viceroy's Conference)*

ਭਾਵ ਕਿ ਮੇਰੇ ਲਈ ਇਹ ਦੱਸ ਦੇਣਾ ਜਰੂਰੀ ਬਣਦਾ ਹੈ ਕਿ ਪੰਜਾਬ ਦੀ ਵੰਡ ਕਰਨ ਦੀ ਮੰਗ ਕਰਨ ਵਾਲੇ ਸਿੱਖ ਆਪ ਹੀ ਹਨ। ਕਾਂਗਰਸ ਨੇ ਉਹਨਾਂ ਦੀ ਫੁਰਮਾਇਸ਼ ਮੁਤਾਬਿਕ ਰੈਜ਼ੋਲੂਸ਼ਨ ਤਿਆਰ ਕੀਤਾ। ਪੰਜਾਬ ਨੂੰ ਉਹ ਮੁੱਖ ਤੌਰ 'ਤੇ ਮੁਸਲਿਮ ਤੇ ਗੈਰ-ਮੁਸਲਿਮ ਹਿੱਸਿਆਂ ਵਿੱਚ ਵੰਡਣਾ ਚਾਹੁੰਦੇ ਸਨ। ਮੈਂ ਐਨ ਉਵੇਂ ਹੀ ਕੀਤਾ ਜਿਵੇਂ ਕਿ ਕਾਂਗਰਸ ਰਾਹੀਂ ਉਹਨਾਂ ਨੇ ਚਾਹਿਆ ਹੈ। ਮੈਨੂੰ ਉਹਨਾਂ ਦੀ ਇਸ ਮੰਗ ਨਾਲ ਡਾਢਾ ਸਦਮਾ ਪਹੁੰਚਾ ਕਿਉਂਕਿ ਮੈਂ ਸਿੱਖਾਂ ਨੂੰ ਪਸੰਦ ਕਰਦਾ ਹਾਂ, ਮੇਰਾ ਸਿੱਖਾਂ ਨਾਲ ਸਨੇਹ ਹੈ ਅਤੇ ਮੈਂ ਉਹਨਾਂ ਦਾ

ਸ਼ੁਭ ਇਛੁੱਕ ਹਾਂ.... ਸਿੱਖਾਂ ਦੀ ਸਹਾਇਤਾ ਕਰਨ ਦੀ ਮੇਰੀ ਭਾਵਨਾ ਸੁਹਿਰਦ ਹੈ।

ਵਾਇਸਰਾਏ ਸਿੱਖ ਲੀਡਰਾਂ ਦੀ ਅਜਿਹੀ ਬੌਣੀ ਸੋਚ ਵੇਖਕੇ ਪ੍ਰੇਸ਼ਾਨ ਹੋ ਗਿਆ, ਵਾਰ-ਵਾਰ ਪੰਜਾਬ ਵੰਡ ਦੀ ਮੰਗ ਸਿੱਖਾਂ ਦੇ ਲੀਡਰ ਕਰਦੇ ਰਹੇ। ਇਸੇ ਕਾਨਫਰੰਸ ਵਿੱਚ ਵਾਇਸਰਾਏ ਅੱਗੇ ਬੋਲਿਆ:

The Viceroy said, He was mot distressed about the position of the Sikhs. He did no think that any single question had been discussed at such great length in london as this. He had repeatedly asked the Sikhs whether they desired the partition of Punjab, as they were so spread over that province that any partition would necessarily divide their community, and they had replied that they did.

...ਵਾਇਸਰਾਏ ਨੇ ਆਖਿਆ ਸਿੱਖਾਂ ਦੀ ਹਾਲਤ ਤੋਂ ਉਹ ਬਹੁਤ ਪੀੜ੍ਹਤ ਹੋਇਆ। ਉਸ ਦੇ ਖ਼ਿਆਲ ਵਿੱਚ ਲੰਡਨ ਵਿਖੇ ਕਿਸੇ ਵੀ ਹੋਰ ਮਸਲੇ ਉੱਤੇ ਇਤਨੀ ਤਫ਼ਸੀਲ ਵਿਚ ਵਿਚਾਰ ਨਹੀਂ ਹੋਈ ਜਿਤਨੀ ਕਿ ਸਿੱਖ ਮਸਲੇ 'ਤੇ। ਅੱਗੇ ਚੱਲਕੇ ਉਸ ਦੱਸਿਆ ਕਿ ਉਸ ਵਾਰ-ਵਾਰ ਸਿਖ ਲੀਡਰਾਂ ਨੂੰ ਪੁੱਛਿਆ ਕਿ ਕੀ ਉਹ ਪੰਜਾਬ ਨੂੰ ਵੰਡਣਾ ਚਾਹੁੰਦੇ ਹਨ ਜਦਕਿ ਉਹਨਾਂ ਦੀ ਕੌਮ ਸਾਰੇ ਸੂਬੇ ਵਿਚ ਖਿਲਰੀ ਪਈ ਹੈ ਅਤੇ ਵੰਡ ਨਾਲ ਉਹਨਾਂ ਦੀ ਕੌਮ ਵੰਡੀ ਜਾਏਗੀ ਪ੍ਰੰਤੂ ਹਰ ਵਾਰੀ ਉਹਨਾਂ 'ਹਾਂ' ਵਿੱਚ ਹੀ ਜਵਾਬ ਦਿੱਤਾ।

ਗੀਤ ਜੇ ਉਸ ਸਮੇਂ ਦੀ ਸਿਖ ਲੀਡਰਸ਼ਿੱਪ ਥੋੜ੍ਹੀ ਜਿੰਨੀ ਵੀ ਅਕਲਮੰਦ ਹੁੰਦੀ ਤਾਂ ਅੱਜ ਸਾਨੂੰ ਆਹ ਦਿਨ ਨਾ ਦੇਖਣੇ ਪੈਂਦੇ.... ਨਹਿਰੂ, ਗਾਂਧੀ ਤੇ ਪਟੇਲ ਵਰਗੇ ਮੱਕਾਰਾਂ ਨੇ ਸਿੱਖਾਂ ਨੂੰ ਵਰਗਲਾਉਣ ਦੀ ਸਾਜਿਸ਼ ਰਚ ਲਈ ਤੇ ਅਖੌਤੀ ਦੇਸ਼ ਭਗਤੀ ਦੇ ਜੋਸ਼ ਵਿੱਚ ਸਾਡੀ ਕੌਮ ਦੀ ਲੀਡਰਸ਼ਿੱਪ ਉਸ ਸਾਜਿਸ਼ ਵਿੱਚ ਫਸਦੀ ਚਲੀ ਗਈ। ਅੰਗਰੇਜ਼ਾਂ ਨੇ ਸਾਡੀ ਇਸ ਹਾਲਤ ਲਈ ਸਾਨੂੰ ਖ਼ੁਦ ਨੂੰ ਹੀ ਕਸੂਰਵਾਰ ਠਹਿਰਾਇਆ ਹੈ।

Mr. Mosley ਨੇ ਆਪਣੀ ਕਿਤਾਬ "Last days of British Raj" ਦੇ ਪੰਨਾ ਨੰ: 206 ਤੇ ਜੋ ਸ਼ਬਦ ਲਿਖੇ ਨੇ ਕਿ:

"I Thought that the Sikhs had only themselves to blame for their present position."

ਇਹ ਸਾਨੂੰ ਲੱਖ ਲਾਹਨਤ ਦੇਣ ਲਈ ਕਾਫ਼ੀ ਹਨ। ਅੰਗਰੇਜ਼ਾਂ ਨੇ

ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਉਹ ਚਾਹੁੰਦੇ ਸਨ ਕਿ ਸਿੱਖਾਂ ਦੀ ਆਜ਼ਾਦੀ ਲਈ ਕੀਤੀਆਂ ਅਥਾਹ ਕੁਰਬਾਨੀਆਂ ਦਾ ਕੁਝ ਮੁੱਲ ਮੋੜਿਆ ਜਾ ਸਕੇ।

ਵਾਇਸਰਾਏ ਨੇ ਹਿੰਦੁਸਤਾਨ ਦੀਆਂ ਨਵੀਆਂ ਬਣ ਰਹੀਆਂ ਸਟੇਟਾਂ ਦੀ ਯੂ.ਐਨ.ਓ. ਦੀ ਮੈਂਬਰੀ ਸਬੰਧੀ ਗੱਲਬਾਤ ਕਰਦਿਆਂ ਕਿਹਾ ਸੀ:

"The Sikhs though an interesting community, will not be a state and Pakistan will only be in course of becoming a state".

"ਸਿੱਖ ਵੀ ਭਾਵੇਂ ਇੱਕ ਸਬੰਧਿਤ ਭਾਈਚਾਰਾ ਹੈ, ਇਹ ਵੱਖਰੀ ਸਟੇਟ ਨਹੀਂ ਬਣਨਗੇ, ਕੇਵਲ ਪਾਕਿਸਤਾਨ ਹੀ ਸਮੇਂ ਅਨੁਸਾਰ ਵੱਖਰੀ ਸਟੇਟ ਬਣੇਗਾ"

".....ਹੁਣ ਹੋਰ ਦੱਸ ਅੰਗਰੇਜ ਵਿਚਾਰੇ ਕੀ ਕਰਦੇ...... ??? ਜਿੰਨ੍ਹਾ ਹੱਥਾਂ ਵਿੱਚ ਸਿੱਖਾਂ ਦੀ ਵਾਗਡੋਰ ਸੀ ਉਹ ਹੱਥ ਨਹਿਰੂ ਅੱਗੇ ਜੁੜੇ ਹੋਏ ਸਨ ਤੇ ਜਿਹੜੇ ਹੱਥ ਬਿਪਰਵਾਦੀ ਤਾਕਤਾਂ ਨੂੰ ਦੋ-ਦੋ ਹੱਥ ਵਿਖਾਉਣ ਦੀ ਜੁਰਅਤ ਰੱਖਕੇ ਵੱਖਰਾ ਦੇਸ਼ 'ਸਿੱਖਸਤਾਨ' ਲੈਣਾ ਚਾਹੁੰਦੇ ਸਨ.....ਉਹਨਾਂ ਹੱਥਾਂ ਵਿੱਚ ਵਾਗਡੋਰ ਨਹੀਂ ਸੀ। ਸਥਿਤੀ ਬੜੀ ਗੁੰਝਲਦਾਰ ਜੀ ਬਣੀ ਹੋਈ ਸੀ ਪਾਰਟੀਸ਼ਨ ਵੇਲੇ.... ਚਲੋ !!!! ਵਾਹਿਗੁਰੂ ਕੌਮ ਦੀ ਬਹੁੜੀ ਕਰੇ.....ਕਹਿੰਦਿਆਂ ਗੁਰਸ਼ੇਰ ਉਠ ਕੇ ਖੜ੍ਹਾ ਹੋ ਗਿਆ।

ਗੀਤ ਤੇ ਸ਼ਵਿੰਦਰ ਜਿਹੜੇ ਬੜੇ ਧਿਆਨ ਨਾਲ ਗੁਰਸ਼ੇਰ ਦੀਆਂ ਗੱਲਾਂ ਸੁਣ ਰਹੇ ਸੀ ਉਹ ਵੀ ਆਪਣੀਆਂ-ਆਪਣੀਆਂ ਕਿਤਾਬਾਂ ਸਮੇਟਣ ਲੱਗੇ।

"....ਗੀਤ ਆ ਜਾ ਪੁੱਤ ਹੁਣ ਚੱਲੀਏ ਚਾਰ ਵੱਜਣ ਵਾਲੇ ਆ, ਡਰਾਇਵਰ ਨੇ ਗੱਡੀ ਕੱਢ ਲਈ ਆ.... ਸਾਹਬ ਨੇ ਕਿਹਾ ਸਮੇਂ ਸਿਰ ਵਾਪਸ ਆਇਆ ਕਰੋ...."

ਗੀਤ ਦੇ ਸਭ ਤੋਂ ਭਰੋਸੇਯੋਗ ਤੇ ਪੁਰਾਣੇ ਸੁਰੱਖਿਆ ਗਾਰਡ ਕਿਹਰ ਸਿੰਘ ਨੇ ਆਵਾਜ਼ ਦਿੱਤੀ.....

"... ਆਈ ਬਾਬਾ ਜੀ .... ਕਹਿੰਦਿਆਂ ਗੀਤ.....ਗੁਰੀ ਤੇ ਸ਼ਵਿੰਦਰ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਆਪਣੇ ਪਿਓ ਹਾਕਮ ਸਿੰਹੁ ਡੀ.ਐਸ.ਪੀ. ਵੱਲੋਂ ਭੇਜੀ ਚਿੱਟੇ ਰੰਗ ਦੀ ਜਿਪਸੀ ਵਿੱਚ ਬੈਠ ਕੇ ਸੁਰੱਖਿਆ ਗਾਰਡਾਂ ਦੀ ਨਿਗਰਾਨੀ ਹੇਠ ਘਰ ਵੱਲ ਚੱਲ ਪਈ ਸੀ।

----------------

## ਕਾਂਡ - 2

*ਡਾਢਿਆਂ ਦੇ ਦਰਬਾਰ 'ਚ ਜਾ ਕੇ ਚੁੱਪ-ਚੁੱਪ ਰਹਿਣ ਬੁਲਾਰੇ*
*ਪੱਥਰਾਂ ਦੀ ਮਹਿਫ਼ਲ ਵਿੱਚ ਲਿਸ਼ਕਣ ਡਰਦੇ-ਡਰਦੇ ਸ਼ੀਸ਼ੇ*
*ਜਾਂ ਤਾਂ ਮੇਰੇ ਚਿਹਰੇ ਉੱਤੇ ਰੂਪ ਰਿਹਾ ਨਾ ਬਾਕੀ,*
*ਜਾਂ ਫਿਰ ਯਾਰਾ ਮੈਲੇ ਹੋ ਗਏ ਤੇਰੇ ਘਰ ਦੇ ਸ਼ੀਸ਼ੇ।*

*(ਪਾਤਰ)*

ਡੀ.ਐਸ.ਪੀ. ਹਾਕਮ ਸਿੰਹੁ ਦੀ ਰਿਹਾਇਸ਼ੀ ਕੋਠੀ ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਅਤਿ ਸੁਰੱਖਿਅਤ ਇਲਾਕੇ ਵਿਚ ਬਣੀ ਪੁਲਿਸ ਲਾਇਨਜ਼ ਵਿੱਚ ਸੀ... ਕੋਠੀ ਦੇ ਚਾਰੇ ਪਾਸੇ ਸਮੁੱਚੇ ਇਲਾਕੇ ਵਿੱਚ ਸੁਰੱਖਿਆ ਛੱਤਰੀ ਤਾਣੀ ਹੋਈ ਸੀ, ਥੋੜ੍ਹੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਨੇੜੇ ਤੇੜੇ ਪਰਿੰਦਾ ਵੀ ਪਰ ਨਹੀਂ ਸੀ ਮਾਰ ਸਕਦਾ ਸੀ.... ਉਂਝ ਵੀ ਪਰਿੰਦੇ ਦਾ ਪਰ ਮਾਰ ਕੇ ਇਸ ਇਲਾਕੇ ਵਿੱਚੋਂ ਸਹੀ ਸਲਾਮਤ ਵਾਪਸ ਨਿਕਲਣਾ ਬਹੁਤ ਔਖਾ ਸੀ। ਇਸੇ ਕਰਕੇ ਡੀ.ਐਸ.ਪੀ. ਅਜੇ ਤੱਕ ਖਾੜਕੂਆਂ ਦੇ ਦਾਅ ਹੇਠ ਨਹੀਂ ਆਇਆ ਸੀ। ਬਿਨਾਂ ਸ਼ੱਕ ਹਾਕਮ ਸਿੰਹੁ ਦੇ ਜ਼ੁਲਮਾਂ ਸਿਤਮਾਂ ਦੀ ਗਾਥਾ ਬੜੀ ਲੰਬੀ ਸੀ, ਅਗਲਾ ਓਦਾਂ ਈ ਡੀ.ਐਸ.ਪੀ. ਥੋੜ੍ਹਾ ਬਣ ਗਿਆ ਸੀ।

ਉਂਝ ਹਾਕਮ ਸਿੰਹੁ ਉਨੀ ਸੌ ਅਠਾਹਟ-ਉਨੱਤਰ ਜੇ 'ਚ ਤਕਰੀਬਨ ਇੱਕੀ-ਬਾਈ ਸਾਲ ਪਹਿਲਾਂ ਸਿੱਧਾ ਥਾਣੇਦਾਰ ਭਰਤੀ ਹੋਇਆ ਸੀ। ਹਾਕਮ ਸਿੰਹੁ ਦਾ ਜ਼ੱਦੀ ਪਿੰਡ 'ਉੱਚਾ ਪਿੰਡ' ਸੀ। ਉਹਦਾ ਬਾਪੂ ਆਜ਼ਾਦੀ ਤੋਂ ਪਹਿਲਾਂ ਸਿੰਘ ਸਭਾ ਲਹਿਰ ਨਾਲ ਜੁੜਿਆ ਹੋਇਆ ਸੀ, ਯਾਨੀ ਕਿ ਗੀਤ ਦਾ ਦਾਦਾ ਭਗਤ ਬੰਦਾ ਸੀ ਪਰ ਹਾਕਮ ਸਿੰਹੁ ਉੱਪਰ ਉਹਦੀ ਕੋਈ ਛਾਪ ਨਹੀਂ ਸੀ, ਨਿਰਾ ਪੈਸੇ ਦਾ ਪੁੱਤ ਹਾਕਮ ਸਿੰਹੁ ਧਰਮ ਤੋਂ ਹੀਣਾ ਜਾ ਮਨੁੱਖ ਸੀ। ਇਸੇ ਕਰਕੇ ਪਹਿਲੀ ਨਜ਼ਰੇ ਇਉਂ ਲਗਦਾ ਸੀ ਜਿਦਾਂ ਉਹ ਕਾਮਰੇਡ ਹੋਵੇ ਪਰ ਅਸਲ ਵਿੱਚ ਅਜਿਹਾ ਹੈ ਨਹੀਂ ਸੀ।

ਉਂਝ ਹਾਕਮ ਸਿੰਹੁ ਤੇ ਥੋੜ੍ਹੀ ਬਹੁਤ 'ਮਾਕਰਸਇਜ਼ਮ' ਦੀ ਛਾਪ ਸੀ ਸ਼ੁਰੂ ਸ਼ੁਰੂ ਜੇ 'ਚ.... ਪਰ ਜਦੋਂ ਨੂੰ ਇਹ ਲਹਿਰ ਪੰਜਾਬ 'ਚ ਆਈ... ਹਾਕਮ ਸਿੰਹੁ ਥਾਣੇਦਾਰ ਭਰਤੀ ਹੋ ਗਿਆ, ਇਸ ਕਾਰਨ ਉਹਦੇ ਅਤੇ ਨੈਕਸਲਾਈਟਾਂ

ਦੇ ਵਿਚਾਲ਼ੇ ਇੱਕ ਲਕੀਰ ਜੀ ਖਿਚੀ ਗਈ.... ਤੇ ਹਾਕਮ ਸਿੰਹੁ ਦਾ ਕਾਮਰੇਡੀ ਫਤੂਰ ਉਦੋਂ ਤਾਂ ਜਵਾਂ ਈ ਉੱਤਰ ਗਿਆ ਜਦੋਂ 'ਨਕਸਲਬਾੜੀਆਂ' ਦੇ ਮੁਕਾਬਲੇ ਬਣਨੇ ਸ਼ੁਰੂ ਹੋਏ ਤੇ ਬਦਲੇ 'ਚ ਫ਼ੀਤੀਆਂ, ਪ੍ਰੋਮੋਸ਼ਨਾਂ, ਸਟਾਰਾਂ, ਇਨਾਮਾਂ, ਮੈਡਲਾਂ ਦੀ ਝੜੀ ਲੱਗ ਗਈ।

ਹਾਕਮ ਸਿੰਹੁ ਨੇ ਰੱਜ ਕੇ ਦਰਿੰਦਗੀ ਵਿਖਾਈ ਤੇ ਪੰਜਾਬ 'ਚੋਂ 'ਨੈਕਸਲਾਈਟ ਮੂਵਮੈਂਟ' ਨੂੰ ਸਿਰੇ ਤੋਂ ਕੁਚਲਣ ਵਿਚ ਪੂਰੀ ਵਾਹ ਲਾਈ, ਹਾਕਮ ਸਿੰਹੁ ਦੀ ਕੁੱਟ ਭੈੜੀ ਹੋਣ ਕਰਕੇ ਹੀ ਉਹਦਾ ਨਾਂ 'ਥਾਣੇਦਾਰ ਹਾਕਮ ਸਿੰਘ ਝੋਟੇ ਕੁੱਟ' ਪੈ ਗਿਆ ਸੀ। ਹੁਣ ਡੀ.ਐਸ.ਪੀ. ਬਣ ਜਾਣ ਕਰਕੇ ਝੋਟੇਕੁੱਟ ਐਨਾ ਨਹੀਂ ਫੱਬਦਾ ਸੀ ਜਿੰਨਾ ਥਾਣੇਦਾਰ ਵੇਲੇ ਜੱਚਦਾ ਸੀ।

ਹਨੇਰ ਸਿੰਹੁ ਬਾਦਲ ਦੀ ਉਸ ਸਮੇਂ ਦੀ ਸਰਕਾਰ ਵੇਲੇ ਹਾਕਮ ਸਿੰਹੁ ਵਰਗੇ ਅਫ਼ਸਰਾਂ ਨੇ ਨੈਕਸਲਾਈਟਾਂ 'ਤੇ ਅਥਾਹ ਜ਼ੁਲਮ ਕੀਤੇ, ਇਸੇ ਕਰਕੇ ਕਾਮਰੇਡਾਂ ਤੇ ਅਕਾਲੀਆਂ ਵਿੱਚ ਇਕ ਦੀਵਾਰ ਖੜ੍ਹੀ ਹੋਈ.... ਬਹੁਤੇ ਕਾਮਰੇਡ ਬਾਦਲ ਨੂੰ ਨਫ਼ਰਤ ਕਰਦੇ-ਕਰਦੇ ਸਿੱਖੀ ਨੂੰ ਵੀ ਰੱਜ ਕੇ ਭੰਡਣ ਲੱਗ ਪਏ... ਆਪਣੇ ਡਰਾਮਿਆਂ ਵਿੱਚ, ਸਟੇਜਾਂ ਤੇ, ਲੈਕਚਰਾਂ ਵਿੱਚ ਸਿੱਖੀ 'ਤੇ ਐਨੇ ਵਿਅੰਗ ਕੀਤੇ ਜਾਂਦੇ, ਸਿੱਖਾਂ ਨੂੰ ਐਨਾ ਸ਼ਰਮਿੰਦਾ ਕੀਤਾ ਜਾਂਦਾ, ਬਹੁਤੇ ਕਮਜ਼ੋਰ ਦਿਲ ਸਿੱਖ ਗਾਤਰੇ, ਕਛਹਿਰੇ ਲਾਹ ਕੇ ਕਿੱਲਿਆਂ 'ਤੇ ਟੰਗਣ ਲੱਗ ਪਏ....

ਜੇ ਕਾਮਰੇਡਾਂ ਦੀ ਇਸ ਫਿਤਰਤ ਨੂੰ ਠੱਲ੍ਹ ਪਾਈ ਆ ਕੇ... ਤਾਂ ਉਹ ਸਿਹਰਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਿਰ ਬੱਝਦਾ, ਜਿੰਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਸੈਂਕੜੇ ਕਾਮਰੇਡ ਵੀ ਸਿੱਖੀ ਦੀ ਛਮਾਂ ਤੋਂ ਜਾਨਾਂ ਵਾਰ ਗਏ.... ਅੱਗਬਾਣੀ ਵਰਗੇ ਅਖ਼ਬਾਰ ਦੇ ਸੰਪਾਦਕ ਨੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ਼ ਭੱਦੀ ਸ਼ਬਦਾਵਲੀ ਵਰਤੀ ਤਾਂ ਇਹ ਸੰਤਾਂ ਦੀ ਸਖ਼ਸ਼ੀਅਤ ਦਾ ਜਾਦੂ ਈ ਸੀ ਕਿ ਕਾਮਰੇਡ ਨਛੱਤਰ ਸਿੰਘ ਰੋਡੇ ਦੇ ਹਿੱਸੇ ਉਹ ਸੇਵਾ ਆਈ.....

ਖ਼ੈਰ ਹਾਕਮ ਸਿੰਹੁ ਦਾ ਕਾਮਰੇਡੀ ਫਤੂਰ ਉੱਤਰ ਗਿਆ ਸੀ, ਨੈਕਸਲਾਈਟਾਂ ਦੇ ਖ਼ੂਨ 'ਚ ਹੱਥ ਰੰਗ ਕੇ... ਹੁਣ ਇਕ ਨਵਾਂ ਫਤੂਰ ਚੜ੍ਹ ਗਿਆ ਸੀ 'ਰਾਸ਼ਟਰਵਾਦ' ਦਾ.....ਜਿਹੜਾ ਮੁੜ ਕੇ ਨਹੀਂ ਉਤਰਿਆ ਤੇ ਨਾ ਹੀ ਉੱਤਰ ਸਕਦਾ ਸੀ.....

ਇਹ ਰਾਸ਼ਟਰਵਾਦ ਦਾ ਭੂਤ ਕਈਆਂ ਨੂੰ ਚਿੰਬੜਿਆ.... ਇਹਦੀ ਲਪੇਟ 'ਚ ਭਗਤ ਸਿੰਘ ਵਰਗੇ ਇਨਕਲਾਬੀ ਵੀ ਕੀਲੇ ਗਏ ਸੀ... ਇਹ ਭੂਤ ਚਾਣਕੀਆ ਨੀਤੀ ਦੇ ਤਹਿਤ ਬਹੁਗਿਣਤੀ ਕੌਮ ਵੱਲੋਂ ਛੱਡਿਆ ਗਿਆ.... ਇਹ ਭੂਤ ਸਾਡਾ ਸਭ ਕੁਝ ਨਿਗਲ਼ਣ ਲਈ ਮੂੰਹ ਅੱਡੀ ਖਲੋਤਾ....

ਸਾਡਾ ਧਰਮ, ਸਾਡੀ ਬੋਲੀ, ਸਾਡੀ ਪਛਾਣ, ਸਾਡੇ ਸਿਧਾਂਤ, ਸਾਡਾ ਸੱਭਿਆਚਾਰ..... ਇਕੱਲਾ ਸਾਡੇ ਪਿੱਛੇ ਈ ਨਹੀਂ ਸਭ ਘੱਟ ਗਿਣਤੀ ਕੌਮਾਂ ਦੇ ਪਿੱਛੇ ਇਹ ਭੂਤ ਛੱਡਿਆ ਗਿਆ....ਤੇ ਇਸ ਰਾਸ਼ਟਰਵਾਦੀ ਭੂਤ ਦੇ ਵਰਤਾਰੇ ਦੇ ਪਿੱਛੇ ਜੋ ਬਾਕੀ ਬਚਦਾ ਉਹ ਸਿਰਫ਼ ਇਕ ਰਾਸ਼ਟਰ ਹੈ ਜਿਸਦੀ ਬੋਲ਼ੀ ਬਹੁਗਿਣਤੀ ਦੀ ਬੋਲੀ ਹੈ, ਜਿਸਦਾ ਧਰਮ ਬਹੁਗਿਣਤੀ ਦਾ ਧਰਮ ਹੈ, ਜਿਸ ਦਾ ਕਲਚਰ ਬਹੁਗਿਣਤੀ ਦਾ ਕਲਚਰ ਹੈ, ਜਿਸਦੀ ਪਛਾਣ ਬਹੁਗਿਣਤੀ ਦੀ ਪਛਾਣ ਹੈ, ਜਿਸ ਦੇ ਸਿਧਾਂਤ ਬਹੁਗਿਣਤੀ ਦੇ ਸਿਧਾਂਤ ਹਨ.... ਬਾਕੀ ਸਭ ਇਹਦੇ ਵਿਚ ਪਿਸ ਕੇ ਜ਼ੀਰੋ ਹੋ ਜਾਂਦੇ ਹਨ। ਇਸੇ ਭੂਤ ਨੇ ਅੱਜ ਤੱਕ ਅਨੰਦ ਮੈਰਿਜ ਐਕਟ ਨਹੀਂ ਬਣਨ ਦਿੱਤਾ। ਇਹੀ ਭੂਤ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਰਾਹੀਂ ਸਾਨੂੰ ਹਿਦੂ ਕਹਿੰਦਾ ਹੈ... ਦੇਖਣ ਵਿਚ ਇਸ ਭੂਤ ਨੂੰ ਧਰਮ ਨਿਰਪੱਖ ਤੇ ਦੇਸ਼ ਭਗਤੀ ਦੇ ਤੌਰ 'ਤੇ ਸਾਬਿਤ ਕੀਤਾ ਜਾਂਦਾ ਹੈ ਪਰ ਅਸਲ ਵਿੱਚ ਇਸ ਦੇ ਸਭ ਵਰਤਾਰੇ ਹਿਦੂ, ਹਿੰਦੀ, ਹਿੰਦੁਸਤਾਨ 'ਤੇ ਆ ਕੇ ਮੁੱਕ ਜਾਂਦੇ ਹਨ।

.... ਤੇ ਇਹਦੀ ਸੋਚ ਔਰੰਗਜ਼ੇਬ ਦੀ ਉਸ ਸੋਚ ਤੋਂ ਵੀ ਚਾਰ ਕਦਮ ਅਗਾਂਹ ਜਾਂਦੀ ਹੈ ਜਿਹੜਾ ਸ਼ਰੇਆਮ ਐਲਾਨ ਕਰ ਬੈਠਾ ਸੀ ਕਿ ਮੈਂ ਸਭ ਨੂੰ ਮੁਸਲਮਾਨ ਬਣਾ ਦਿਆਂਗਾ ਪਰ ਇਹ ਰਾਸ਼ਟਰਵਾਦੀ ਭੂਤ ਸਹਿਜੇ-ਸਹਿਜੇ ਸਭ ਨੂੰ ਆਪਣੇ ਵਿਚ ਸਮਾਈ ਜਾ ਰਿਹਾ ਹੈ।

ਮੈਨੂੰ ਇੱਕ ਕਵੀ ਦੀ ਕਵਿਤਾ ਦੀਆਂ ਕੁਝ ਲਾਇਨਾਂ ਯਾਦ ਆ ਰਹੀਆਂ ਨੇ.... ਕਾਸ਼..!!! ਸਾਨੂੰ ਇਸ ਨਵੇਂ ਔਰੰਗਜ਼ੇਬ ਦੀ ਪਛਾਣ ਹੋ ਜਾਵੇ।

*"ਜਿਸ ਤੇਗ ਦੇ ਘਾਟ ਗੁਰੂ ਉਤਰੇ*
*ਉਸ ਤੇਗ ਤੋਂ ਖ਼ੂਨ ਨਹੀਂ ਸੁਕਦਾ*
*ਦਸਤਾਰ ਸਜਾ ਕੇ ਆ ਜਾਵੇ*
*ਭਾਵੇਂ ਤਿਲਕ ਲਗਾ ਕੇ ਆ ਜਾਵੇ*
*ਸਾਥੋਂ ਔਰੰਗਜੇਬ ਨਹੀਂ ਲੁਕਦਾ।" (ਪਾਤਰ)*

ਇਸੇ ਰਾਸ਼ਟਰਵਾਦੀ ਭੂਤ ਦੇ ਨਸ਼ੇ ਵਿੱਚ ਹਾਕਮ ਸਿੰਹੁ ਥਾਣੇਦਾਰ ਨੇ ਉਹ ਕਤਲੋਗਾਰਤ ਮਚਾਈ ਆਪਣੇ ਹਮਸਾਇਆਂ ਦੀ......ਕਿ ਮੋਢਿਆਂ ਤੇ ਸਟਾਰ ਲਵਾ ਲਏ.... ਇਸ ਥਾਣੇਦਾਰ ਨੂੰ ਅੱਜਕਲ੍ਹ ਡੀ.ਐਸ.ਪੀ. ਹਾਕਮ ਸਿੰਹੁ ਦੇ ਤੌਰ 'ਤੇ ਜਾਣਿਆ ਜਾਣ ਲੱਗਾ।

ਡੀ.ਐਸ.ਪੀ. ਹਾਕਮ ਸਿੰਹੁ ਦੇ ਦੋ ਬੇਟੇ ਤੇ ਇੱਕ ਬੇਟੀ ਹੈ। ਬੇਟਿਆਂ ਦੇ

ਨਾਮ ਯੁਵਰਾਜ ਤੇ ਦੇਵਰਾਜ ਰੱਖੇ ਗਏ, ਤੇ ਬੇਟੀ ਦਾ ਨਾਮ ਗੀਤਇੰਦਰ ਕੌਰ ਹੈ...... ਹਾਕਮ ਸਿੰਹੁ ਆਪਣੀ ਬੇਟੀ ਗੀਤ ਨੂੰ ਕਲਹਿਣੀ ਤੇ ਬਦਸ਼ਗਨੀ ਵਰਗੇ ਲਫ਼ਜਾਂ ਨਾਲ ਬੁਲਾਉਂਦਾ ਹੁੰਦਾ ਸੀ.... ਇਸਦਾ ਇੱਕ ਕਾਰਨ ਵੀ ਸੀ.... ਗੀਤ ਦੇ ਜਨਮ ਵੇਲੇ ਗੀਤ ਦੀ ਮਾਂ ਯਾਨੀ ਡੀ.ਐਸ.ਪੀ. ਦੀ ਘਰਵਾਲੀ ਪਰਨੀਤ ਕੌਰ ਪ੍ਰਲੋਕ ਸਿਧਾਰ ਗਈ ਸੀ ਉਦੋਂ ਤੋਂ ਹਾਕਮ ਸਿੰਹੁ ਗੀਤ ਨੂੰ ਨਫ਼ਰਤ ਕਰਦਾ ਸੀ.... ਗੀਤ ਦਾ ਪਾਲਣ-ਪੋਸ਼ਣ ਵੀ ਉਹਦੇ ਨਾਨਕੇ ਪਰਿਵਾਰ 'ਚ ਹੀ ਹੋਇਆ ਸੀ, ਬਾਰਵੀਂ ਤੋਂ ਬਾਅਦ ਹੀ ਗੀਤ ਦੇ ਮਾਮੇ ਗੀਤ ਨੂੰ ਡੀ.ਐਸ.ਪੀ. ਕੋਲ ਛੱਡ ਕੇ ਗਏ ਸਨ,

ਗੀਤ ਦਾ ਵੱਡਾ ਭਰਾ ਯੁਵਰਾਜ ਸਿਰੇ ਦਾ ਅੱਯਾਸ਼ ਮੁੰਡਾ ਸੀ ਤੇ ਛੋਟਾ ਵੀ ਦੁੱਧ ਧੋਤਾ ਨਹੀਂ ਸੀ। ਦੇਵਰਾਜ ਨੂੰ ਚਾਰ ਕੁ ਸਾਲ ਪਹਿਲਾਂ ਅਮਰੀਕਾ ਭੇਜ ਦਿੱਤਾ ਗਿਆ ਸੀ ਪੜ੍ਹਨ ਵਾਸਤੇ। ਹਾਕਮ ਸਿੰਹੁ ਦੇ ਦੋਵੇਂ ਫਰਜ਼ੰਦ ਆਪਣੇ ਪਿਉ ਦੀ ਹਰਾਮ ਦੀ ਕਮਾਈ 'ਤੇ ਪੂਰੀ ਐਸ਼ ਕਰ ਰਹੇ ਸਨ.... ਡੀ.ਐਸ.ਪੀ. ਵੀ ਕੋਈ ਬਹੁਤੀ ਪਰਵਾਹ ਨਹੀਂ ਕਰਦਾ ਸੀ ਹੱਥ ਤੰਗ ਤਾਂ ਕਦੇ ਹੋਇਆ ਈ ਨਹੀਂ ਸੀ। ਜੇ ਕਦੇ ਜ਼ਿਆਦਾ ਲੋੜ ਹੁੰਦੀ ਪੈਸੇ ਦੀ ਤਾਂ.... ਕਿਸੇ ਚੰਗੇ ਤਕੜੇ ਜੇ ਘਰੇ ਛਾਪਾ ਮਾਰ ਲੈਂਦਾ।

"..... ਹਾਂ ਬਈ ਰਾਤ ਅੱਤਵਾਦੀ ਆਏ ਸੀ...!!! ਰੋਟੀ ਖਵਾਈ ਆ ਕੰਜਰੋ ਪ੍ਰਾਹੁਣਿਆਂ ਨੂੰ.....!!!

ਅਗਲੇ ਕੀ ਸਫਾਈ ਪੇਸ਼ ਕਰਦੇ ਕਿਹੜਾ ਕੋਈ ਅਪੀਲ ਦਲੀਲ ਸੀ.... ਪੁਲਿਸ ਨੂੰ ਅਧਿਕਾਰ ਈ ਏਨੇ ਮਿਲ ਚੁੱਕੇ ਸੀ.... ਪੰਜਾਬ 'ਚ ਨਿਰਾ ਅੰਧਕਾਰ ਸੀ.... ਸ਼ਰੀਫ ਲੋਕ ਵੀਹ-ਪੰਜਾਹ ਹਜ਼ਾਰ ਦੇ ਕੇ ਖਹਿੜਾ ਛੁਡਾਉਂਦੇ ਜਿਹੜੀਆਂ ਪੱਗਾਂ ਧਰਦੇ ਪੈਰੀਂ ਉਹ ਵੱਖਰੀਆਂ...ਮੁੱਕਦੀ ਗੱਲ, ਚੰਮ ਦੀਆਂ ਚਲਾਉਣ ਵਾਲੇ ਹਾਕਮ ਸਿੰਹੁ ਅਰਗੇ ਅਫ਼ਸਰਾਂ ਦਾ ਸੀਜ਼ਨ ਪੂਰੇ ਜੋਬਨ ਤੇ ਸੀ....

ਸਾਰੇ ਇੱਕੋ ਜਿਹੇ ਵੀ ਨਹੀਂ ਹੁੰਦੇ, ਕਈ ਇਹੋ ਜਿਹੇ ਈਮਾਨਦਾਰ ਵੀ ਸੀ ਇਸੇ ਮਹਿਕਮੇ ਦੇ.... ਜਿਨ੍ਹਾਂ ਨੇ ਅੱਕ ਕੇ ਜਾਂ ਤਾਂ ਨੌਕਰੀਆਂ ਛੱਡ ਦਿੱਤੀਆਂ ਜਾਂ ਫਿਰ ਅੰਤ ਤੱਕ ਪੂਰੀ ਵਾਹ ਲਾਉਂਦੇ ਰਹੇ ਸੱਚ ਨਾਲ ਨਿਭਣ ਦੀ...

ਇਹਨਾਂ ਚੋਂ ਕੁਝ ਕੁ ਤਾਂ ਸਰਕਾਰ ਨੇ ਅੱਤਵਾਦੀਆਂ ਦਾ ਸਾਥ ਦੇਣ ਦੇ ਦੋਸ਼ 'ਚ ਜੇਲ੍ਹਾਂ 'ਚ ਡੱਕ ਤੇ, ਕੁਝ ਝੂਠੇ ਪੁਲਿਸ ਮੁਕਾਬਲਿਆਂ ਨੂੰ ਸੱਚੇ ਸਾਬਿਤ ਕਰਨ ਲਈ ਖਾੜਕੂਆਂ ਦੇ ਨਾਲ ਈ ਗੱਡੀ ਚੜ੍ਹਾ 'ਤੇ... ਤੇ ਥੋੜ੍ਹੇ ਬਹੁਤ ਵਿਚਾਰੇ ਵਾਹਿਗੁਰੂ ਦੇ ਓਟ ਆਸਰੇ ਆਪਣਾ ਢਿਡ ਤੋਰੀ ਜਾਂਦੇ ਸੀ......

................

ਸ਼ਾਮ ਦੇ ਸੱਤ ਵੱਜ ਚੁੱਕੇ ਸੀ। ਡੀ.ਐਸ.ਪੀ. ਹਾਕਮ ਸਿੰਹੁ ਕਾਹਲੀ-ਕਾਹਲੀ 'ਚ ਘਰੇ ਚੱਕਰ ਮਾਰਕੇ ਵਾਪਿਸ ਚਲਿਆ ਗਿਆ। ਉਹਦਾ ਘਰ ਆਉਣ ਦਾ ਕੋਈ ਪੱਕਾ ਟਾਇਮ ਨਹੀਂ-ਸੀ। ਤਕਰੀਬਨ ਗਿਆਰਾਂ-ਬਾਰਾਂ ਵੱਜ ਈ ਜਾਂਦੇ ਸੀ.... ਤੇ ਤੜਕੇ ਵੀ ਦਸ-ਗਿਆਰਾਂ ਵਜੇ ਉਠਦਾ ਸੀ।

ਗੀਤ ਵਿਚਾਰੀ ਕਦੇ ਆਪਣੇ ਪਾਪਾ ਦੇ ਨਾਲ ਬੈਠ ਕੇ ਦੋ ਗੱਲਾਂ ਨਹੀਂ ਕਰ ਸਕੀ ਸੀ। ਰਾਤ ਨੂੰ ਉਦੋਂ ਆਉਂਦਾ ਜਦੋਂ ਗੀਤ ਸੌਂ ਚੁੱਕੀ ਹੁੰਦੀ ਤੇ ਸਵੇਰੇ ਗੀਤ ਉਹਦੇ ਉੱਠਣ ਤੋਂ ਪਹਿਲਾਂ ਯੂਨੀਵਰਸਿਟੀ ਜਾ ਚੁੱਕੀ ਹੁੰਦੀ। ਕਦੇ ਕਦਾਈਂ ਜੇ ਟਾਇਮ ਨਾਲ ਆਉਂਦਾ ਵੀ ਤਾਂ ਸ਼ਰਾਬ ਦੀ ਹਬਾੜ੍ਹ ਗੀਤ ਨੂੰ ਨੇੜੇ ਨਾ ਢੁਕਣ ਦਿੰਦੀ, ਜ਼ਿੰਦਗੀ ਲੰਘਦੀ ਜਾਂਦੀ ਸੀ... ਗੀਤ ਨੂੰ ਹੁਣ ਕੋਈ ਬਹੁਤਾ ਮਹਿਸੂਸ ਜਾ ਨਹੀਂ ਹੁੰਦਾ ਸੀ ਕਿਉਂਕਿ ਪਿਆਰ ਬਚਪਣ ਤੋਂ ਹੀ ਨਹੀਂ ਮਿਲਿਆ ਸੀ। ਜਦੋਂ ਬਹੁਤ ਉਦਾਸ ਹੁੰਦੀ... ਕਦੇ ਕਦਾਈਂ ਮਾਂ ਨੂੰ ਯਾਦ ਕਰਕੇ ਰੋ ਲੈਂਦੀ ਜਾਂ ਫਿਰ ਕਿਹਰ ਸਿੰਘ ਬਾਡੀਗਾਰਡ.... ਜਿਸ ਨੂੰ ਗੀਤ ਬਾਬਾ ਜੀ ਆਖਦੀ ਸੀ ਉਹਦੇ ਨਾਲ ਗੱਲਾਂ ਕਰਦੀ ਰਹਿੰਦੀ।

ਕਿਹਰ ਸਿੰਘ ਬਹੁਤ ਚੰਗਾ ਬੰਦਾ ਸੀ, ਸਵੇਰੇ-ਸ਼ਾਮ ਨਿਤਨੇਮ ਜਰੂਰ ਕਰਦਾ ਸੀ, ਅੰਮ੍ਰਿਤ ਵੇਲੇ ਉਠ ਖੜ੍ਹਦਾ, ਇਸ਼ਨਾਨ ਕਰਕੇ ਪੰਜ ਬਾਣੀਆਂ ਦਾ ਪਾਠ ਕਰਦਾ, ਫੇਰ ਗੀਤ ਨੂੰ ਜਗਾਉਂਦਾ.....

ਗੀਤ ਵੀ ਹੁਣ ਤਾਂ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਪਈ ਸੀ, ਕਦੇ-ਕਦੇ ਸ਼ਾਮ ਨੂੰ ਰਹਿਰਾਸ ਸਾਹਿਬ ਵੀ ਕਰ ਲੈਂਦੀ... ਜੇ ਕਦੇ ਡੀ.ਐਸ.ਪੀ. ਉਸ ਟਾਇਮ ਘਰ ਆ ਜਾਂਦਾ ਤਾਂ ਗੀਤ ਨੂੰ ਪਾਠ ਕਰਦਿਆਂ ਵੇਖ ਮੰਦਾ-ਚੰਗਾ ਵੀ ਬੋਲਦਾ, ਗੁਰਬਾਣੀ ਬਾਰੇ ਵੀ ਭੈੜੀ ਸ਼ਬਦਾਵਲੀ ਵਰਤਦਾ ਸੀ... ਪੈਸੇ ਦੇ ਫਤੂਰ 'ਚ ਹਾਕਮ ਸਿੰਹੁ ਰੱਬ ਨੂੰ ਟੱਬ ਦੱਸਦਾ ਸੀ...

ਗੀਤ ਵਿਚਾਰੀ ਕੁਝ ਨਾ ਕਹਿੰਦੀ। ਵਾਹਿਗੁਰੂ ਅੱਗੇ ਅਰਦਾਸ ਕਰਦੀ ਕਿ ਉਹਦੇ ਪਿਉ ਨੂੰ ਵੀ ਸੁਮੱਤ ਬਖ਼ਸ਼ੇ। ਅੱਜ ਵੀ ਗੀਤ ਰਹਿਰਾਸ ਸਾਹਿਬ ਦਾ ਪਾਠ ਕਰਕੇ ਹਟੀ ਸੀ ਕਿ ਵੀਰਾਂ ਦੀ ਆਵਾਜ਼ ਕੰਨੀਂ ਪਈ.....

ਵੀਰਾਂ ਗੀਤ ਦੇ ਘਰ ਨੌਕਰਾਣੀ ਸੀ ਜੋ ਘਰ ਦਾ ਸਾਰਾ ਕੰਮ ਸੰਭਾਲਦੀ ਸੀ। ਗੀਤ ਵੀ ਉਹਦੇ ਨਾਲ ਹੱਥ ਵਟਾ ਦਿੰਦੀ ਸੀ।

"....ਗੀਤ....ਬੱਚੇ ਰੋਟੀ ਖਾ ਲੈ ਆ ਕੇ ਵੀਰਾਂ ਨੇ ਆਵਾਜ਼ ਦਿੱਤੀ।

"....ਕਿੱਦਾਂ ਚਲਦੀ ਆ ਬੱਚੇ ਤੇਰੀ ਪੜ੍ਹਾਈ, ਦਿਲ ਲੱਗ ਗਿਆ ਸਾਡੇ ਸ਼ਹਿਰ ਆ ਕੇ ਕੁ ਨਈਂ....!!! ਵੀਰਾਂ ਨੇ ਗੀਤ ਨੂੰ ਪੁੱਛਿਆ।

ਹਾਂ ਜੀ, ਪੜ੍ਹਾਈ ਵਧੀਆ ਚਲਦੀ ਆ, ਦਿਲ ਵੀ ਲਾਉਣਾ ਈ ਪੈਣਾ ਸੀ....ਲੱਗ ਗਿਆ ਹਾਂ ਜੀ, ਗੀਤ ਨੇ ਜਵਾਬ ਦਿੱਤਾ।

ਰੋਟੀ ਖਾਣ ਤੋਂ ਬਾਅਦ ਗੀਤ ਆਪਣੇ ਬੈੱਡਰੂਮ 'ਚ ਚਲੀ ਗਈ... ਕੁਝ ਸਮਾਂ ਪੜ੍ਹਦੀ ਰਹੀ... ਪਰ ਪੜ੍ਹਾਈ 'ਚ ਅੱਜ ਮਨ ਨਹੀਂ ਲੱਗ ਰਿਹਾ ਸੀ। ਦਿਮਾਗ਼ 'ਚ ਗੁਰੀ ਦੀਆਂ ਗੱਲਾਂ ਘੁੰਮੀ ਜਾ ਰਹੀਆਂ ਸਨ... ਵਾਕਿਆ ਈ ਗੁਰੀ ਬਹੁਤ ਸਿਆਣਾ ਮੁੰਡਾ... ਇਤਿਹਾਸ ਨੂੰ ਉਹਨੇ ਪੜ੍ਹਿਆ ਈ ਨਹੀਂ, ਮਹਿਸੂਸ ਕੀਤਾ ਏ....ਸਿੱਖ ਕੌਮ ਦੀ ਹੋਣੀ ਨੂੰ ਉਹਨੇ ਵੇਖਿਆ ਈ ਨਹੀਂ ਜੀਵਿਆ ਏ... ਗੀਤ ਗੁਰੀ ਦੇ ਵਿਚਾਰਾਂ ਦੀ ਕਾਇਲ ਹੋ ਗਈ ਸੀ...

ਸੱਚਮੁੱਚ ਸਿੱਖ ਕੌਮ ਨਾਲ ਬੜਾ ਵੱਡਾ ਧੋਖਾ ਹੋਇਆ... ਅੱਜ ਵੀ ਗੁਰੀ ਵਰਗੇ ਅਨੇਕਾਂ ਸਿੱਖ ਨੌਜਵਾਨ ਹਕੂਮਤੀ ਕਹਿਰ ਦੇ ਸਾਏ ਹੇਠ ਜਿਉਂਦੇ ਨੇ, ਗੀਤ ਨੂੰ ਖ਼ਿਆਲ ਆਇਆ ਕਿ ਪਿਛਲੇ ਮਹੀਨੇ ਖਾਲ਼ਸਾ ਕਾਲਜ ਦੇ ਦੋ ਮੁੰਡੇ ਪੁਲਿਸ ਨੇ ਪੁੱਛਗਿੱਛ ਲਈ ਚੱਕ ਲਏ ਸੀ.... ਗੀਤ ਆਪਣੇ ਪਾਪਾ ਨੂੰ ਪੁੱਛਣਾ ਚਾਹੁੰਦੀ ਸੀ ਕਿ ਉਹਨਾਂ ਨੂੰ 'ਇਨਵੈਸਟੀਗੇਸ਼ਨ' ਤੋਂ ਬਾਅਦ ਛੱਡ ਦਿੱਤਾ ਸੀ....!!!!

ਫੇਰ ਸੋਚਦੀ ਆ ਡੈਡੀ ਨੇ ਕਹਿਣਾ ਤੈਨੂੰ ਇਹਨਾਂ ਗੱਲਾਂ ਨਾਲ ਕੀ ਮਤਲਬ... ਸਰਕਾਰ ਦੀਆਂ ਆਪਣੀਆਂ ਨੀਤੀਆਂ ਨੇ ਅੱਤਵਾਦ ਪ੍ਰਤੀ... ਨਾਲੇ ਪਾਪਾ ਤਾਂ ਸਰਕਾਰ ਦੇ ਨੌਕਰ ਨੇ, ਜਿਵੇਂ ਸਰਕਾਰ ਨੇ ਰਣਨੀਤੀ ਬਣਾਈ ਹੋਵੇਗੀ 'ਟੈਰੋਰਿਜ਼ਮ' ਦੇ ਖਿਲਾਫ਼ ਉਵੇਂ ਈ ਚੱਲਣਾ ਪੈਂਦਾ ਹੋਵੇਗਾ.. ਨਾਲੇ ਫਿਰ ਪਾਪਾ ਤਾਂ ਉਦਾਂ ਈ ਕਰਦੇ ਆ ਜਿਦਾਂ ਉਹਨਾਂ ਨੂੰ ਐਸ.ਐਸ.ਪੀ. ਜਾਂ ਵੱਡੇ ਆਫੀਸਰ ਹੁਕਮ ਦਿੰਦੇ ਆ....

ਗੀਤ ਨੂੰ ਏਨਾ ਤਾਂ ਪਤਾ ਲੱਗ ਗਿਆ ਸੀ ਗੁਰੀ ਤੇ ਸ਼ਵਿੰਦਰ ਦੀਆਂ ਗੱਲਾਂ ਤੋਂ ਬਈ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਸ਼ੱਕੀ ਐ ਖਾੜਕੂਵਾਦ ਦੇ ਵਿਰੁੱਧ ਲੜਾਈ 'ਚ.... ਪਰ ਉਹਨੂੰ ਯਕੀਨ ਸੀ ਕਿ ਉਹਦੇ ਪਾਪਾ ਗਲ਼ਤ ਕੰਮ ਨਹੀਂ ਕਰਦੇ ਹੋਣੇ, ਉਹ ਤਾਂ ਹੁਕਮ ਦੇ ਬੱਧੇ ਆ...

ਸੋਚਾਂ ਸੋਚਦਿਆਂ ਗੀਤ ਪਾਣੀ ਪੀਣ ਲਈ ਉੱਠੀ... ਵੇਖਿਆ ਕਿਹਰ ਸਿੰਘ ਪਹਿਰੇ 'ਤੇ ਖੜ੍ਹਾ ਸੀ।

ਪਾਪਾ ਅਜੇ ਆਏ ਨੀਂ ਹੋਣੇ ਗੀਤ ਨੇ ਸੋਚਿਆ... ਕਿਉਂਕਿ ਜਿੰਨਾ ਚਿਰ ਹਾਕਮ ਸਿੰਹੁ ਡੀ.ਐਸ.ਪੀ. ਘਰ ਨਹੀਂ ਆਉਂਦਾ ਸੀ ਉਦੋਂ ਤੱਕ ਕਿਹਰ ਸਿੰਘ ਦੀ ਨਿਗਰਾਨੀ ਹੇਠ ਸਾਰੇ ਸੁਰੱਖਿਆ ਗਾਰਡ ਕੋਠੀ ਦੀ ਗਸ਼ਤ ਕਰਦੇ ਰਹਿੰਦੇ ਸੀ। ਡੀ.ਐਸ.ਪੀ. ਦੇ ਆਉਣ ਤੋਂ ਬਾਅਦ ਉਹਦੇ ਨਾਲ ਥਾਣੇ 'ਚੋਂ ਰਾਤ ਦੀ ਡਿਊਟੀ ਦੇ ਸਿਪਾਹੀ ਆ ਜਾਂਦੇ ਤੇ ਫਿਰ ਕਿਹਰ ਸਿੰਘ ਅਰਾਮ ਕਰਨ ਲੱਗ ਜਾਂਦਾ ਕਿਉਂਕਿ ਸਵੇਰੇ ਗੀਤ ਨਾਲ ਯੂਨੀਵਰਸਿਟੀ ਵੀ ਜਾਣਾ ਹੁੰਦਾ ਸੀ।

"....ਗੀਤ ਪੁੱਤ ਸੁੱਤੀ ਨੀਂ ਅਜੇ ਤੱਕ...... ਕਿਹਰ ਸਿੰਘ ਨੇ ਆਵਾਜ਼ ਦਿੱਤੀ।

"....ਨਹੀਂ ਬਾਬਾ ਜੀ ਨੀਂਦ ਨਹੀਂ ਆ ਰਹੀ ਸੀ.... ਗੀਤ ਨੇ ਜਵਾਬ ਦਿੱਤਾ।

"....ਬਾਬਾ ਜੀ ਪਾਪਾ ਦੇਰ ਰਾਤ ਤੱਕ ਥਾਣੇ ਕੀ ਕਰਦੇ ਰਹਿੰਦੇ ਆ...." ਗੀਤ ਨੇ ਸਹਿਮਦਿਆਂ ਜਿਆਂ ਪੁੱਛਿਆ.... ਕਿਉਂਕਿ ਅੰਦਰੋਂ ਦਿਲ ਡਰਦਾ ਸੀ ਕਿਤੇ ਉਹਦੇ ਪਾਪਾ ਵੀ ਲੋਕ ਹੱਕਾਂ ਨਾਲ ਦੁਸ਼ਮਣੀ ਨਾ ਪਾਈ ਬੈਠੇ ਹੋਣ....

"....ਪੁੱਤ ਮਹਿਕਮੇ ਦੇ ਸੌ ਝਮੇਲੇ ਹੁੰਦੇ ਆ ਉਤੋਂ ਹਾਲਾਤ ਵੀ ਪੰਜਾਬ ਦੇ ਵਿਗੜੇ ਆ..... ਮੁਲਾਜ਼ਮਾਂ ਦੀਆਂ ਡਿਊਟੀਆਂ ਥਾਉਂ-ਥਾਈਂ ਲਵਾਉਣੀਆਂ, ਸ਼ਹਿਰ 'ਚ ਅਮਨ ਸ਼ਾਂਤੀ ਰੱਖਣੀ, ਸਾਰੀ ਜ਼ਿੰਮੇਵਾਰੀ ਪੁਲਿਸ ਦੀ ਤਾਂ ਹੈ... ਤਾਹੀਂਓ ਲੇਟ ਹੋ ਜਾਂਦੇ ਆ ਬੱਸ.... ਕਿਹਰ ਸਿੰਘ ਨੇ ਗੱਲ ਨਬੇੜੀ।

ਪਰ ਓਦਾਂ ਕਿਹਰ ਸਿੰਘ ਸੱਚਾਈ ਤੋਂ ਜਾਣੂ ਸੀ ਕਿ ਡੀ.ਐਸ.ਪੀ. ਹਾਕਮ ਸਿਹੁ ਆਪਣਾ ਵੱਖਰਾ ਈ ਮਹਿਕਮਾ ਬਣਾਈ ਫਿਰਦਾ ਤੇ ਲੋਕਾਂ ਦੀ ਰਖਵਾਲੀ ਕਰਨ ਵਾਲੇ ਇਹੋ ਜੇ ਕਈ ਪੁਲਿਸ ਅਫ਼ਸਰ ਨਿੱਤ ਨਵੀਆਂ ਸਾਜ਼ਿਸ਼ਾਂ ਰਚਦੇ ਰਹਿੰਦੇ ਆ ਅਖੌਤੀ ਅਮਨ ਕਾਇਮ ਕਰਨ ਵਾਸਤੇ....

"....ਬਾਬਾ ਜੀ ਖਾੜਕੂਆਂ ਦੀ ਸਰਕਾਰ ਨਾਲ ਅਸਲ ਲੜਾਈ ਹੈ ਕਾਹਦੀ ਆ....??? ਗੀਤ ਨੇ ਕਿਹਰ ਸਿੰਘ ਨੂੰ ਸਵਾਲ ਕੀਤਾ।

ਗੀਤ ਪੁੱਤ ਡੀ.ਐਸ.ਪੀ. ਸਾਹਿਬ ਦੇ ਸਾਹਮਣੇ ਨਾ ਕਹੀਂ ਖਾੜਕੂ... ਅੱਤਵਾਦੀ ਸ਼ਬਦ ਵਰਤਦੇ ਆ ਹੁਣ.... ਸਰਕਾਰੀ ਹੁਕਮ ਆ... ਖਾੜਕੂ ਸ਼ਬਦ ਦੇ ਅਰਥ ਹੱਕਾਂ ਲਈ ਲੜਨ ਵਾਲਾ ਤੇ ਅੱਤਵਾਦੀ ਦੇ ਅਰਥ ਜ਼ੁਲਮ ਕਰਨ ਵਾਲਾ ਨੇ.... ਸਰਕਾਰ ਨੇ 'ਮਿਲੀਟੈਂਟ' ਕਹਿਣ 'ਤੇ ਵੀ ਰੋਕ ਲਗਾ ਦਿੱਤੀ ਆ। 'ਟੈਰੋਰਿਸਟ' ਕਹਿੰਦੇ ਆ ਹੁਣ ਸਭ ਖ਼ਬਰਾਂ ਵਗੈਰਾ 'ਚ....

ਗੀਤ ਜੇ ਇਮਾਨਦਾਰੀ ਨਾਲ ਪੁੱਛੇਂ ਤਾਂ ਲੜਾਈ ਤਾਂ ਠੀਕ ਆ ਉਹਨਾਂ ਦੀ, ਮਸਲੇ ਵੀ ਠੀਕ ਆ, ਲੋਕਾਂ ਦੇ ਹਿਤਾਂ ਦੀ ਗੱਲ ਆ.... ਪਰ ਉਹਨਾਂ ਦੀ ਲੜਾਈ ਨੂੰ ਇੱਕ ਤਾਂ ਫਿਰਕੂ ਰੰਗਤ ਦੇਣ ਵਿੱਚ ਸਫ਼ਲ ਹੋ ਗਈ ਆ ਸਰਕਾਰ, ਦੂਜਾ ਉਹਨਾਂ ਦੇ ਪਿੱਛੇ ਵਿਦੇਸ਼ੀ ਹੱਥ ਭਾਵ ਗੁਆਂਢੀ ਮੁਲਕ ਦੀ ਹਿੰਦੁਸਤਾਨ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਦਾ ਇਲਜ਼ਾਮ ਆ, ਸਰਕਾਰ ਕਹਿੰਦੀ ਆ ਅੱਤਵਾਦੀ ਪਾਕਿਸਤਾਨ ਦੀ ਸ਼ਹਿ 'ਤੇ ਕਾਰਵਾਈਆਂ ਕਰਦੇ ਨੇ....

ਜਿੱਥੋਂ ਗੱਲ ਚੱਲੀ ਸੀ, ਸਿੱਖਾਂ ਨੇ ਆਪਣੀਆਂ ਮੰਗਾਂ ਜਿੰਨ੍ਹਾਂ 'ਚੋਂ ਕੁਝ ਰਾਜਨੀਤਕ ਸੀ ਬਾਕੀ ਧਾਰਮਿਕ ਤੇ ਆਰਥਿਕ ਮਸਲਿਆਂ ਨਾਲ ਸੰਬੰਧਿਤ ਸੀ....ਉਹਨਾਂ ਦੀ ਸ਼ਾਂਤੀਪੂਰਵਕ ਮੰਗ ਕੀਤੀ ਸੀ ਕੇਂਦਰ ਸਰਕਾਰ ਤੋਂ..... ਹਿੰਦੁਸਤਾਨ ਵਿੱਚ ਬਾਕੀ ਰਾਜਾਂ ਨੂੰ ਤੇ ਕੌਮਾਂ ਨੂੰ ਬਹੁਤ ਸਾਰੇ ਅਜਿਹੇ ਅਧਿਕਾਰ ਪ੍ਰਾਪਤ ਨੇ ਜੋ ਪੰਜਾਬ ਕੋਲ਼ ਤੇ ਸਿੱਖਾਂ ਕੋਲ਼ ਨਹੀਂ ਹਨ.... ਸਰਕਾਰ ਨੂੰ ਇਮਾਨਦਾਰੀ ਨਾਲ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਸੀ....ਕੁਝ ਗਲਤ ਵੀ ਨਹੀਂ ਸੀ, ਨਾ ਹੀ ਅਜਿਹਾ ਸੀ ਜੋ ਦੇਸ਼ ਦੇ ਖ਼ਿਲਾਫ ਹੋਵੇ..... ਪਰ ਕੇਂਦਰ ਨੇ ਇਨਕਾਰ ਈ ਨੀਂ ਕੀਤਾ ਉਤੋਂ ਦਬਾਉਣ ਦੀ ਕੋਸ਼ਿਸ਼ ਵੀ ਕੀਤੀ। ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ, ਰੋਸ ਵਜੋਂ ਜਿਹੜੇ ਮੁੰਡੇ ਸੀ ਆਪਣੇ ਹਥਿਆਰਬੰਦ ਹੋਗੇ.... ਮਸਲਾ ਤਾਂ ਹੁਣ ਘਰੇਲੂ ਸੀ.... ਜਦੋਂ ਉੱਠਿਆ ਸੀ..... ਉਦੋਂ ਤਾਂ ਕਿਸੇ ਬਾਹਰਲੇ ਦਾ ਹੱਥ ਨੀਂ ਸੀ। ਮਗਰੋਂ ਜੋ ਹੋਇਆ ਉਹ ਸਾਡੇ ਸਾਹਮਣੇ ਆਂ।

ਪਤਾ ਨੀਂ ਕਿੰਨਾ ਕੁ ਖ਼ੂਨ ਹੋਰ ਡੁੱਲਣਾ ਅਜੇ...ਬੱਸ ਆਹੀ ਲੜਾਈ ਆ ਪੁੱਤ, ਸੱਚ ਪੁੱਛਦੀ ਏਂ ਤਾਂ ਮੈਨੂੰ ਤਾਂ ਹਮਦਰਦੀ ਆ ਬੇਗ਼ਾਨੇ ਪੁੱਤਾਂ ਨਾ.. ਜਿਹੜੇ ਅਸਾਲਟਾਂ ਚੱਕੀ ਨੇਰ੍ਹੀਆਂ ਰਾਤਾਂ 'ਚ, ਸੱਪਾਂ ਦੀਆਂ ਸਿਰੀਆਂ ਮਿੱਧਦੇ, ਘਰ-ਘਾਟ ਛੱਡੀ ਤੁਰੇ ਫਿਰਦੇ ਆ... ਕਿਸੇ ਦਾ ਵੱਟ ਦਾ ਰੌਲਾ ਨੀਂ, ਹਾਂ ਇਹ ਜਰੂਰ ਆ ਬਈ ਬਹੁਤ ਸਾਰੇ ਲੁਟੇਰੇ ਵੀ ਇਹਨਾਂ ਨਾ ਆ ਰਲੇ.... ਜਿਹੜੇ ਧਰਮ ਤੋਂ ਹੀਣੇਂ ਕੰਮ ਕਰਦੇ ਆ ਤੇ ਆਟੇ ਨਾਲ ਪੜਥਣ ਤਾਂ ਲੱਗ ਈ ਜਾਂਦਾ, ਬਦਨਾਮ ਸਾਰੇ ਹੋਈ ਜਾਂਦੇ ਆ.....

...ਪਤਾ ਨੀਂ ਅਜੇ ਕਿੰਨਾ ਚਿਰ ਪੰਜਾਬ ਦੀ ਜਰਖੇਜ਼ ਜ਼ਮੀਨ ਦੀ ਹਿਕ ਖ਼ੂਨ ਨਾਲ ਰੰਗੀ ਜਾਂਦੀ ਰਹੇਗੀ... ਕਿਹਰ ਸਿੰਘ ਨੇ ਠੰਢਾ ਹਉਕਾ ਲੈਦਿਆਂ ਗੀਤ ਨੂੰ ਆਪਣੇ ਕਮਰੇ 'ਚ ਜਾ ਕੇ ਸੌਣ ਲਈ ਕਿਹਾ।

ਤਕਰੀਬਨ ਗਿਆਰਾਂ ਵੱਜ ਚੁੱਕੇ ਸੀ ਗੀਤ ਸੌਣ ਲਈ ਆਪਣੇ ਬੈੱਡਰੂਮ 'ਚ ਚਲੀ ਗਈ।

---------------

## ਕਾਂਡ - 3

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥*

*(ਅੰਗ 611)*

ਊਂ...ਊਂ... ਅ... ਅ... ਅ... ਵਾਹਿ ਗੁ ਅ ਅ ਰੂ

ਤੜਕੇ ਸਾਜਰੇ ਪਿੰਡ ਚੱਕ ਫਤਹਿ ਸਿੰਘ ਵਾਲਾ ਦੇ ਵੱਡੇ ਗੁਰਦੁਆਰੇ ਦੇ ਸਪੀਕਰ 'ਚੋਂ ਪਾਠੀ ਸਿੰਘ ਦੇ ਹੁਕਮਨਾਮਾ ਸਾਹਿਬ ਲੈਣ ਦੀ ਆਵਾਜ਼ ਨਾਲ ਗੁਰਸ਼ੇਰ ਦੀ ਅੱਖ ਖੁੱਲ੍ਹ ਗਈ ਸੀ.... ਚਾਰ ਵੱਜਣ 'ਚ ਤਕਰੀਬਨ ਪੰਜ ਕੁ ਮਿੰਟ ਬਾਕੀ ਸਨ.... ਠੰਢ ਦੇ ਦਿਨ ਸੀ, ਉਨੀ ਸੌ ਨੱਬੇ ਦਾ ਆਖਰੀ ਮਹੀਨਾ ਦਸੰਬਰ ਅੱਧਿਓਂ ਵੱਧ ਮੁੱਕ ਚਲਿਆ ਸੀ....

ਗੁਰਸ਼ੇਰ ਕੱਲ੍ਹ ਸ਼ਾਮੀ ਸ਼ੁੱਕਰਵਾਰ ਹੋਣ ਕਰਕੇ ਯੂਨੀਵਰਸਿਟੀ ਤੋਂ ਪਿੰਡ ਆ ਗਿਆ ਸੀ.... ਪਹਿਲਾਂ ਪਹਿਲ ਤਾਂ ਹਰ ਰੋਜ਼ ਜਾਣ-ਆਉਣ ਕਰਦਾ ਸੀ ਪਰ ਹੁਣ ਸ਼ਵਿੰਦਰ ਨਾਲ ਗੂੜ੍ਹੀ ਮਿੱਤਰਤਾ ਪੈਣ ਕਰਕੇ ਹੋਸਟਲ ਵਿੱਚ ਉਹਦੇ ਕਮਰੇ 'ਚ ਠਹਿਰ ਜਾਂਦਾ ਤੇ ਹਫ਼ਤੇ ਦੇ ਆਖ਼ਰੀ ਦੋ ਕੁ ਦਿਨ ਪਿੰਡ ਕੱਟ ਜਾਂਦਾ....

ਗੁਰਸ਼ੇਰ ਦਾ ਘਰ ਪਿੰਡ ਦੀ ਉਤਲੀ ਫਿਰਨੀਂ 'ਤੇ ਗੁਰਦੁਆਰਾ ਸਾਹਿਬ ਤੋਂ ਥੋੜ੍ਹੀ ਦੂਰ ਹੀ ਸੀ। ਗੁਰਸ਼ੇਰ ਦੇ ਪਿਤਾ ਜੀ ਸਰਦਾਰ ਬਖਸ਼ੀਸ਼ ਸਿੰਘ ਚੰਗੇ ਗੁਰਸਿਖ ਸਨ ਜਿਨ੍ਹਾਂ ਦਾ ਪਿੰਡ 'ਚ ਚੰਗਾ ਮਾਣ-ਸਤਿਕਾਰ ਸੀ। ਉਹ ਲੋਕਾਂ ਦੇ ਹਰ ਸੁੱਖ-ਦੁੱਖ 'ਚ ਸ਼ਰੀਕ ਹੁੰਦੇ .... ਕੁਝ ਸਮਾਂ ਉਹਨਾਂ ਨੇ ਇਸੇ ਗੁਰਦੁਆਰਾ ਸਾਹਿਬ ਦੀ ਪ੍ਰਧਾਨਗੀ ਦੀ ਸੇਵਾ ਵੀ ਸੰਭਾਲੀ। ਚੰਗੇ ਵਧੀਆ ਲੋਕ ਭਲਾਈ ਦੇ ਕੰਮ ਕੀਤੇ.... ਉਹਨਾਂ ਦੀ ਨਿਮਰਤਾ ਤੇ ਚੰਗੀ ਸੂਝ-ਬੂਝ ਹੋਣ ਕਰਕੇ ਪਿੰਡ ਦੇ ਲੋਕਾਂ ਨੇ ਸਰਦਾਰ ਬਖਸ਼ੀਸ਼ ਸਿੰਘ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣਾਉਣ ਦੀ ਪੇਸ਼ਕਸ਼ ਵੀ ਕੀਤੀ ਪਰ ਗੁਰੀ ਦੇ ਡੈਡੀ ਨੇ ਆਪਣੀ ਅਸਮਰੱਥਾ ਪ੍ਰਗਟਾਉਂਦੇ ਹੋਏ, ਉਦਾਂ ਲੋਕਾਂ ਨਾਲ ਹਰ ਕੰਮ 'ਚ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦਾ ਵਚਨ ਦੇ ਕੇ ਕਿਸੇ ਹੋਰ ਲਾਇਕ ਬੰਦੇ ਨੂੰ ਸਰਪੰਚ ਬਣਾਉਣ ਦੀ ਬੇਨਤੀ ਕਰਦਿਆਂ ਇਹ ਪੇਸ਼ਕਸ਼ ਨਾ-ਮਨਜ਼ੂਰ ਕਰ ਦਿੱਤੀ ਸੀ।

ਕੁੱਲ ਮਿਲਾਕੇ ਬਖਸ਼ੀਸ਼ ਸਿੰਘ ਦਾ ਪਿੰਡ 'ਚ ਚੰਗਾ ਮਾਣ-ਸਤਿਕਾਰ ਸੀ ਤੇ ਗੁਰੀ ਉਹਨਾਂ ਦਾ ਇਕਲੌਤਾ ਪੁੱਤਰ ਸੀ। ਗੁਰੀ ਦੀ ਨਾ ਕੋਈ ਹੋਰ ਭੈਣ ਸੀ ਨਾ ਭਰਾ....ਬੜੇ ਲਾਡਾਂ-ਪਿਆਰਾਂ ਨਾਲ ਪਾਲ਼ਿਆ ਸੀ ਉਹਨਾਂ ਨੇ ਗੁਰਸ਼ੇਰ ਨੂੰ..... ਕਈ ਵਾਰ ਲੋਕ ਕਹਿੰਦੇ:

ਬਖਸ਼ੀਸ਼ ਸਿਆਂ ਕੱਲੇ-ਕੱਲੇ ਸ਼ੇਰ ਵਿਗੜ ਜਾਂਦੇ ਆ, ਥੋੜ੍ਹਾ ਚੰਡ ਕੇ ਰੱਖਿਆ ਕਰ ਮੁੰਡੇ ਨੂੰ,

ਪਰ ਬਖਸ਼ੀਸ਼ ਸਿੰਘ ਹੱਸ ਕੇ ਇਹਨਾਂ ਗੱਲਾਂ ਨੂੰ ਟਾਲ ਦਿੰਦਾ। ਉਸ ਨੂੰ ਆਪਣੇ ਮੁੰਡੇ 'ਤੇ ਪੂਰਾ ਮਾਣ ਸੀ ਤੇ ਗੁਰਸ਼ੇਰ ਨੇ ਵੀ ਆਪਣੇ ਮਾਤਾ-ਪਿਤਾ ਦਾ ਭਰੋਸਾ ਕਦੀ ਟੁੱਟਣ ਨਹੀਂ ਦਿੱਤਾ ਸੀ....

ਗੁਰਸ਼ੇਰ ਬਚਪਨ ਤੋਂ ਹੀ ਆਪਣੇ ਪਿਤਾ ਦੀ ਉਂਗਲ ਫੜ੍ਹਕੇ ਗੁਰਸਿੱਖੀ ਦੇ ਮਾਰਗ 'ਤੇ ਤੁਰ ਪਿਆ... ਉਦੋਂ ਗੁਰਸ਼ੇਰ ਨੂੰ ਅਜੇ ਚੰਗੀ ਤਰ੍ਹਾਂ ਬੋਲਣਾ ਵੀ ਨਹੀਂ ਆਉਂਦਾ ਸੀ ਜਦੋਂ ਉਹ ਪਹਿਲੀ ਪਾਉੜੀ ਦਾ ਪਾਠ ਬੜੇ ਚਾਅ ਨਾਲ ਸੁਣਾਇਆ ਕਰਦਾ ਸੀ। ਗੁਰੀ ਨੇ ਬਾਰਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ 'ਚ ਕੀਤੀ ਸੀ ਤੇ ਅੱਗੋਂ ਬੀ.ਏ. ਖਾਲ਼ਸਾ ਕਾਲਜ 'ਚ ਕਰਨ ਉਪਰੰਤ... ਅੱਜ ਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਐਮ.ਏ. ਜਰਨਲਿਜ਼ਮ ਕਰ ਰਿਹਾ ਸੀ....

ਗੁਰਸ਼ੇਰ ਦੀ ਮਾਂ ਨਸੀਬ ਕੌਰ ਵੀ ਸਿੱਖੀ ਭਾਵ ਵਾਲੀ ਔਰਤ ਸੀ... ਉਹਨੇ ਗੁਰਸ਼ੇਰ ਦੇ ਪਾਲਣ-ਪੋਸ਼ਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ... ਗੁਰਦੁਆਰਾ ਸਾਹਿਬ ਜਦੋਂ ਵੀ ਕੋਈ ਜੱਥਾ ਜਾਂ ਕਥਾਵਾਚਕ ਪ੍ਰਚਾਰ ਕਰਨ ਆਉਂਦਾ ਤਾਂ ਉਹਦੇ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਬਖਸ਼ੀਸ਼ ਸਿੰਘ ਦੇ ਘਰ ਈ ਕੀਤਾ ਜਾਂਦਾ ਤੇ ਨਸੀਬ ਕੌਰ ਬੜੇ ਚਾਅ ਨਾਲ ਸੇਵਾ ਕਰਦੀ, ਕਦੇ ਮੱਥੇ ਵੱਟ ਨਾ ਪਾਉਂਦੀ.....

ਬਖਸ਼ੀਸ਼ ਸਿੰਘ ਕੋਲ਼ ਅਠਾਰਾਂ ਕਿੱਲ੍ਹੇ ਨਿਆਈਂ ਦੀ ਜ਼ਮੀਨ ਸੀ ਤੇ ਤਿੰਨ ਟਰੱਕ ਸਨ, ਚੰਗਾ ਸਰਦਾ ਪੁੱਜਦਾ ਘਰ ਸੀ, ਗੁਰੀ ਨੂੰ ਕਿਸੇ ਕਿਸਮ ਦੀ ਤੋਟ ਉਹਦੇ ਮਾਂ-ਪਿਓ ਨੇ ਨਹੀਂ ਆਉਣ ਦਿੱਤੀ ਸੀ....

ਹਾਂ ਇੱਕ ਗੱਲ ਸੀ ਕਿ ਗੁਰੀ ਉਚੇਰੀ ਸਿੱਖਿਆ ਵਾਸਤੇ ਅਮਰੀਕਾ ਜਾਣਾ ਚਾਹੁੰਦਾ ਪਰ ਉਹਦੀ ਮਾਂ ਨੇ ਕੱਲੇ-ਕੱਲੇ ਜਿਗਰ ਦੇ ਟੋਟੇ ਦਾ ਵਾਸਤਾ ਪਾ ਕੇ ਉਹਨੂੰ ਆਪਣੀਆਂ ਅੱਖਾਂ ਤੋਂ ਦੂਰ ਨਹੀਂ ਹੋਣ ਦਿੱਤਾ... ਪਰ ਗੁਰੀ ਨੂੰ ਇਸ ਗੱਲ ਦਾ ਕੋਈ ਗਿਲ਼ਾ ਨਹੀਂ ਸੀ, ਉਹਨੇ ਵੀ ਹੱਸ ਕੇ ਮਾਂ ਦੇ ਪਿਆਰ ਨੂੰ ਸਿਜ਼ਦਾ ਕੀਤਾ ਸੀ।

.............

ਗੁਰੀ ਕੁਝ ਸਮਾਂ ਬਿਸਤਰੇ 'ਚ ਉਸਲਵੱਟੇ ਜੇ ਲੈਂਦਾ ਰਿਹਾ। ਠੰਢ ਕਾਫ਼ੀ ਸੀ, ਰਜਾਈ ਛੱਡਣ ਨੂੰ ਕੀਹਦਾ ਜੀਅ ਕਰਦਾ ਐਸ ਵੇਲੇ.... ਪਾਸੇ ਜੇ ਮਾਰਦਿਆਂ ਤਕਰੀਬਨ ਸਵਾ ਚਾਰ ਵੱਜ ਚੁੱਕੇ ਸੀ....ਗੁਰਦੁਆਰਾ ਸਾਹਿਬ ਦੇ ਸਪੀਕਰ 'ਚੋਂ ਜਾਪੁ ਸਾਹਿਬ ਦਾ ਪਾਠ ਸੁਣਾਈ ਦੇਣ ਲੱਗਿਆ ਸੀ....

ਗੁਰੀ ਉੱਠਿਆ ...ਉੱਠ ਕੇ ਇਸ਼ਨਾਨ ਕੀਤਾ....

"......ਆਹ ਚਾਹ ਪੀ ਲਈਂ ਪੁੱਤ ਪਹਿਲਾਂ.... ਫੇਰ ਠੰਢੀ ਨਾ ਹੋ ਜੇ..... ਚੁੱਲ੍ਹੇ ਕੋਲ ਪਈ ਆ... ਨਾਲੇ ਅੱਗ ਸੇਕ ਲਾ ਨ੍ਹਾ ਕੇ ਠੰਢ ਲੱਗਦੀ ਹੋਊਗੀ... ਪਾਠ ਫੇਰ ਕਰ ਲਈਂ ਮੇਰਾ ਪੁੱਤ...!!! ਨਸੀਬ ਕੌਰ ਨੇ ਆਵਾਜ਼ ਦਿੱਤੀ....

"... ਪੀ ਲੈਨਾਂ ਬੇਬੇ, ਆਖਦਿਆਂ ਗੁਰੀ ਰਸੋਈ ਦੀ ਕੰਧ ਨਾਲ ਬਾਹਰਲੇ ਪਾਸੇ ਬਣੇ ਚੁਲ੍ਹੇ ਕੋਲ ਆ ਕੇ ਬੈਠ ਗਿਆ...

ਜਿੱਥੇ ਹਵਾ ਨੂੰ ਰੋਕਣ ਲਈ ਦੋ ਕੁ ਹੱਥ ਉੱਚੀ ਕੰਧੋਲ਼ੀ ਵੀ ਬਣੀ ਹੋਈ ਸੀ... ਗੁਰੀ ਦੀ ਚਾਹ ਕੌਲੇ 'ਚ ਪਾ ਕੇ ਇੱਕ ਧੁਖਦੀ ਪਾਥੀ ਦੇ ਉੱਪਰ ਰੱਖੀ ਹੋਈ ਸੀ, ਨਸੀਬ ਕੌਰ ਨੇ....

ਚਾਹ ਪੀਂਦਾ-ਪੀਂਦਾ ਗੁਰੀ ਨਾਲ਼ੇ ਕੁਝ ਸਮਾਂ ਅੱਗ ਸੇਕਦਾ ਰਿਹਾ ਨਾਲ਼ੇ ਧੁਖਦੀਆਂ ਪਾਥੀਆਂ ਦੀ ਸੁਆਹ 'ਚ ਲਕੀਰਾਂ ਮਾਰਦਾ ਰਿਹਾ... ਤੇ ਫੇਰ ਉੱਠਕੇ ਪਾਠ ਕਰਨ ਚਲਿਆ ਗਿਆ...

ਪੰਜਾਂ ਬਾਣੀਆਂ ਦਾ ਪਾਠ ਕੀਤਾ...ਉਦੋਂ ਤੱਕ ਗੁਰੀ ਦੇ ਡੈਡੀ ਵੀ ਗੁਰਦੁਆਰਾ ਸਾਹਿਬ ਤੋਂ ਘਰ ਆ ਗਏ।

ਸਰਦਾਰ ਬਖਸ਼ੀਸ਼ ਸਿੰਘ ਦਾ ਰੋਜ਼ ਦਾ ਸੁਭਾਅ ਸੀ ਉਹ ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ ਚਲੇ ਜਾਂਦੇ। ਜੇ ਤਾਂ ਪਾਠੀ ਸਿੰਘ ਨਿਤਨੇਮ ਸ਼ੁਰੂ ਕਰ ਦਿੰਦਾ ਜਾਂਦਿਆਂ ਨੂੰ ....ਫੇਰ ਬੈਠ ਕੇ ਸੁਣਦੇ ਨਹੀਂ ਫਿਰ ਆਪ ਜਾ ਕੇ ਸਪੀਕਰ 'ਚ ਨਿਤਨੇਮ ਕਰਨ ਲੱਗ ਜਾਂਦੇ....

ਨਸੀਬ ਕੌਰੇ... ਕਿੱਥੇ ਆ ਗੁਰਸ਼ੇਰ....??? ਕਿਤੇ ਖੇਤ ਤਾਂ ਨਹੀਂ ਚਲਿਆ ਗਿਆ....??? ਸਰਦਾਰ ਬਖਸ਼ੀਸ਼ ਸਿੰਘ ਨੇ ਆਉਂਦਿਆਂ ਈ ਆਵਾਜ਼ ਦਿੱਤੀ....

".....ਨਹੀਂ ਸਰਦਾਰ ਜੀ ਐਥੇ ਈ ਹੋਣਾ ਆਪਣੇ ਕਮਰੇ 'ਚ...ਹੁਣੇ ਈ ਪਾਠ ਕਰਕੇ ਹਟਿਆ ਸੀ...." ਨਸੀਬ ਕੌਰ ਨੇ ਦੁੱਧ ਵਾਲੀ ਬਾਲ਼ਟੀ ਕੰਧੋਲ਼ੀ 'ਤੇ ਰੱਖਦਿਆਂ ਜਵਾਬ ਦਿੱਤਾ।

".....ਕਾਹਦਾ ਸਿਆਲਾਂ 'ਚ ਪਸ਼ੂਆਂ ਦਾ ਵੀ....ਐਵੇਂ ਡੰਗਰਾਂ ਨਾ ਡੰਗਰ ਹੋਣ ਆਂ.... ਆਹ ਇੱਕ ਮੱਝ ਨੇ ਬੈਠੀ ਨੇ ਪਿਸ਼ਾਬ ਕਰ ਲਿਆ ਤੇ

ਜਦ ਮੈਂ ਧਾਰ ਚੋਅ ਕੇ ਲੰਘਣ ਲੱਗੀ ਕੋਲ਼ ਦੀ, ਉਦੋਂ ਨੂੰ ਖੜ੍ਹੀ ਹੋਗੀ ਜੈ ਵੱਢੀ.. ਮਾਰੀ ਪੂਸ਼ ਘੁਮਾ ਕੇ ਸਾਰੇ ਲੀੜੇ ਲਬੇੜ 'ਤੇ.... ਮਸਾਂ ਦੁੱਧ ਬਚਾਇਆ .... ਐਨੀਂ ਠੰਢ ਆ....ਮੈਂ ਤਾਂ ਫੇਰ ਨ੍ਹਾਉਣ ਆਲੀ ਕਰਤੀ ਡੰਗਰਾਂ ਨੇ.... ਨਸੀਬ ਕੌਰ ਨੇ ਗੁਰੀ ਦੇ ਬਾਪੂ ਨੂੰ ਸ਼ਿਕਾਇਤ ਲਾਉਣ ਵਾਂਗ ਦੱਸਿਆ....

"....ਚੱਲ ਕੋਈ ਨਾ.....ਹੋਰ ਨਾਹ ਲਾ ਇੱਕ ਆਰੀਂ, ਦੁੱਧ ਤਾਂ ਬਚ ਗਿਆ.... ਤੇਰਾ ਕੀ ਆ... ਹਾ ਹਾ ਹਾ .... ਗੁਰੀ ਦੇ ਬਾਪੂ ਨੇ ਜਾਣ ਕੇ ਮਖੌਲ ਕਰਦਿਆਂ ਕਿਹਾ....

ਇੰਨੇ ਨੂੰ ਗੁਰੀ ਵੀ ਆ ਗਿਆ...

"..... ਹਾਂ ਜੀ ਬਾਪੂ ਜੀ.... ਜਾ ਆਏ ਗੁਰਦੁਆਰਾ ਸਾਹਿਬ....!!!! ਮੈਂ ਤਾਂ ਲੇਟ ਹੋ ਗਿਆ ਉੱਠਣ ਲੱਗਿਆ, ਨਹੀਂ ਮੈਂ ਵੀ ਥੋਡੇ ਨਾਲ਼ ਜਾਣਾ ਸੀ... ਗੁਰੀ ਨੇ ਸਰਦਾਰ ਬਖਸ਼ੀਸ਼ ਸਿੰਘ ਕੋਲ਼ ਮੰਜੇ 'ਤੇ ਬੈਠਦਿਆਂ ਕਿਹਾ....

ਚੱਲ ਕੋਈ ਨਾ... ਹੁਣ ਤੂੰ ਆਪਣੀ ਮਾਂ ਨਾਲ ਜਾ ਆਵੀਂ.... ਹੋਰ ਸੁਣਾ ਕਿਵੇਂ ਚਲਦੀ ਆ ਬਈ ਤੇਰੀ ਪੜ੍ਹਾਈ....??? ਪੜ੍ਹਦੇ ਓਂ ਚਾਰ ਅੱਖਰ ਉਥੇ ਜਾਂ ਬੱਸ ਐਵੇਂ ਮੌਜ ਮੇਲਾ ਈ ਆ ਹਾ ਹਾ ਹਾ... ਗੁਰੀ ਦੇ ਮੋਢੇ 'ਤੇ ਹੱਥ ਰੱਖਦਿਆਂ ਬਖਸ਼ੀਸ਼ ਸਿਉਂ ਨੇ ਆਖਿਆ...

... ਨਹੀਂ ਬਾਪੂ ਜੀ ਪੜ੍ਹਦੇ ਆਂ.... ਹੁਣ ਸਾਡਾ ਟੂਰ ਜਾਣਾ ਅਗਲੇ ਹਫ਼ਤੇ 'ਚ ਟ੍ਰਿਬਿਊਨ ਦੇ ਦਫ਼ਤਰ ਚੰਡੀਗੜ੍ਹ... ਉਥੇ ਜਰਨਲਿਜ਼ਮ ਬਾਰੇ ਕਾਫ਼ੀ ਕੁਝ ਦੱਸਣਗੇ ਕਿਵੇਂ ਕਵਰੇਜ਼ ਕਰੀਦੀ ਆ, ਕੀ-ਕੀ ਫਰਜ਼ ਨੇ ਸੱਚੀ-ਸੁੱਚੀ ਪੱਤਰਕਾਰਤਾ ਦੇ... ਕਿੰਨ੍ਹਾ ਗੱਲਾਂ ਦਾ ਖ਼ਿਆਲ ਰੱਖਣਾ ਕਿਸੇ ਖ਼ਬਰ ਦੇ ਲਿਖਣ ਵੇਲੇ.... ਗੁਰੀ ਨੇ ਆਪਣੇ ਡੈਡੀ ਨੂੰ ਦੱਸਿਆ...

ਅੱਛਾ...!!! ਚੱਲ ਚੰਗਾ ਬਈ... ਉਂ ਮੈਨੂੰ ਨੀਂ ਬਾਹਲ਼ਾ ਪਤਾ ਤੇਰੀ ਆਹ ਪੜ੍ਹਾਈ-ਪੜ੍ਹੂਈ ਜੀ ਬਾਰੇ, ਬੱਸ ਸਿਆਣਾ ਬਣਕੇ ਪੜ੍ਹੀਂ ਮੇਰਾ ਸ਼ੇਰ... ਚੰਗਾ... ਸੁਣਦੀਂ ਆ ਨਸੀਬ ਕੌਰੇ... ਮੈਨੂੰ ਲੱਗਦਾ ਹੁਣ ਗੁਰਸ਼ੇਰ ਆਪਣਾ ਗੱਭਰੂ ਹੋ ਗਿਆ ਸੁੱਖ ਨਾਲ.... ਕਿਸੇ ਘਰਾਣੇ ਘਰ ਦੀ ਗੁਰਸਿਖ ਲੜਕੀ ਵੇਖ ਕੇ ਹੁਣ ਵਿਆਹ ਕਰਦੀਏ ਇਹਦਾ... ਹੈ ਨਾ ਗੁਰਸ਼ੇਰ...??? ਬਖਸ਼ੀਸ਼ ਸਿਉਂ ਨੇ ਗੁਰੀ ਦੀ ਮਾਂ ਨੂੰ ਸੁਣਾਉਣ ਦੇ ਨਾਲ-ਨਾਲ ਗੁਰੀ ਦਾ ਚਿਹਰਾ ਵੀ ਪੜ੍ਹਨਾ ਚਾਹਿਆ....

"...ਐਡੀ ਕੀ ਕਾਹਲੀ ਆ ਬਾਪੂ ਜੀ.... ਆਹ ਐਮ.ਏ. ਪੂਰੀ ਕਰਕੇ ਕਿਸੇ ਪੈਰਾਂ ਸਿਰ ਖੜ੍ਹਾ ਹੋ ਜਾਵਾਂ, ਫੇਰ ਵੇਖਾਂਗੇ... ਗੁਰੀ ਨੇ ਜਵਾਬ ਦਿੱਤਾ...

ਪੈਰਾਂ ਸਿਰ ਈ ਆਂ...!!!! ਕੱਲਾ ਹੈਗਾ ਤੂੰ ....!!! ਅਠਾਰਾਂ ਕਿਲ੍ਹੇ

ਜ਼ਮੀਨ ਆ....!!! ਟਰੱਕ ਹੈਗੇ ਆ ਤਿੰਨ... ਟਾਈਮ ਪਾਸ ਤਾਂ ਉਹਨਾਂ ਦਾ ਵੀ ਹੋਈ ਜਾਂਦਾ ਜਿਹੜੇ ਦਿਹਾੜੀ ਕਰਕੇ ਖਾਂਦੇ ਆ..... ਇਹਨੂੰ ਕੀ ਪੁੱਛਣਾ ਸਰਦਾਰ ਜੀ ਜਦੋਂ ਮੈਂ ਕਹਿਣੀ ਆਂ ਆਪਾਂ ਕੋਈ ਕੁੜੀ ਨਿਗ੍ਹਾ ਸਿਰ ਕਰੀਏ... ਵਿਆਹ ਕਰਲਾਂਗੇ ਇਹਦੀ ਉਮੇਂ-ਊਮੇ ਤੋਂ ਬਾਅਦ.... ਨਸੀਬ ਕੌਰ ਨੇ ਆਪਣਾ ਫਤਵਾ ਜਾਰੀ ਕਰਦਿਆਂ ਕਿਹਾ...

ਅਸਲ ਵਿੱਚ ਨਸੀਬ ਕੌਰ ਨੂੰ ਦਿਲੋਂ ਝੋਰਾ ਸੀ ਪੰਜਾਬ ਦੇ ਮੌਜ਼ੂਦਾ ਹਾਲਾਤਾਂ ਦਾ.... ਗੁਰਸ਼ੇਰ ਵਰਗੇ ਗੁਰਸਿੱਖ ਮੁੰਡੇ ਸਰਕਾਰ ਨੂੰ ਕੈਰੀ ਅੱਖ ਰੜਕਦੇ ਸੀ... ਪੂਰੀ ਤਰਥੱਲੀ ਮੱਚੀ ਪਈ ਸੀ ਆਲੇ-ਦੁਆਲੇ... ਪਿਛਲੇ ਦਿਨੀਂ ਗੁਰਸ਼ੇਰ ਦੇ ਨਾਨਕਿਆਂ ਤੋਂ ਇੱਕ ਮੁੰਡਾ ਚੱਕ ਲਿਆ ਜਵਾਂ ਈ ਬੇਕਸੂਰ ਸੀ ਵਿਚਾਰਾ.....

ਤੀਜੇ ਦਿਨ ਅਖ਼ਬਾਰ 'ਚ ਈ ਖ਼ਬਰ ਪੜ੍ਹੀ ਬਈ ਫਲਾਣੇ ਥਾਂ ਮੁਕਾਬਲੇ 'ਚ ਮਾਰਿਆ ਗਿਆ... ਰੋਂਦੇ ਝੱਲੇ ਨੀਂ ਜਾਂਦੇ ਉਹਦੇ ਮਾਪੇ... ਗੁਰਸ਼ੇਰ ਦਾ ਮਾਮਾ ਇਸੇ ਕੰਮ ਈ ਆਇਆ ਸੀ ਦੋ ਕੁ ਦਿਨ ਪਹਿਲਾਂ, ਬਈ ਆਪਾਂ ਗੁਰਸ਼ੇਰ ਦਾ ਵਿਆਹ ਕਰ ਦੇਈਏ ਛੇਤੀ... ਫੇਰ ਵੀ ਕੁੱਝ ਬੱਚਤ ਹੋ ਜਾਂਦੀ ਆ.... ਐਨਾ ਕਹਿਣ ਜੋਗੇ ਤਾਂ ਹੋ ਈ ਜਾਵਾਂਗੇ ਜੇ ਕੋਈ ਅਵੀ-ਤਵੀ ਹੋਈ ਬਈ ਇਹ ਤਾਂ ਜੀ ਟੱਬਰ-ਟੀਹਰ ਆਲਾ, ਸਾਡਾ ਕੋਈ ਸਬੰਧ ਨੀਂ ਕਿਸੇ ਨਾਲ...

ਗੁਰਸ਼ੇਰ ਦੇ ਮਾਮੇ ਦੀ ਇਹ ਰਾਇ ਨਸੀਬ ਕੌਰ ਦੇ ਦਿਲ਼ ਨੂੰ ਜਚ ਗਈ ਸੀ.... ਨਾਲੇ ਗੁਰਸ਼ੇਰ ਤਾਂ ਚਲਿਆ ਜਾਂਦਾ ਯੂਨੀਵਰਸਿਟੀ ਤੇ ਪਿਉ ਇਹਦਾ ਬਾਹਰ ਅੰਦਰ ਰਹਿੰਦਾ, ਮੈਂ ਕੱਲੀ ਜਨਾਨੀ ਘਰੇ ਕੰਧਾਂ ਕੰਨ੍ਹੀ ਝਾਕਦੀ ਰਹਿਨੀ ਆਂ... ਸੁੱਖ ਨਾਲ ਘਰੇ ਰੌਣਕ ਹੋਜੂਗੀ... ਬੱਸ ਹੁਣ ਤਾਂ ਕਰ ਈ ਦੇਣਾ ਵਿਆਹ ਆਪਾਂ ਗੁਰੀ ਦਾ ... ਨਸੀਬ ਕੌਰ ਨੇ ਗੁਰੀ ਦੇ ਮਾਮੇ ਨੂੰ ਕੋਈ ਚੰਗੇ ਘਰਾਣੇ ਦੀ ਗੁਰਸਿੱਖ ਕੁੜੀ ਵੇਖਣ ਲਈ ਵੀ ਕਹਿ ਦਿੱਤਾ ਸੀ।

ਗੁਰਸ਼ੇਰ ਦੇ ਮਾਂ-ਪਿਉ ਧਰਮਯੁੱਧ ਮੋਰਚੇ ਵਿੱਚ ਇੱਕ ਆਰੀਂ ਗ੍ਰਿਫਤਾਰ ਵੀ ਹੋਏ ਸੀ... ਕਾਫ਼ੀ ਨੇੜਿਓਂ ਵੇਖਿਆ ਸੀ ਉਹਨਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ.... ਬਖਸ਼ੀਸ਼ ਸਿੰਘ ਸੰਤਾਂ ਤੋਂ ਬਹੁਤ ਪ੍ਰਭਾਵਿਤ ਸੀ ਤੇ ਉਹੀ ਗੁੜ੍ਹਤੀ ਅੱਗੇ ਗੁਰਸ਼ੇਰ ਨੂੰ ਮਿਲੀ ਸੀ... ਬੇਸ਼ੱਕ ਸਿੱਖ ਸੰਘਰਸ਼ ਦੀ ਹਥਿਆਰਬੰਦ ਲੜਾਈ ਨਾਲ ਇਸ ਪਰਿਵਾਰ ਦਾ ਦੂਰ-ਦੂਰ ਦਾ ਵੀ ਵਾਸਤਾ ਨਹੀਂ ਸੀ ਪਰ ਚੱਲ ਰਹੇ ਸੰਘਰਸ਼ ਦੀ ਹਮਾਇਤ ਕਿਸੇ ਤੋਂ ਲੁਕਵੀਂ ਵੀ ਨਹੀਂ ..

ਬਖਸ਼ੀਸ਼ ਸਿੰਘ ਅਸਲੋਂ ਗੁਰਮੁਖ ਬੰਦਾ ਸੀ, ਸੱਚੀ-ਸੁੱਚੀ ਕਿਰਤ ਕਰਨ ਵਾਲਾ, ਵਾਹਿਗੁਰੂ ਦੀ ਕ੍ਰਿਪਾ ਨਾਲ ਚੰਗੀ ਫਸਲ-ਵਾੜੀ ਹੋ ਜਾਂਦੀ ਸੀ ਤੇ ਕੁਝ ਸਮਾਂ ਪਹਿਲਾਂ ਬਖਸ਼ੀਸ਼ ਸਿੰਘ ਨੇ ਤਿੰਨ ਟਰੱਕ ਵੀ ਲਏ ਸੀ 'ਗੁਰਸ਼ੇਰ

ਟਰਾਂਸਪੋਰਟਰਜ਼' ਦੇ ਨਾਮ 'ਤੇ.... ਉਹ ਇਸ ਕੰਮ ਨੂੰ ਹੋਰ ਅੱਗੇ ਵਧਾਉਣਾ ਚਾਹੁੰਦਾ ਸੀ.... ਟਰੱਕ ਡਰਾਇਵਰਾਂ ਨੂੰ ਬਖਸ਼ੀਸ਼ ਸਿੰਘ ਦੀ ਖਾਸ ਹਦਾਇਤ ਸੀ ਕਿ ਕਦੇ ਵੀ ਕਿਸੇ ਨਸ਼ੀਲੀ ਚੀਜ਼ ਦੀ ਤਸ਼ਕਰੀ ਨਹੀਂ ਕਰਨੀ.... ਨਾ ਹੀ ਸ਼ਰਾਬ ਪੀ ਕੇ ਗੱਡੀ ਚਲਾਉਣੀ ਆਂ....

ਟਰੱਕਾਂ ਦਾ ਕੰਮ ਆਮ ਤੌਰ 'ਤੇ ਦਰਬਾਰਾ ਸਿੰਘ ਹੀ ਵੇਖਦਾ ਸੀ। ਦਰਬਾਰੇ ਦੇ ਕਹਿਣ 'ਤੇ ਹੀ ਬਖਸ਼ੀਸ਼ ਸਿੰਘ ਨੇ ਇਹ ਕੰਮ ਸ਼ੁਰੂ ਕੀਤਾ ਸੀ.... ਦਰਬਾਰਾ ਸਿੰਘ ਨੂੰ ਟਰਾਂਸਪੋਰਟੇਸ਼ਨ ਦਾ ਚੰਗਾ ਤਜ਼ਰਬਾ ਸੀ...ਉਸ ਦਾ ਕਲਕੱਤੇ ਟਰਾਂਸਪੋਰਟੇਸ਼ਨ ਦਾ ਕੰਮ ਸੀ, ਉਨੀ ਸੌ ਚੁਰਾਸੀ ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈ ਸਿੱਖ ਨਸਲਕੁਸ਼ੀ ਦਾ ਸੇਕ ਕਲਕੱਤੇ ਵੀ ਪਹੁੰਚਿਆ ਤੇ ਇਸੇ ਅੱਗ ਵਿੱਚ ਦਰਬਾਰਾ ਸਿੰਘ ਦੇ ਦੋ ਪੁੱਤਰਾਂ ਦੇ ਨਾਲ ਓਹਦਾ ਸਾਰਾ ਬਿਜਨਸ ਵੀ ਰਾਖ ਦੀ ਢੇਰੀ ਬਣ ਗਿਆ... ਤੇ ਉਹ ਕੱਖੋਂ ਹੌਲ਼ਾ ਹੋ ਕੇ ਪੰਜਾਬ ਪਹੁੰਚਿਆ.....

ਜਿਹੜਾ ਦਰਬਾਰਾ ਸਿੰਘ ਕਦੇ ਡਰਾਇਵਰਾਂ ਨੂੰ ਪਰਖ਼-ਨਿਰਖ ਕੇ ਰੱਖਦਾ ਹੁੰਦਾ ਸੀ... ਅੱਜ ਉਹ ਖ਼ੁਦ ਇੱਕ ਗੱਡੀ ਦੀ ਡਰਾਇਵਰੀ ਕਰਨ ਲੱਗ ਪਿਆ....ਹਾਲਾਤਾਂ ਨੇ ਜਵਾਂ ਈ ਪੁੱਠਾ ਗੇੜਾ ਲੈ ਲਿਆ ਸੀ....

ਬਖਸ਼ੀਸ਼ ਸਿੰਘ ਨੂੰ ਦਰਬਾਰਾ ਸਿਉਂ ਨਾਲ ਡੂੰਘੀ ਹਮਦਰਦੀ ਸੀ.... ਉਹਦੀ ਕਾਫ਼ੀ ਸਹਾਇਤਾ ਬਖਸ਼ੀਸ਼ ਸਿਉਂ ਨੇ ਕੀਤੀ ਤੇ ਉਹਦੇ ਕਹਿਣ 'ਤੇ ਹੀ ਇਹ ਕੰਮ ਸ਼ੁਰੂ ਕੀਤਾ ਸੀ... ਇਸੇ ਕਰਕੇ ਟਰੱਕ ਖੜ੍ਹਦੇ ਵੀ ਉਹਦੇ ਘਰੇ ਸੀ, ਚਲਦੇ ਵੀ ਉਹਦੇ ਘਰੋਂ ਸੀ... ਕੀ ਕਰਨਾ, ਕਿੱਥੇ ਭੇਜਣਾ, ਕਦੋਂ ਭੇਜਣਾ, ਕਿੰਨਾ ਕਿਰਾਇਆ.... ਸਭ ਜ਼ਿੰਮੇਵਾਰੀ ਦਰਬਾਰਾ ਸਿੰਘ ਦੀ ਹੀ ਸੀ.... ਜਾਂ ਇਉਂ ਕਹਿ ਲਈਏ ਕਿ ਦਰਬਾਰਾ ਸਿੰਘ ਨੂੰ ਪੈਰਾਂ 'ਤੇ ਖੜ੍ਹਾ ਕਰਨ ਲਈ ਹੀ ਗੁਰੀ ਦੇ ਬਾਪੂ ਨੇ ਟਰਾਂਸਪੋਰਟੇਸ਼ਨ ਦਾ ਕੰਮ ਆਰੰਭਿਆ ਸੀ... ਜੀਹਦੇ ਨਾਲ ਦਰਬਾਰਾ ਸਿੰਘ ਦਾ ਵੀ ਵਧੀਆ ਗੁਜ਼ਾਰਾ ਹੋਣ ਲੱਗ ਪਿਆ ਤੇ ਕੁਝ ਨਾ ਕੁਝ ਬਖਸ਼ੀਸ਼ ਸਿੰਘ ਨੂੰ ਵੀ ਬਚ ਜਾਂਦਾ....

".....ਉਏ ਗੁਰੀ....ਆ ਜਾ ਰੋਟੀ ਖਾ ਲੈ ਪੁੱਤ.... ਫੇਰ ਚਲਦੇ ਆਂ ਗੁਰਦੁਆਰੇ... ਅੱਜ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ ਤੇ... ਬੇਪਰਵਾਹ ਦਾ ਢਾਡੀ ਜੱਥਾ ਬੁਲਾਇਆ ਕਮੇਟੀ ਨੇ.... ਗੁਰੀ ਦੀ ਮਾਂ ਨੇ ਚੁੱਲ੍ਹੇ ਕੋਲੋਂ ਆਵਾਜ਼ ਦਿੱਤੀ।

".....ਆਇਆ ਬੇਬੇ.... ਕਹਿੰਦਿਆਂ ਗੁਰੀ ਚੁੱਲ੍ਹੇ ਕੋਲ ਆ ਕੇ, ਪਾਥੀ ਦੇ ਉੱਪਰ ਬੈਠ ਗਿਆ ਰੋਟੀ ਖਾਣ ਵਾਸਤੇ।

".....ਵੇ ਕੋਈ ਪੀਹੜੀ ਪੂਹੜੀ ਤਾਂ ਲੈ ਲਾ ਆਏਂ ਕਿਵੇਂ ਖਾਏਂਗਾ....

ਨਸੀਬ ਕੌਰ ਨੇ ਪੀਹੜੀ ਫੜਾਉਂਦਿਆਂ ਆਖਿਆ....

"....ਰਹਿਣ ਦੇ ਬੇਬੇ ਏਦਾਂ ਬਹਿ ਕੇ ਖਾਣ ਦਾ ਨਜ਼ਾਰਾ ਵੱਖਰਾ ਈ ਆ... ਤੂੰ ਸਾਗ ਪਾ ਬਾਟੀ 'ਚ ਕੇਰਾਂ.... ਬੇਬੇ ਗਿਆਨੀ ਸੁਦਾਗਰ ਸਿੰਘ ਬੇਪਰਵਾਹ ਨੇ ਆਉਣਾ ਅੱਜ ਆਪਣੇ ਪਿੰਡ....??? ਗੁਰੀ ਨੇ ਮਾਂ ਨੂੰ ਦੁਹਰਾਅ ਕੇ ਪੁੱਛਿਆ....

ਹਾਂ ਪੁੱਤ ਸੁਣਿਆ ਮੈਂ, ਕਹਿੰਦੇ ਕੋਈ ਬੇਪਰਵਾਹ ਦਾ ਢਾਡੀ ਜੱਥਾ ਬੜਾ ਮਸ਼ੂਰ ਆ.... ਉਹਨੇ ਆਉਣਾ ਨਸੀਬ ਕੌਰ ਨੇ ਮੱਕੀ ਦੀ ਰੋਟੀ ਖੁਰਚਣੇ ਨਾਲ ਥੱਲਦਿਆਂ ਕਿਹਾ....

ਚੱਲ ਫਿਰ ਰੋਟੀ ਖਾਈਏ ਦਬਾ-ਦਬ ਤੇ ਚੱਲੀਏ.... ਕਹਿੰਦਿਆਂ ਗੁਰੀ ਰੋਟ ਖਾਣ ਪਿਆ....

ਗੁਰਦੁਆਰਾ ਸਾਹਿਬ ਅੱਜ ਵਾਹਵਾ ਗਹਿਮਾ ਗਹਿਮੀ ਸੀ। ਕਾਫ਼ੀ ਸੰਗਤ ਪੰਡਾਲ 'ਚ ਜੁੜੀ ਬੈਠੀ ਸੀ। ਗਿਆਨੀ ਸੁਦਾਗਰ ਸਿੰਘ ਬੇਪਰਵਾਹ ਢਾਡੀ ਜਗਤ ਦਾ ਪ੍ਰਸਿੱਧ ਨਾਂ ਸੀ.... ਮੌਜੂਦਾ ਸਿੱਖ ਸੰਘਰਸ਼ ਦੀਆਂ ਵਾਰਾਂ ਬੜੇ ਜੋਸ਼ ਨਾਲ ਸੁਣਾਉਣ ਦੀ ਮੁਹਾਰਤ ਸੀ ਇਸ ਜੱਥੇ ਨੂੰ.... ਖੈਰ ਅੱਜ ਦਿਨ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸੀ।

ਤਕਰੀਬਨ ਸਾਢੇ ਕੁ ਗਿਆਰਾਂ ਵਜੇ ਸਟੇਜ਼ ਆਰੰਭ ਹੋਈ। ਗਿਆਨੀ ਜੀ ਨੇ ਜਿਸ ਲਹਿਜੇ ਨਾਲ ਚਮਕੌਰ ਦੀ ਗੜ੍ਹੀ ਦੀ ਜੰਗ ਨੂੰ ਬਿਆਨ ਕੀਤਾ ਕਿਆ ਬਾ-ਕਮਾਲ ਸੀ। ਦੋ ਘੰਟੇ ਉਹਨਾਂ ਨੇ ਦੀਵਾਨ ਸਜਾਇਆ ਤੇ ਸੰਗਤ ਦੀਆਂ ਅੱਖਾਂ 'ਚੋਂ ਹੰਝੂ ਨੀਂ ਸੁੱਕਣ ਦਿੱਤੇ.... ਤੇ ਜਾਂਦੇ-ਜਾਂਦੇ ਸੰਗਤ ਦੀ ਫੁਰਮਾਇਸ਼ ਤੇ ਉਹਨਾਂ ਆਪਣੀ ਪ੍ਰਸਿੱਧ ਕੈਸਿਟ 'ਰਾਜ ਖ਼ਾਲਸੇ ਦਾ' ਦੀ ਮਸ਼ਹੂਰ ਵਾਰ...

ਰੌਣਕ ਹੋਣੀ ਨਹੀਂ ਸੀ ਚੰਦਪੁਰ ਚਾਂਦਨੀ ਚੌਂਕ ਦੀ
ਬਾਪੂ ਕਰਦਾ ਨਾ ਜੇ ਦਿੱਲੀ ਵੱਲ ਤਿਆਰੇ
ਖ਼ੂਨ ਡੁੱਲ੍ਹਦਾ ਨਾ ਜੇ ਪਿਉ ਸਾਡੇ ਦੀਆਂ ਰਗਾਂ ਦਾ
ਹਿੰਦੀ ਸੁੱਕ-ਮੁੱਕ ਜਾਂਦੇ ਕੇਸਰ ਦੇ ਕਿਆਰੇ
ਜੇ ਤੂੰ ਕੇਸਗੜ੍ਹੀ ਵਿੱਚ ਪੀਲਾ ਝੰਡਾ ਗੱਡਦਾ ਨਾ
ਹੈਦਰ ਹਰਾ ਝੂਲ੍ਹਦਾ ਭਾਰਤ ਉਤੇ ਸਾਰੇ
ਜੇ ਨਾ ਨੀਹਾਂ ਦੇ ਵਿੱਚ ਦੋ ਚਿਣਵਾਉਂਦੇ ਸਤਿਗੁਰ ਜੀ
ਅੱਜ ਨੂੰ ਢਹਿ-ਢੁਹ ਜਾਂਦੇ ਭਾਰਤ ਦੇ ਮੀਨਾਰੇ
ਸਾਰੀ ਦੁਨੀਆ ਉਤੇ ਰਾਜ ਨਾ ਹੁੰਦਾ ਕੌਂਸਲ ਦਾ
ਜੇ ਤੂੰ ਚੁਣਦਾ ਨਾ ਤਲਵਾਰ ਨਾ ਪੰਜ ਪਿਆਰੇ

ਮੋਹਨ ਮੰਦਰਾਂ ਦੇ ਵਿਚ ਟੱਲੀਆਂ ਛੈਣੇ ਵੱਜਦੇ ਨਾ
ਗੂੰਜਾਂ ਪਾਉਂਦੇ ਨਾ ਜੇ ਵੱਜ ਰਣਜੀਤ ਨਗਾਰੇ.....

ਜਦੋਂ ਲੰਮੀ ਹੇਕ ਵਿੱਚ ਬੇਪਰਵਾਹ ਦਾ ਜੱਥਾ ਇਹ ਵਾਰ ਗਾ ਰਿਹਾ ਸੀ ਤਾਂ ਸੰਗਤ ਦਾ ਜੋਸ਼ ਵੇਖਣ ਵਾਲਾ ਸੀ....ਲੋਕਾਂ ਨੇ ਰੁਪਈਆਂ ਵਾਲਾ ਮੀਂਹ ਵਰ੍ਹਾ ਦਿੱਤਾ ਤੇ ਗਿਆਨੀ ਬੇਪਰਵਾਹ ਦਾ ਮੂੰਹ ਸਿਰੋਪਿਆਂ ਦੇ ਵਿੱਚ ਲੁਕਿਆ ਨੀਂ ਸੀ ਦਿਸਦਾ....

ਸਮਾਗਮ ਦੀ ਸਮਾਪਤੀ ਉਪਰੰਤ ਗਿਆਨੀ ਜੀ ਦੇ ਜੱਥੇ ਨੂੰ ਨੌਜੁਆਨਾਂ ਨੇ ਲੰਗਰ ਛਕਾਇਆ ਤੇ ਜਾਂਦੇ-ਜਾਂਦੇ ਗਿਆਨੀ ਜੀ ਸਰਦਾਰ ਬਖਸ਼ੀਸ਼ ਸਿੰਘ ਦੀ ਬੇਨਤੀ ਤੇ ਉਹਨਾਂ ਦੇ ਘਰ ਜਲ-ਪਾਣੀ ਛਕਣ ਆਏ...

ਗੁਰੀ ਹੁਰਾਂ ਨੂੰ ਗੁਰਦੁਆਰਾ ਸਾਹਿਬ ਸੇਵਾ ਕਰਦਿਆਂ ਸ਼ਾਮ ਦੇ ਚਾਰ ਵੱਜ ਗਏ.... ਭਾਂਡੇ ਬਗੈਰਾ ਸੰਭਾਲ਼ ਕੇ ਸਫ਼ਾਈ ਕਰਕੇ ਫਿਰ ਘਰ ਆਏ....

"....ਅੱਜ ਤਾਂ ਬਈ ਕਮਾਲ ਕਰਤੀ ਬੇਪਰਵਾਹ ਨੇ ਬਖਸ਼ੀਸ਼ ਸਿਉਂ ਨੇ ਨਸੀਬ ਕੌਰ ਨੂੰ ਆਖਿਆ....

ਹਾਂ ਸਰਦਾਰ ਜੀ ਢਾਡੀ ਜੱਥਾ ਬਹੁਤ ਵਧੀਆ ਸੀ ਇਸੇ ਨੂੰ ਮੰਗਾਇਆ ਕਰੋ ਬੱਸ ਹੁਣ ਅਗਾਂਹ ਤੋਂ, ਨਸੀਬ ਕੌਰ ਨੇ ਕਿਹਾ....

ਹਾਂ ਜੱਥਾ ਚੰਗਾ ਸੀ.... ਗੁਰੀ ਕਿੱਥੇ ਗਿਆ....??? ਬਖਸ਼ੀਸ਼ ਸਿਉਂ ਨੇ ਪੁੱਛਿਆ....

ਉਹ ਮੈਨੂੰ ਲੱਗਦਾ ਖੇਤ ਨਾ ਚਲਿਆ ਗਿਆ ਹੋਵੇ ਸੀਰੀ ਨਾਲ ਪੱਠੇ ਲੈਣ ਨਸੀਬ ਕੌਰ ਨੇ ਜਵਾਬ ਦਿੱਤਾ....

ਸਰਦਾਰ ਜੀ ਗੁਰੀ ਦਾ ਮਾਮਾ ਨੇਕ ਕਿਸੇ ਰਿਸ਼ਤੇ ਦੀ ਦੱਸ ਪਾਉਂਦਾ ਸੀ.... ਕਹਿੰਦਾ ਸੀ ਕੁੜੀ ਖੌਰੇ 'ਮਰੀਕਾ ਤੋਂ ਆਈ ਆ ਮਖਿਆ 'ਮਰੀਕਾ ਤਾਂ ਨੀਂ ਮੈਂ ਮੁੰਡਾ ਭੇਜਣਾ.... ਤੁਸੀਂ ਏਧਰਲੀ ਕੁੜੀ ਦੀ ਦੱਸ ਪਾਉ...ਵਿਆਹ ਅਸੀਂ ਲੈਲਾਂਗੇ... ਨਸੀਬ ਕੌਰ ਨੇ ਗੁਰੀ ਦੇ ਬਾਪੂ ਨੂੰ ਦੱਸਿਆ....

.... ਭਲੀਏ ਲੋਕੇ ਕਾਹਨੂੰ ਕਾਹਲੀ ਕਰੀ ਜਾਨੀ ਆਂ....ਆਪਣਾ ਮੁੰਡਾ ਸਿਆਣਾ, ਕੋਈ ਬੈਲ ਨੀਂ ਐਬ ਨੀਂ.... ਆਹ ਹੋ ਜਾਣ ਦੇ ਉਹਦੀ ਪੜ੍ਹਾਈ ਪੂਰੀ ਹੋਰ ਖੜ੍ਹਜਾ ਹੁਣ ਚਾਰ ਮਹੀਨੇ... ਵਿਆਹ ਤਾਂ ਕਰ ਈ ਦੇਣਾ.... ਕਰ ਲੈਣ ਦੇ ਐਸ਼ ਅਜੇ ਹੋਰ... ਕਹਿੰਦਿਆਂ ਬਖਸ਼ੀਸ਼ ਸਿਉਂ ਨੇ ਗੁਰੀ ਦੀ ਬੇਬੇ ਨੂੰ ਚੁੱਪ ਕਰਾ ਦਿੱਤਾ।

ਏਨੇ ਨੂੰ ਗੁਰੀ ਵੀ ਆ ਗਿਆ.....ਆ ਕੇ ਸੀਰੀ ਨਾਲ ਪੱਠੇ ਕੁਤਰਾ ਕੇ..... ਬਾਹਰ ਸੱਥ ਵਿੱਚ ਚਲਾ ਗਿਆ।

ਆ ਬਈ ਸ਼ੇਰਾ ਕਿਵੇਂ ਆ....ਛੁੱਟੀਆਂ ਫਿਰ ਹੁਣ....ਇੱਕ ਬਜ਼ੁਰਗ

ਨੇ ਗੁਰੀ ਦਾ ਮੋਢਾ ਪਲੋਸਦਿਆਂ ਪੁੱਛਿਆ।

ਹਾਂ ਬਾਪੂ ਜੀ ਦੋ ਛੁੱਟੀਆਂ ਸੀ, ਇਸੇ ਕਰਕੇ ਆ ਗਿਆ ਸੀ ਪਿੰਡ, ਬੱਸ ਜਾਣਾ ਸਵੇਰੇ... ਹੋਰ ਸੁਣਾਉ ਤੁਸੀਂ ਰਾਜ਼ੀ-ਖੁਸ਼ੀ ਓ....

"....ਹਾਂ ਸ਼ੇਰਾ, ਰਾਜ਼ੀ ਖੁਸ਼ੀ ਈ ਆਂ ਬੱਸ, ਸੱਥ 'ਚ ਬਹਿ ਜਾਈਦਾ ਆ ਕੇ.... ਇਥੇ ਕੋਈ ਨਾ ਕੋਈ 'ਖਬਾਰ ਖਬੂਰ ਆ ਜਾਂਦਾ, ਮੁੰਡੇ ਪੜ੍ਹਕੇ ਸੁਣਾ ਦਿੰਦੇ ਆ... ਰੋਜ਼ ਪੰਜ-ਸੱਤ ਗੱਭਰੂ ਮਾਰ ਦਿੰਦੀ ਆ ਪੁਲਸ.... ਬੱਸ ਹੁਣ ਤਾਂ ਇਹੀ ਖ਼ਬਰਾਂ 'ਖਬਾਰਾਂ 'ਚ .... ਸੁਣੀ ਜਾਨੇ ਆਂ ਕਲਪੀ ਜਾਨੇ ਆਂ... ਬਜ਼ੁਰਗ ਨੇ ਪੈਰ ਦੇ 'ਗੂਠੇ ਨਾਲ ਧਰਤੀ ਤੇ ਲਕੀਰ ਮਾਰ ਕੇ ਮਿਟਾਉਂਦਿਆਂ ਆਖਿਆ।

ਬਾਪੂ ਦੀ ਗੱਲ ਸੁਣਕੇ ਗੁਰੀ ਨੂੰ ਅਦੀਬ ਦੀ ਨਜ਼ਮ ਯਾਦ ਆਈ:

*ਰਾਤ ਦੇ ਹਨੇਰੇ ਵਿੱਚ*
*ਬੁੱਢਾ ਦਰਿਆ ਸਤਲੁਜ*
*ਲਾਸ਼ਾਂ ਪਿਆ ਢੋਂਦਾ ਹੈ*
*ਏਸ ਉਮਰੇ ਹਾਕਮ ਦੀ*
*ਕਿਹੋ ਜਿਹੀ ਨੌਕਰੀ ਕਰਦਾ ਹੈ*
*ਜਾਂ ਸਿਰਫ਼ ਵੰਗਾਰੀ ਹੈ*
*ਪੁਲਿਸ ਕੋਲੋਂ ਡਰਦਾ ਹੈ*

*ਜਿਨ੍ਹਾਂ ਨੇ ਬਚਾਉਣਾ ਸੀ*
*ਵੰਗਾਰ ਤੋਂ ਛਡਾਉਣਾ ਸੀ*
*ਉਹਨਾਂ ਦੀਆਂ ਲਾਸ਼ਾਂ ਹੀ*
*ਦਰਿਆ ਖੁਦ ਢੋਂਦਾ ਹੈ*
*ਮਾਜਰਾ ਨਹੀਂ ਦੱਸਦਾ*
*ਦਰਿਆ ਬੱਸ ਰੋਂਦਾ ਹੈ।* *(ਸੁਰਜੀਤ ਪਾਤਰ)*

ਗੁਰਸ਼ੇਰ ਕਾਫ਼ੀ ਸਮਾਂ ਸੱਥ 'ਚ ਬੈਠਾ ਗੱਲਾਂ ਮਾਰਦਾ ਰਿਹਾ.... ਮੂੰਹ ਨ੍ਹੇਰੇ ਜੇ ਮਾਂ ਨੇ ਆਵਾਜ਼ ਦਿੱਤੀ ਰੋਟੀ ਖਾਣ ਲਈ.... ਆ ਕੇ ਰੋਟੀ ਖਾਧੀ ਤੇ ਸਵੇਰੇ ਯੂਨੀਵਰਸਿਟੀ ਜਾਣ ਦੀ ਤਿਆਰੀ ਕਰਨ ਲੱਗ ਪਿਆ।

----------------

# ਕਾਂਡ - 4

*ਜਿੰਦ ਖੜ੍ਹੀ ਐ ਸੋਚਾਂ ਦੇ ਮੋੜ ਉਤੇ ਖੁੱਸ ਗਿਆ ਏ ਚੈਨ ਕਰਾਰ ਮੇਰਾ*
*ਇੱਕ ਪਾਸੇ ਤੇ ਘਰ ਏ ਸੱਜਣਾ ਦਾ, ਇੱਕ ਪਾਸੇ ਏ ਪਰਵਰਦਿਗਾਰ ਮੇਰਾ*
*ਉਸ ਗਲ਼ੀ ਵਿੱਚ ਰੱਬ ਦਾ ਘਰ ਸਾਦਿਕ, ਜਿਸ ਗਲ਼ੀ 'ਚ ਵਸਦਾ ਯਾਰ ਮੇਰਾ*
*(ਸਾਦਿਕ)*

ਲਗਭਗ ਇੱਕ ਮਹੀਨਾ ਹੋ ਗਿਆ ਸੀ ਗੁਰੀ, ਗੀਤ ਤੇ ਸ਼ਵਿੰਦਰ ਆਪਣੇ-ਆਪਣੇ ਲੈਕਚਰ ਖਤਮ ਕਰਕੇ ਹਰ ਰੋਜ਼ ਪਾਰਕ 'ਚ ਆ ਬਹਿੰਦੇ ਤੇ ਕਿੰਨਾ-ਕਿੰਨਾ ਚਿਰ ਬੈਠੇ ਗੱਲਾਂ ਕਰਦੇ ਰਹਿੰਦੇ....

ਪੰਜਾਬ 'ਚ ਕੋਈ ਵੀ ਮਹੱਤਵਪੂਰਨ ਘਟਨਾ ਵਾਪਰਦੀ, ਸਿੱਖ ਸੰਘਰਸ਼ ਨਾਲ ਸਬੰਧਤ ਕੋਈ ਗੱਲ ਹੁੰਦੀ, ਸਿੱਖ ਸੋਚ ਦੀ ਗੱਲ ਹੁੰਦੀ, ਕੌਮ ਦੇ ਵਰਤਮਾਨ, ਭੂਤ ਤੇ ਭਵਿੱਖ ਸਬੰਧੀ ਕੋਈ ਸਵਾਲ ਹੁੰਦਾ ਤਾਂ ਉਹਦੇ ਬਾਰੇ ਜਾਣਨ ਲਈ ਗੀਤ ਦੀ ਜ਼ੁਬਾਨ ਤੇ ਇੱਕੋ ਨਾਮ ਹੁੰਦਾ ਸੀ ਗੁਰਸ਼ੇਰ।

ਕੁਝ ਵੀ ਜਾਣਨ ਦੀ ਉਤਸੁਕਤਾ ਹੋਣੀ ਉਹਨੇ ਸ਼ਵਿੰਦਰ ਨੂੰ ਕਹਿਣਾ ਵੀਰ ਆ ਗੁਰੀ ਨੂੰ ਪੁੱਛਦੇ ਆਂ, ਉਹ ਕੀ ਕਹਿੰਦਾ.....

ਗੀਤ ਦਿਨੋ-ਦਿਨ, ਪਲ-ਪਲ ਗੁਰੀ ਵੱਲ ਖਿੱਚੀ ਆ ਰਹੀ ਸੀ, ਇਹ ਗੱਲ ਨਹੀਂ ਸੀ ਕਿ ਗੀਤ ਨੂੰ ਇਸ ਦੀ ਜਾਣਕਾਰੀ ਨਹੀਂ ਸੀ ਪਤਾ ਉਸ ਨੂੰ ਵੀ ਸੀ .... ਤੇ ਥੋੜ੍ਹਾ-ਥੋੜ੍ਹਾ ਅੰਦਾਜ਼ਾ ਸ਼ਵਿੰਦਰ ਨੂੰ ਵੀ ਹੋਣ ਲੱਗਿਆ ਸੀ। ਉਹਨੇ ਇੱਕ-ਦੋ ਵਾਰ ਗੱਲੀਂ-ਬਾਤੀਂ ਕਿਹਾ ਵੀ:

"ਭੈਣ ਮੈਨੂੰ ਲੱਗਦਾ ਗੁਰੀ ਤੇਰੇ ਦਿਲ਼ ਨੂੰ ਜਚ ਗਿਆ"

ਪਹਿਲਾਂ-ਪਹਿਲਾਂ ਤਾਂ ਗੀਤ ਨਹੀਂ ਵੀਰੇ ਇਦਾਂ ਦੀ ਕੋਈ ਗੱਲ ਨੀਂ.... ਬੱਸ ਐਵੇਂ ਈ ਉਹਦੀਆਂ ਗੱਲਾਂ ਵਧੀਆ ਲੱਗਦੀਆਂ ਕਹਿ ਕੇ ਗੱਲ ਟਾਲ ਜਾਂਦੀ ਪਰ ਹੁਣ ਜੇ ਕਦੇ ਸ਼ਵਿੰਦਰ ਕਹਿੰਦਾ ਭੈਣੇ ਮੈਨੂੰ ਲੱਗਦਾ ਤੂੰ ਗੁਰੀ ਨੂੰ ਪਸੰਦ ਕਰਨ ਲੱਗੀ ਏਂ... ਤਾਂ ਗੀਤ ਕਹਿੰਦੀ ਹਾਂ ਵੀਰ ਹੁਣ ਮੈਨੂੰ ਵੀ ਲੱਗਣ ਲੱਗਿਆ... ਜਿਸ ਦਿਨ ਆਪਾਂ ਗੁਰੀ ਨੂੰ ਨਹੀਂ ਮਿਲਦੇ ਮੇਰਾ ਜੀਅ ਨੀਂ ਲੱਗਦਾ.... ਜਦੋਂ ਕਦੇ ਗੁਰੀ ਯੂਨੀਵਰਸਿਟੀ ਨੀਂ ਆਉਂਦਾ ਤਾਂ ਦਿਲ ਕਰਦਾ ਉਹਦੇ ਪਿੰਡ ਜਾ ਕੇ ਮਿਲ ਆਵਾਂ... ਵੀਰ ਤੂੰ ਸੱਚ ਕਹਿੰਦਾ ਸੀ ਗੁਰੀ ਜਚ ਗਿਆ ਇਸ ਦਿਲ ਨੂੰ....

ਅੱਗੋਂ ਸ਼ਵਿੰਦਰ ਹੱਸ ਕੇ, ਆਖਿਰ ਗੁਰੀ ਯਾਰ ਕਿਸ ਦਾ ਕਹਿਕੇ ਆਪਣੀ ਹਿੱਕ ਥਾਪੜਦਾ....

ਪਰ ਗੁਰੀ ਨੂੰ ਇਨ੍ਹਾਂ ਗੱਲਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ, ਨਾ ਹੀ ਉਹਨੇ ਕਦੇ ਗੀਤ ਨੂੰ ਇਨ੍ਹਾਂ ਨਜ਼ਰਾਂ ਨਾਲ ਵੇਖਿਆ ਸੀ... ਜੇ ਕਦੇ ਸ਼ਵਿੰਦਰ ਹਾਸੇ ਮਖੌਲ 'ਚ ਕੋਈ ਟਾਂਚ ਕਰਦਾ ਤਾਂ ਗੁਰੀ 'ਏਦਾਂ ਦੀ ਕੋਈ ਗੱਲ ਨੀਂ ਯਾਰ' ਕਹਿ ਕੇ ਗੱਲ ਨਿਬੇੜ ਦਿੰਦਾ.... ਜੇ ਸ਼ਵਿੰਦਰ ਕਹਿੰਦਾ ਮੈਨੂੰ ਲੱਗਦਾ ਗੁਰੀ, ਗੀਤ ਤੈਨੂੰ ਪਸੰਦ ਕਰਨ ਲੱਗੀ ਆ... ਤਾਂ ਗੁਰੀ ਇਕਦਮ ਆਖਦਾ "......ਭਰਾਵਾ ਕਿਉਂ ਮੇਰੇ ਹੱਡ ਤੁੜਵਾਉਣੇ ਆਂ ਅਗਲੀ ਡੀ.ਐਸ.ਪੀ. ਦੀ ਧੀ ਆ ਮੇਰੇ ਅਰਗੇ ਜੱਭਲ਼ਾਂ ਦਾ ਘਾਟਾ ਕਿਤੇ ਉਹਨੂੰ ....."

ਗੁਰੀ ਦੀ ਗੱਲ ਠੀਕ ਸੀ, ਗੀਤ ਲਈ ਮੁੰਡਿਆਂ ਦੀ ਕੋਈ ਕਮੀ ਨਹੀਂ ਸੀ ਪਰ ਗੀਤ ਦੇ ਸੁਪਨਿਆਂ 'ਚ ਕਿੱਦਾਂ ਦਾ ਜੀਵਨ ਸਾਥੀ ਵਸਿਆ ਸੀ, ਅਸਲ ਗੱਲ ਇਹ ਸੀ ...

ਗੀਤ ਅਸਲੋਂ ਨਰਮ ਕੁੜੀ ਸੀ....ਅੱਜ ਦੀਆਂ ਕੁੜੀਆਂ ਵਾਲਾ ਉਹਨੂੰ ਕੋਈ ਪਾਹ ਨਹੀਂ ਸੀ ਲੱਗਿਆ... ਨਾ ਹੀ ਉਹਦੇ 'ਚ ਅਫ਼ਸਰਾਂ ਦੀਆਂ ਕੁੜੀਆਂ ਵਾਲੀ ਆਕੜ ਸੀ... ਸਿਰ 'ਤੇ ਚੁੰਨੀ ਲੈ ਕੇ, ਨੀਵੀਂ ਪਾ ਕੇ ਤੁਰਨਾ ਉਹਦਾ ਸੁਭਾਅ ਸੀ... ਤੇ ਦੁਨਿਆਵੀ ਫੈਸ਼ਨਾਂ ਤੋਂ ਕੋਹਾਂ ਦੂਰ... ਅੰਮ੍ਰਿਤ ਉਹਨੇ ਬੇਸ਼ੱਕ ਨਹੀਂ ਛਕਿਆ ਸੀ, ਪਰ ਉਹਦੀ ਸਾਦਗੀ ਵੇਖ ਕੇ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਸੀ... ਇਕੱਲੀ ਸੂਰਤ ਹੀ ਨਹੀਂ ਸੀਰਤ ਪੱਖੋਂ ਵੀ ਗੀਤ ਦਾ ਕੋਈ ਮੁਕਾਬਲਾ ਨਹੀਂ ਸੀ.... ਮੁੱਕਦੀ ਗੱਲ ਗੀਤ ਨਿਰੀ 'ਅਜੰਤਾ ਦੀ ਮੂਰਤ' ਲੱਗਦੀ ਸੀ....

................

*ਲਥਪਥ ਪੰਛੀ ਵਾਂਗਰਾਂ ਆ ਡਿੱਗੀ ਅਖ਼ਬਾਰ ਸੀ।*
*ਚਾਰ ਕੁ ਸਤਰਾਂ ਬਣ ਗਿਆ ਇੱਕ ਮਰਿਆ ਪਰਵਾਰ ਸੀ।*

(ਪਾਤਰ)

ਪੰਜਾਬ ਦਾ ਮਾਹੌਲ ਇੱਕ ਵਾਰ ਫੇਰ ਗਰਮਾ ਚੁੱਕਿਆ ਸੀ। ਅੱਜ ਦੇ ਤਕਰੀਬਨ ਸਾਰੇ ਅਖ਼ਬਾਰਾਂ 'ਚ ਇੱਕ ਖਾਸ ਖ਼ਬਰ ਸੀ।

"ਸਦਰ ਬਜ਼ਾਰ ਪਟਿਆਲਾ ਵਿਚ ਅੱਤਵਾਦੀਆਂ ਵੱਲੋਂ ਸ਼ਰੇਆਮ ਤਿੰਨ ਹਿੰਦੂਆਂ ਦੀ ਹੱਤਿਆ, ਹਤਿਆਰਿਆਂ ਨੇ ਖਾਲ਼ਿਸਤਾਨ ਜ਼ਿੰਦਾਬਾਦ ਤੇ ਸੰਤ ਭਿੰਡਰਾਂਵਾਲੇ ਜ਼ਿੰਦਾਬਾਦ ਦੇ ਨਾਅਰੇ ਲਾਏ"

ਖ਼ਬਰ ਤਕਰੀਬਨ ਸਾਰੇ ਅਖ਼ਬਾਰਾਂ ਵਿੱਚ ਛਪੀ ਸੀ ਪਰ ਅੱਗਬਾਣੀ ਅਖ਼ਬਾਰ ਨੇ ਕੁਝ ਖਾਸ ਕਵਰੇਜ਼ ਦਿੱਤੀ ਸੀ ਇਸ ਘਟਨਾ ਨੂੰ .....

"ਅੱਜ ਸਿੱਖ ਅੱਤਵਾਦੀਆਂ ਵੱਲੋਂ ਸ਼ਰੇ ਬਜ਼ਾਰ ਤਿੰਨ ਬੇਕਸੂਰ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਦੋਵੇਂ ਅੱਤਵਾਦੀ ਬੁਲਿਟ ਮੋਟਰਸਾਈਕਲ 'ਤੇ ਸਵਾਰ ਸਨ ਤੇ ਦੋਵਾਂ ਨੇ ਆਪਣੇ ਮੂੰਹ ਕਾਲ਼ੀਆਂ ਕੰਬਲ਼ੀਆਂ ਨਾਲ ਪੂਰੀ ਤਰ੍ਹਾਂ ਢਕੇ ਹੋਏ ਸਨ... ਪੰਜਾਬ ਦੀ ਸਰਕਾਰ ਤੇ ਪੁਲਿਸ ਹਿੰਦੂਆਂ ਦੀ ਜਾਨ ਤੇ ਮਾਲ ਦੀ ਰਾਖੀ ਕਰਨ ਵਿਚ ਨਾਕਾਮ ਰਹੀ ਹੈ। ਦੇਸ਼ ਨੂੰ ਇੰਦਰਾ ਗਾਂਧੀ ਵਰਗੀ ਨਿਧੜਕ ਅਗਵਾਈ ਦੀ ਲੋੜ ਹੈ। ਪੰਜਾਬ ਵਿੱਚ ਕੇਂਦਰ ਸਰਕਾਰ ਫੌਰੀ ਕਾਰਵਾਈ ਕਰਕੇ ਅੱਤਵਾਦੀਆਂ ਨੂੰ ਨੱਥ ਪਾਵੇ"

ਪੂਰੀ ਖ਼ਬਰ ਕਾਫ਼ੀ ਤਫ਼ਸੀਲ ਨਾਲ ਪ੍ਰਕਾਸ਼ਿਤ ਕੀਤੀ ਗਈ ਸੀ ਤੇ ਇਸੇ ਅਖ਼ਬਾਰ ਦੇ ਆਖ਼ਰੀ ਪੇਜ਼ 'ਤੇ ਇੱਕ ਮਾਚਿਸ ਦੀ ਡੱਬੀ ਜਿੰਨਾ...ਮੁਸ਼ਕਿਲ ਨਾਲ ਅੱਧੇ ਕੁ ਕਾਲਮ ਦਾ ਇੱਕ ਬਿਆਨ ਵੀ ਛਪਿਆ ਸੀ....ਜਿਸ ਵਿੱਚ 'ਖਾਲਿਸਤਾਨ ਕਮਾਂਡੋ ਫੋਰਸ' ਨੇ ਇਸ ਘਟਨਾ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਾਤਲਾਂ ਨੂੰ ਜਲਦ ਸਬਕ ਸਿਖਾਉਣ ਦਾ ਐਲਾਨ ਕੀਤਾ ਸੀ।

ਪਰ ਇਸ ਤੋਂ ਅੱਗੇ ਬਿਆਨ ਸ਼ਾਇਦ ਅਖ਼ਬਾਰ ਦੇ ਸੰਪਾਦਕ ਨੇ ਕੱਟ ਦਿੱਤਾ ਸੀ... ਬਾਕੀ, ਸਰਕਾਰ ਦਾ ਵੀ ਇਸ ਤਰ੍ਹਾਂ ਦੇ ਬਿਆਨਾਂ ਉੱਪਰ ਸੈਂਸਰ ਲੱਗਿਆ ਹੋਇਆਂ ਸੀ।

ਖਾਲਿਸਤਾਨ ਕਮਾਂਡੋ ਫੋਰਸ ਦਾ ਬਿਆਨ ਕੱਟੇ ਜਾਣ ਬਾਰੇ ਪਤਾ ਉਦੋਂ ਲੱਗਿਆ ਜਦੋਂ ਸ਼ਹਿਰ ਦੀ ਇੱਕ ਲੋਕਲ ਅਖ਼ਬਾਰ ਵਿੱਚ ਇਹੀ ਬਿਆਨ ਹੂ-ਬ-ਹੂ ਪ੍ਰਕਾਸ਼ਿਤ ਹੋਇਆ ਪੜ੍ਹਿਆ ਗਿਆ।

ਖਾੜਕੂ ਜਥੇਬੰਦੀ ਵੱਲੋਂ ਅੱਗੇ ਕਿਹਾ ਗਿਆ ਸੀ ਕਿ 'ਇਸ ਤਰ੍ਹਾਂ ਦੀਆਂ ਘਟਨਾਵਾਂ ਪਿੱਛੇ ਸਰਕਾਰ ਦਾ ਹੱਥ ਹੈ। ਸਰਕਾਰ ਸਿੱਖ ਸੰਘਰਸ਼ ਨੂੰ ਬਦਨਾਮ ਕਰਨਾ ਚਾਹੁੰਦੀ ਹੈ ਤੇ ਨਾਲ ਹੀ ਸਾਡੀ ਹੱਕੀ ਲੜਾਈ ਨੂੰ ਫਿਰਕੂ ਰੰਗਤ ਦੇਣਾ ਚਾਹੁੰਦੀ ਹੈ। ਸਾਡੀ ਲੜਾਈ ਸਰਕਾਰ ਨਾਲ ਹੈ ਨਾ ਕਿ ਹਿੰਦੂ ਭਰਾਵਾਂ ਨਾਲ.... ਨਾਲ ਇਹ ਵੀ ਲਿਖਿਆ ਸੀ ਕਿ ਹੱਤਿਆਵਾਂ ਤੋਂ ਬਾਅਦ ਖਾਲਿਸਤਾਨ ਜ਼ਿੰਦਾਬਾਦ ਤੇ ਸੰਤ ਭਿੰਡਰਾਂਵਾਲੇ ਜ਼ਿੰਦਾਬਾਦ ਦੇ ਨਾਅਰੇ ਲਾਉਣਾ ਕਾਤਲਾਂ ਦਾ ਮਕਸਦ ਬਿਆਨ ਕਰਦਾ ਹੈ ਇਹਨਾ ਕਤਲਾਂ ਨੂੰ ਖਾੜਕੂ ਲਹਿਰ ਨਾਲ ਜੋੜ ਕੇ ਲਹਿਰ ਦਾ ਨਾਮ ਬਦਨਾਮ ਕਰਨ ਦੀ ਸਾਜਿਸ਼ ਹੈ। ਉਹਨਾਂ ਅਜਿਹੇ ਲੁਟੇਰੇ ਤੇ ਖਾੜਕੂ ਗਰੁੱਪਾਂ ਵਿੱਚ ਘੁਸ ਚੁੱਕੇ ਅਨਸਰਾਂ ਨੂੰ ਸਖ਼ਤ ਚਿਤਾਵਨੀ ਵੀ ਦਿੱਤੀ।

...ਪਰ ਅਫ਼ਸੋਸ....!!! ਖਾੜਕੂ ਜਥੇਬੰਦੀ ਦਾ ਇਹ ਸਹੀ ਬਿਆਨ ਤਾਂ ਅਜਿਹੇ ਪੇਪਰ 'ਚ ਛਪਿਆ ਸੀ ਜਿਸ ਨੂੰ ਪੂਰੇ ਪਟਿਆਲੇ ਸ਼ਹਿਰ ਵਿੱਚ ਵੀ ਪੜ੍ਹਿਆ ਨਹੀਂ ਸੀ ਜਾਂਦਾ... ਤੇ ਅੱਗ ਪੂਰੇ ਪੰਜਾਬ ਵਿੱਚ ਲੱਗੀ ਸੀ ਤੇ

ਇਸ ਅੱਗ ਦਾ ਸੇਕ ਦਿੱਲੀ ਦਰਬਾਰ ਤੱਕ ਪਹੁੰਚਣਾ ਲਾਜ਼ਮੀ ਸੀ...

ਪਾਤਰ ਨੇ ਵੀ ਠੀਕ ਈ ਕਿਹਾ ਆਪਣੀ ਇੱਕ ਕਵਿਤਾ ਵਿੱਚ :

*ਵੱਢਣ ਵਾਲੇ ਕੌਣ ਸਨ*
*ਇਹ ਭੇਤ ਨਾ ਲੱਗਾ*
*ਪਰ ਬੇਦੋਸ਼ਾ ਖ਼ੂਨ ਤਾਂ*
*ਪੱਗਾਂ ਸਿਰ ਲੱਗਾ*

*ਉਹੀ ਛਿੱਟੇ ਖ਼ੂਨ ਦੇ*
*ਬਣ ਗਏ ਬਹਾਨਾ*
*ਸਾਡੀ ਪੱਗ ਨੂੰ ਪੈ ਗਿਆ*
*ਆਪਣਾ ਬੇਗਾਨਾ*

*ਜਿੱਥੋਂ ਤੱਕ ਛਾਂ ਤਖ਼ਤ ਦੀ*
*ਅੱਗਾਂ ਹੀ ਅੱਗਾਂ*
*ਚੌਕ ਚੁਰਾਹੇ ਸੜਦੀਆਂ*
*ਪੱਗਾਂ ਹੀ ਪੱਗਾਂ*

*ਲੱਗੀ ਨਜ਼ਰ ਪੰਜਾਬ ਨੂੰ*
*ਏਹਦੀ ਨਜ਼ਰ ਉਤਾਰੋ*
*ਲੈ ਕੇ ਮਿਰਚਾਂ ਕੌੜੀਆਂ*
*ਇਹਦੇ ਸਿਰ ਤੋਂ ਵਾਰੋ* (ਪਾਤਰ)

ਗੁਰੀ ਤੇ ਸ਼ਵਿੰਦਰ ਅੱਜ ਏਸੇ ਖ਼ਬਰ ਬਾਰੇ ਗੱਲ ਕਰ ਰਹੇ ਸਨ ਕਿ ਏਨੇ ਨੂੰ ਗੀਤ ਵੀ ਆ ਗਈ....

ਗੀਤ ਨੇ ਹੱਥ ਵਿੱਚ ਆਪਣੀਆਂ ਕਿਤਾਬਾਂ ਦੇ ਨਾਲ-ਨਾਲ ਅੱਗਬਾਣੀ ਅਖ਼ਬਾਰ ਦੀ ਉਕਤ ਕਾਪੀ ਵੀ ਫੜੀ ਹੋਈ ਸੀ। ਉਹਨੇ ਆਉਂਦਿਆਂ ਹੀ ਗੁਰੀ ਨੂੰ ਸਵਾਲ ਕੀਤਾ....

ਗੁਰੀ ਅੱਜ ਦਾ ਪੇਪਰ ਪੜ੍ਹਿਆ ਤੂੰ.....????

ਹਾਂ ਪੜ੍ਹਿਆ ਗੀਤ... ਗੁਰੀ ਨੇ ਲੋਕਲ ਅਖ਼ਬਾਰ ਵਾਲੀ ਖ਼ਬਰ ਗੀਤ ਨੂੰ ਵਿਖਾਉਂਦਿਆਂ ਆਖਿਆ.....

ਗੀਤ ਨੇ ਖਾੜਕੂ ਜਥੇਬੰਦੀ ਦੇ ਬਿਆਨ ਨੂੰ ਧਿਆਨ ਨਾਲ ਪੜ੍ਹਿਆ ਤੇ ਬੋਲੀ....

"....ਪਰ ਐਹਦੇ 'ਚ ਤਾਂ ਐਡੀ 'ਸਟੇਟਮੈਂਟ' ਨਹੀਂ ਛਪੀ ਖਾੜਕੂ ਗਰੁੱਪ ਵੱਲੋਂ....ਉਹਨੇ ਦੋਵੇਂ ਅਖ਼ਬਾਰ ਸਮੇਟੇ ਤੇ ਗੁਰੀ ਦੇ ਮੂੰਹ ਵੱਲ ਵੇਖਣ ਲੱਗ ਪਈ..... ਜ਼ਾਹਿਰ ਸੀ ਉਹ ਇਸ ਬਾਰੇ ਗੁਰੀ ਦੇ ਖਿਆਲ ਜਾਣਨੇ ਚਾਹੁੰਦੀ ਸੀ....

ਗੁਰੀ ਨੇ ਬੜੇ ਠਰ੍ਹੰਮੇ ਨਾਲ ਬੋਲਣਾ ਸ਼ੁਰੂ ਕੀਤਾ। ਗੀਤ ਇਹ ਸਰਕਾਰ ਦੀ ਤੇ ਪੁਲਿਸ ਦੀ ਘਿਨੌਣੀ ਸਾਜਿਸ਼ ਹੈ। ਉਹ ਇਸ ਤਰ੍ਹਾਂ ਦੀਆਂ ਕਾਰਵਾਈਆਂ ਨਾਲ ਬਹੁਤ ਕੁਝ ਸਿਧ ਕਰਨਾ ਚਾਹੁੰਦੇ ਹਨ। ਪਹਿਲੀ ਤੇ ਸਭ ਤੋਂ ਮਹੱਤਵਪੂਰਨ ਗੱਲ ਉਹ ਦੁਨੀਆਂ ਦੇ ਵਿੱਚ ਇਹ ਸੰਦੇਸ਼ ਭੇਜਣਾ ਚਾਹੁੰਦੇ ਨੇ ਕਿ ਪੰਜਾਬ ਦੀ ਸਮੱਸਿਆ ਅਸਲ ਵਿੱਚ ਸਿੱਖਾਂ ਤੇ ਹਿੰਦੂਆਂ ਦਾ ਆਪਸੀ ਝਗੜਾ ਹੈ....ਹੋਰ ਕੋਈ ਗੱਲ ਨਹੀਂ ਹੈ.... ਅਜਿਹਾ ਕਰਕੇ ਉਹ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਦੀ ਆਜ਼ਾਦੀ ਦੇ ਮਸਲੇ ਨੂੰ ਕਮਜ਼ੋਰ ਕਰਨ ਵਿੱਚ ਕਾਮਯਾਬ ਹੋ ਸਕਦੇ ਹਨ।

ਦੂਜੀ ਗੱਲ ਉਹ ਹਿੰਦੂਆਂ ਨੂੰ ਸਿੱਖਾਂ ਦੇ ਖਿਲਾਫ਼ ਕਰਨਾ ਚਾਹੁੰਦੇ ਹਨ। ਸਿਰਫ਼ ਹਿੰਦੂ ਈ ਨਹੀਂ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਵੀ ਨਿਰਦੋਸ਼ਾਂ ਦਾ ਖ਼ੂਨ ਡੋਲ੍ਹਣ ਦੀ ਇਜ਼ਾਜਤ ਨਹੀਂ ਦਿੰਦੀ। ਸਰਕਾਰ ਦੇ ਮਨ ਵਿੱਚ ਇਹ ਯਕੀਨ ਹੈ ਕਿ ਇਹੋ ਜਿਹੀਆਂ ਕਾਰਵਾਈਆਂ ਕਰਵਾਉਣ ਨਾਲ ਸਿੱਖ ਵੀ ਖਾੜਕੂ ਲਹਿਰ ਤੋਂ ਪਿੱਛੇ ਹਟ ਜਾਣਗੇ।

ਤੀਜੀ ਗੱਲ ਜੇ ਅਜਿਹੀਆਂ ਘਟਨਾਵਾਂ ਤੋਂ ਡਰ ਕੇ ਪੰਜਾਬ ਦੇ ਹਿੰਦੂ ਪੰਜਾਬ ਛੱਡ ਕੇ ਬਾਹਰਲੀਆਂ ਸਟੇਟਾਂ ਵਿੱਚ ਜਾ ਕੇ ਵਸਦੇ ਹਨ ਤਾਂ ਵੀ ਪੂਰੇ ਹਿੰਦੁਸਤਾਨ ਵਿੱਚ ਸਿੱਖਾਂ ਦੇ ਖਿਲਾਫ਼ ਫਿਰਕੂ ਮਾਹੌਲ ਤਿਆਰ ਹੋ ਜਾਵੇਗਾ। ਕੋਈ ਅਤਿਕਥਨੀ ਨਹੀਂ ਹੋਵੇਗੀ ਜੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਜੋ ਸਿੱਖਾਂ ਨਾਲ ਹੋਇਆ ਸੀ ਉਹਨਾਂ ਹਾਲਾਤਾਂ ਨੂੰ ਦੁਬਾਰਾ ਦੁਹਰਾਇਆ ਜਾਵੇ....

ਸਰਕਾਰ ਦੇ ਦੋਹੀਂ ਹੱਥੀਂ ਲੱਡੂ ਹਨ... ਸੰਤ ਭਿੰਡਰਾਂਵਾਲਿਆਂ ਨੂੰ ਬਦਨਾਮ ਕਰਨ ਲਈ ਵੀ ਸਰਕਾਰ ਨੇ ਬੜੇ ਹੱਥਕੰਡੇ ਵਰਤੇ ਸਨ ਤੇ ਬੜਾ ਕੂੜ ਪ੍ਰਚਾਰ ਕੀਤਾ ਸੀ....

ਸੰਤਾਂ ਦੀ ਲੜਾਈ ਅਸਲ ਵਿੱਚ ਉਹੀ ਲੜਾਈ ਹੈ ਜੋ ਗੁਰੂ ਨਾਨਕ ਸਾਹਿਬ ਦੀ ਬਾਬਰ ਦੇ ਖਿਲਾਫ਼ ਸੀ, ਜੋ ਗੁਰੂ ਗੋਬਿੰਦ ਸਿੰਘ ਦੀ ਔਰੰਗਜੇਬ ਦੇ ਖਿਲਾਫ਼ ਸੀ, ਜੇ ਤੈਨੂੰ ਲੱਗਦਾ ਕਿ ਗੁਰੂਆਂ ਦੀ ਲੜਾਈ ਫਿਰਕੂ ਸੀ ਜਾਂ ਕਿਸੇ ਖਾਸ ਧਰਮ ਦੇ ਖਿਲਾਫ਼ ਸੀ ਤਾਂ ਫਿਰ ਸੰਤਾਂ ਨੂੰ ਵੀ ਗਲਤ ਕਿਹਾ ਜਾ ਸਕਦਾ ਹੈ।

ਪਰ ਉਦੋਂ ਦੁਸ਼ਮਣ ਐਨੇ ਚਲਾਕ ਨਹੀਂ ਸਨ, ਨਾ ਤਾਂ ਉਹਨਾਂ ਨੇ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਿਆ, ਨਾ ਸਿੰਘਾਂ ਦੇ ਪਰਿਵਾਰਾਂ ਨੂੰ ਲਾਪਤਾ ਕੀਤਾ ਤੇ ਨਾ ਹੀ ਮੁਸਲਮਾਨਾਂ ਦਾ ਆਪਣੇ ਹੱਥੀਂ ਕਤਲ ਕਰਕੇ ਬਾਅਦ 'ਚ ਉਹਨਾਂ ਨੂੰ ਸਿੱਖਾਂ ਦੇ ਖਿਲਾਫ਼ ਇਹ ਕਹਿਕੇ ਭੜਕਾਇਆ ਕਿ ਸਿੱਖਾਂ ਦੀ ਲੜਾਈ ਇਸਲਾਮ ਨਾਲ ਹੈ... ਅੱਜ ਜੇ ਕੋਈ ਲੀਡਰ ਜਾਂ ਪੁਲਿਸ ਅਫ਼ਸਰ ਸਰਕਾਰ ਦੀ ਕਿਸੇ ਕਾਰਵਾਈ ਨਾਲ ਸਹਿਮਤ ਨਾ ਹੋਵੇ ਤਾਂ ਉਹਨੂੰ ਬਗਾਵਤ ਦੇ ਦੋਸ਼ ਹੇਠ ਜੇਲ੍ਹ 'ਚ ਡੱਕ ਦਿੰਦੇ ਆ.... ਆਹ ਸਿਮਰਨਜੀਤ ਸਿੰਘ ਮਾਨ ਨੂੰ ਈ ਵੇਖ ਲਾ.....ਪੰਜ ਸਾਲ ਭਾਗਲਪੁਰ ਜੇਲ੍ਹ ਦੀ ਕਾਲ਼ ਕੋਠੜੀ 'ਚ ਬੰਦ ਕਰੀ ਰੱਖਿਆ ਸੀ ਸਰਕਾਰ ਨੇ, ਉਹ ਤਾਂ ਲੋਕਾਂ ਨੇ ਫਤਵਾ ਦੇ ਕੇ ਬਾਹਰ ਕਢਵਾ ਲਿਆ....ਨਹੀਂ ਬਚਣ ਦਾ ਕੋਈ ਚਾਰਾ ਨੀਂ ਸੀ, ਕੀ ਕਸੂਰ ਸੀ ਇਹਦਾ....??? ਇਹੀ ਬਈ ਮੈਂ ਦਰਬਾਰ ਸਾਹਿਬ ਤੇ ਹਮਲੇ ਬਾਰੇ ਸਹਿਮਤ ਨਹੀਂ ਆਂ....

ਪਰ ਜਦੋਂ ਨਵਾਬ ਸ਼ੇਰ ਮੁਹੰਮਦ ਖਾਨ ਮਲੇਰਕੋਟਲੇ ਵਾਲੇ ਨੇ ਬਗ਼ਾਵਤ ਕਰਕੇ ਹਾਅ ਦਾ ਨਾਅਰਾ ਮਾਰਿਆ ਤਾਂ ਔਰੰਗਜ਼ੇਬ ਨੇ ਉਹਨੂੰ ਕੁਛ ਨੀਂ ਕਿਹਾ... ਉਹ ਹਕੂਮਤਾਂ ਭਾਵੇਂ ਕਿੰਨੀਆਂ ਵੀ ਮਾੜੀਆਂ ਸੀ ਪਰ ਇਹਨਾਂ ਨਾਲੋਂ ਫੇਰ ਵੀ ਚੰਗੀਆਂ ਸੀ।

ਸੰਤ ਭਿੰਡਰਾਂਵਾਲੇ ਕਿਸੇ ਧਰਮ ਦੇ ਖਿਲਾਫ਼ ਨਹੀਂ ਸਨ, ਨਾ ਹੀ ਉਹਨਾਂ ਦੀ ਸੋਚ ਦੇ ਪਹਿਰੇਦਾਰ ਖਾੜਕੂ ਗਰੁੱਪ... ਜਿਹੜੇ ਲੋਕ ਅਜਿਹੀਆਂ ਕਾਰਵਾਈਆਂ ਕਰਦੇ ਆ ਉਹਨਾਂ ਦਾ ਸਿੱਖੀ ਨਾਲ ਤੇ ਸਿੱਖ ਸੰਘਰਸ਼ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਹੈ... ਉਹ ਸਰਕਾਰ ਦੇ ਟਾਊਟ ਆ....

ਸੰਤ ਇੱਕ ਵਾਰ ਜਲਾਲਾਵਾਦ ਗਏ ਸੀ ਪ੍ਰਚਾਰ ਲਈ, ਉੱਥੇ ਇੱਕ ਹੁਕਮ ਚੰਦ ਨਾਂ ਦਾ ਹਿੰਦੂ ਸੀ। ਉਹਦੀ ਕੁੜੀ ਨੂੰ ਕੋਈ ਹਿੰਦੂ ਈ ਚੁੱਕ ਕੇ ਲੈ ਗਿਆ ਸੀ... ਸੰਤ ਉਥੇ ਕਥਾ ਕਰਦੇ ਸੀ ਸਟੇਜ 'ਤੇ, ਤਕਰੀਬਨ ਦਸ ਹਜ਼ਾਰ ਦਾ ਇਕੱਠ ਸੀ ਸੰਗਤ ਦਾ, ਜਦੋਂ ਉਹਨੇ ਆ ਕੇ ਵਾਸਤਾ ਪਾਇਆ, ਸੰਤਾਂ ਨੇ ਵਾਅਦਾ ਕੀਤਾ ਕਿ ਸ਼ਾਮੀਂ ਪੰਜ ਵਜੇ ਤੱਕ ਤੇਰੀ ਲੜਕੀ ਤੇਰੇ ਘਰ ਹੋਵੇਗੀ।

ਮਹਿੰਦਰ ਸਿੰਘ ਸਾਈਆਂ ਵਾਲਾ ਸੇਵਾਦਾਰ ਸੀ ਸੰਤਾਂ ਦਾ, ਉਹਦੀ ਡਿਊਟੀ ਲਾਈ ਤੇ ਪੌਣੇ ਪੰਜ ਵਜੇ ਨੂੰ ਕੁੜੀ ਉਹਦੇ ਘਰ ਪਹੁੰਚਾਈ, ਰਮਾਇਣ ਨੂੰ ਅੱਗ ਲਾਤੀ ਸੀ ਕਿਸੇ ਨੇ ਕਪੂਰਥਲੇ, ਸੰਤਾਂ ਨੇ ਆਪ ਪੰਜ ਹਜ਼ਾਰ ਰੁਪਈਆ ਕੋਲੋਂ ਦੇ ਕੇ ਕੇਸ ਕਰਵਾਇਆ ਇਨਕੁਇਰੀ ਲਈ....

ਗੁਰਦਾਸਪੁਰ ਜੇਲ੍ਹ 'ਚ ਨਾਲੇ ਗੁਰਦੁਆਰਾ ਸਾਹਿਬ ਬਣਵਾਇਆ ਨਾਲੇ ਮੰਦਰ, ਜਦੋਂ ਬਾਬਾ ਠਾਹਰਾ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ

ਰੱਖਿਆ ਸੀ... ਸੰਤਾਂ ਦੀ ਲੜਾਈ ਧੱਕੇ ਨਾਲ ਸੀ ਕਿਸੇ ਧਰਮ ਨਾਲ ਨਹੀਂ.....

ਸਰਕਾਰ ਦੇ ਨਾਲ ਨਾਲ ਬਹੁਤੇ ਲੋਕਾਂ ਨੇ ਵੀ ਸੰਤ ਜਰਨੈਲ ਸਿੰਘ ਨੂੰ ਸਮਝਣ ਵਿੱਚ ਵੱਡੀ ਭੁੱਲ ਕੀਤੀ ਸੀ.... ਲੋਕਾਂ ਨੇ ਉਹੀ ਸੁਣਿਆ ਜੋ ਸਰਕਾਰ ਨੇ ਦੱਸਿਆ... ਜਿਨ੍ਹਾਂ ਨੇ ਸੰਤਾਂ ਨੂੰ ਪਛਾਣਿਆ ਤੇ ਉਹਨਾਂ ਦੀ ਹਮਾਇਤ ਕੀਤੀ ਉਹੀ ਅੱਤਵਾਦੀ ਤੇ ਦੇਸ਼ਧ੍ਰੋਹੀ ਅਖਵਾਏ...

ਕਿੰਨਾ ਮਹਾਨ ਦੇਸ਼ ਹੈ ਇਹ, ਜਿੱਥੇ ਇਸ ਦੇਸ਼ ਲਈ ਮਰ-ਮਿਟਣ ਵਾਲਿਆਂ ਨੂੰ, ਸੱਚ ਦੇ ਪੈਰੋਕਾਰਾਂ ਨੂੰ, ਸਰਬੱਤ ਦਾ ਭਲ਼ਾ ਮੰਗਣ ਵਾਲਿਆਂ ਨੂੰ.... ਅੱਤਵਾਦੀ ਆਖ ਕੇ ਗੋਲੀਆਂ ਨਾਲ ਵਿੰਨ੍ਹ ਦਿੱਤਾ ਜਾਂਦਾ... ਪਾਤਰ ਠੀਕ ਈ ਕਹਿੰਦਾ:

*ਕਿੰਨਾ ਇਹ ਮਹਾਨ ਦੇਸ਼ ਉਦੋਂ ਪਤਾ ਲੱਗਿਆ*
*ਡੂੰਘਾ ਸਾਡੀ ਹਿੱਕ 'ਚ ਤਿਰੰਗਾ ਗਿਆ ਗੱਡਿਆ*

*(ਪਾਤਰ)*

ਗੁਰੀ ਦੀਆਂ ਗੱਲਾਂ ਨੇ ਸਾਰੇ ਭਾਵੁਕ ਕਰ ਦਿੱਤੇ ਸੀ।

----------------

## ਕਾਂਡ – 5

*ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ*
*ਪਰ ਕੁਝ ਚਾਅ ਵੀ ਤਾਂ ਦੇਹ ਨੱਚਣ ਲਈ*

*(ਪਾਤਰ)*

ਗੀਤ ਅੱਜ ਸਵੱਖ਼ਤੇ ਈ ਉਠ ਗਈ ਸੀ.... ਇਸ਼ਨਾਨ ਕਰਨ ਤੋਂ ਬਾਅਦ ਜਪੁਜੀ ਸਾਹਿਬ ਦਾ ਪਾਠ ਕਰਕੇ ਉਹਨੇ ਕਿਹਰ ਸਿੰਘ ਨੂੰ ਆਵਾਜ਼ ਦਿੰਦਿਆਂ ਆਖਿਆ...

"..... ਬਾਬਾ ਜੀ ਡਰਾਈਵਰ ਨੂੰ ਆਖੋ ਗੱਡੀ ਤਿਆਰ ਕਰੇ, ਆਪਾਂ ਅੱਜ ਗੁਰਦੁਆਰਾ ਸਾਹਿਬ ਚੱਲਣੈ...."

ਕਿਹਰ ਸਿੰਘ ਅਜੇ ਪਾਠ ਕਰ ਰਿਹਾ ਸੀ, ਪਾਠ ਕਰਨ ਤੋਂ ਬਾਅਦ ਉਹਨੇ ਡਰਾਇਵਰ ਨੂੰ ਗੱਡੀ ਲਿਆਉਣ ਲਈ ਆਵਾਜ਼ ਦਿੱਤੀ ਤੇ ਆਪ ਵੀ ਤਿਆਰ ਹੋ ਗਿਆ।

ਅੱਜ ਗੀਤ ਦਾ ਜਨਮ ਦਿਨ ਸੀ ਸ਼ਾਇਦ... ਪਰ ਜਨਮ ਦਿਨ ਤਾਂ ਉਹਨੇ ਅੱਜ ਤੱਕ ਕਦੇ ਮਨਾਇਆ ਈ ਨਹੀਂ ਸੀ। ਇਸ ਦਾ ਵੀ ਇੱਕ ਕਾਰਨ ਸੀ... ਅੱਜ ਦੇ ਹੀ ਦਿਨ ਗੀਤ ਦੇ ਜਨਮ ਤੋਂ ਕੁਝ ਘੰਟੇ ਬਾਅਦ ਉਹਦੀ ਮਾਂ ਸਦਾ ਵਾਸਤੇ ਗੀਤ ਨੂੰ ਛੱਡ ਕੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ ਸੀ... ਇਸ ਦਿਨ ਗੀਤ ਆਪਣੀ ਮਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਉਪਰੰਤ ਇੱਕ ਰੁਮਾਲਾ ਸਾਹਿਬ ਗੁਰੂ ਸਾਹਿਬ ਨੂੰ ਅਰਪਣ ਕਰਦੀ ਤੇ ਸ਼ਰਧਾ ਮੁਤਾਬਿਕ ਗੁਰੂ ਕੇ ਲੰਗਰ ਵਿੱਚ ਹਿਸਾ ਪਾ ਦਿੰਦੀ...

ਅੱਜ ਵੀ ਗੀਤ ਨੇ ਗੁਰਦੁਆਰਾ ਸਾਹਿਬ ਜਾ ਕੇ ਅਰਦਾਸ ਕੀਤੀ। ਕੁਝ ਸਮਾਂ ਗੁਰੂ ਘਰ ਗੁਜ਼ਾਰਨ ਤੋਂ ਬਾਅਦ ਗੀਤ ਗੱਡੀ 'ਚ ਬੈਠ ਕੇ ਘਰ ਵੱਲ ਚੱਲ ਪਈ।

.... ਕੁਝ ਦਿਨ ਪਹਿਲਾਂ ਗੀਤ ਨੂੰ ਸ਼ਵਿੰਦਰ ਤੋਂ ਗੱਲਾਂ-ਗੱਲਾਂ ਵਿੱਚ ਪਤਾ ਲੱਗਿਆ ਸੀ ਕਿ ਗੁਰੀ ਦੇ ਘਰ ਵਾਲੇ ਉਹਦਾ ਵਿਆਹ ਕਰਨ ਬਾਰੇ ਸੋਚ ਰਹੇ ਨੇ.... ਅੱਜ ਗੀਤ ਨੇ ਗੁਰੂ ਸਾਹਿਬ ਨੂੰ ਅਰਦਾਸ ਕੀਤੀ ਕਿ ਉਸ ਨੂੰ

ਏਨਾ ਹੌਂਸਲਾ ਮਿਲੇ ਕਿ ਉਹ ਆਪਣੇ ਦਿਲ ਦੀ ਗੱਲ ਗੁਰੀ ਨੂੰ ਕਹਿ ਸਕੇ...

ਜੇ ਅੱਜ ਮਾਂ ਜਿਉਂਦੀ ਹੁੰਦੀ ਤਾਂ ਸ਼ਾਇਦ ਉਹ ਆਪੇ ਗੁਰੀ ਦੇ ਮਾਪਿਆਂ ਨਾਲ ਗੱਲ ਕਰ ਲੈਂਦੀ.. ਪਰ ਡੀ.ਐਸ.ਪੀ. ਹਾਕਮ ਸਿੰਘੁ ਸ਼ਾਇਦ ਇਸ ਰਿਸ਼ਤੇ ਲਈ ਰਾਜ਼ੀ ਨਾ ਹੋਵੇ...!!!! ਕਈ ਤਰ੍ਹਾਂ ਦੀਆਂ ਉਧੇੜ ਬੁਣਾਂ ਵਿੱਚ ਗੀਤ ਨੂੰ ਪਤਾ ਈ ਨਾ ਲੱਗਿਆ ਕਦੋਂ ਘਰ ਆ ਗਿਆ।

ਉਹਨੇ ਇੱਕ ਵਾਰ ਫੇਰ ਸੋਚਿਆ ਕਿ.... ਕੀ ਉਹ ਕੁਝ ਗਲਤ ਤਾਂ ਨਹੀਂ ਕਰ ਰਹੀ....ਕੀ ਉਹਦਾ ਗੁਰੀ ਨੂੰ ਹਮਸਫ਼ਰ ਦੇ ਰੂਪ ਵਿੱਚ ਵੇਖਣ ਦਾ ਸੁਪਨਾ ਸਹੀ ਐ....??? ਕੀ ਗੁਰੀ ਇਸ ਰਿਸ਼ਤੇ ਲਈ ਰਾਜ਼ੀ ਹੋ ਜਾਵੇਗਾ....???

ਉਹਦੇ ਦਿਲ ਨੇ ਜਵਾਬ ਦਿੱਤਾ, ਨਹੀਂ ਗੀਤ....ਤੇਰਾ ਇਸ ਵਿੱਚ ਨਾ ਕੋਈ ਦੋਸ਼ ਹੈ ਤੇ ਨਾ ਹੀ ਇਹ ਫੈਸਲਾ ਗਲਤ ਹੈ... ਤੂੰ ਗੁਰੀ ਦੀ ਚੋਣ ਕਿਸੇ ਲਾਲਚ ਵੱਸ ਨਹੀਂ ਕੀਤੀ.... ਤੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਗੁਰੀ ਦਾ ਘਰ-ਬਾਰ, ਜ਼ਮੀਨ-ਜਾਇਦਾਦ, ਕਿੱਦਾਂ ਦਾ ਹੈ, ਜਾਂ ਹੈ ਵੀ ਜਾਂ ਨਹੀਂ ....ਜੇ ਕੁਝ ਵੇਖਿਆ ਤਾਂ ਗੁਰੀ ਦਾ ਨਿੱਘਾ ਸੁਭਾਅ, ਉੱਚੇ ਖਿਆਲ਼ਾਤ ਤੇ ਗੁਰਸਿੱਖੀ ਜੀਵਨ....

ਓਦਾਂ ਵੀ ਗੁਰੀ ਪੜ੍ਹਾਈ ਵਿੱਚ ਬਹੁਤ 'ਇੰਟੈਲੀਜੈਂਟ' ਸੀ, ਉਹ ਜਰਨਲਿਜ਼ਮ ਦੀ ਐਮ.ਏ. ਤੋਂ ਬਾਅਦ ਅੰਤਰਰਾਸ਼ਟਰੀ ਪੱਧਰ ਦੀ ਕਿਸੇ ਮੀਡੀਆ ਸੰਸਥਾ ਨਾਲ ਜੁੜਨਾ ਚਾਹੁੰਦਾ ਸੀ ਤਾਂ ਜੋ ਦੁਨੀਆਂ ਨੂੰ ਪੰਜਾਬ ਦੇ ਹਾਲਾਤਾਂ ਦੀ ਅਸਲ ਜਾਣਕਾਰੀ ਦਿੱਤੀ ਜਾ ਸਕੇ... ਉਹ ਪੱਤਰਕਾਰਤਾ ਦੇ ਖੇਤਰ ਵਿੱਚ ਵੱਡੇ ਪੱਧਰ 'ਤੇ.... ਇਮਾਨਦਾਰੀ ਨਾਲ ਕੰਮ ਕਰਨਾ ਚਾਹੁੰਦਾ ਸੀ।

ਗੀਤ ਨੇ ਮਨ ਵਿੱਚ ਪੱਕੀ ਧਾਰ ਲਈ ਸੀ ਕਿ ਉਹ ਅੱਜ ਗੁਰੀ ਨੂੰ ਜ਼ਰੂਰ ਆਪਣੇ ਦਿਲ ਦੀ ਗੱਲ ਕਹਿ ਦੇਵੇਗੀ.... ਤੇ ਅੱਗੇ ਗੁਰੀ ਦੀ ਮਰਜ਼ੀ... ਜਿਦਾਂ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ ਓਦਾਂ ਹੋ ਜਾਵੇਗਾ...

ਤਕਰੀਬਨ ਦਸ ਕੁ ਵਜੇ ਗੀਤ ਤਿਆਰ ਹੋ ਕੇ ਯੂਨੀਵਰਸਿਟੀ ਲਈ ਨਿਕਲ ਗਈ....

ਅੱਜ ਗੀਤ ਨੇ ਕੋਈ ਲੈਕਚਰ ਅਟੈਂਡ ਨਹੀਂ ਕੀਤਾ ਸ਼ਾਇਦ ਮਾਂ ਨੂੰ ਯਾਦ ਕਰਕੇ ਵੀ ਉਦਾਸ ਸੀ, ਦੂਜਾ ਇਸ ਗੱਲ ਦਾ ਵੀ ਦਬਾਅ ਸੀ ਕਿ ਪਤਾ ਨੀਂ ਗੁਰੀ ਕੀ ਸੋਚੇਗਾ....??? ਕਿਤੇ ਮੈਨੂੰ ਗਲਤ ਈ ਨਾ ਸਮਝ ਲਵੇ....??? ਕਿਤੇ ਨਾਰਾਜ਼ ਈ ਨਾ ਹੋ ਜਾਵੇ....??? ਫੇਰ ਸੋਚਿਆ ਭਾਵੇਂ ਕੁਝ ਵੀ ਹੋ ਜਾਵੇ, ਅੱਜ ਇਕ ਪਾਸਾ ਕਰ ਈ ਦੇਣਾ....

ਇਨੇ ਨੂੰ ਗੁਰੀ ਤੇ ਸ਼ਵਿੰਦਰ ਵੀ ਆ ਗਏ....

ਸਤਿ ਸ੍ਰੀ ਅਕਾਲ ਭੈਣੇ... ਕਿਦਾਂ ਅੱਜ ਉਦਾਸ ਜੀ ਲੱਗਦੀ ਆ ਸਾਡੀ ਗੀਤ....??? ਸ਼ਵਿੰਦਰ ਨੇ ਘਾਹ 'ਤੇ ਬੈਠਦਿਆਂ ਆਖਿਆ...

"....ਨਹੀਂ ਵੀਰ ਕੋਈ ਗੱਲ ਨੀਂ ਸਭ ਠੀਕ-ਠਾਕ ਆ... ਗੀਤ ਨੇ ਗੁਰੀ ਤੇ ਸ਼ਵਿੰਦਰ ਨੂੰ ਸਤਿ ਸ੍ਰੀ ਅਕਾਲ ਦਾ ਜਵਾਬ ਦਿੰਦਿਆਂ ਕਿਹਾ...

ਗੁਰੀ....ਮੈਂ.... ਤੁਹਾਡੇ ਨਾਲ ਇਕ ਗੱਲ ਕਰਨੀ ਆਂ....!!!! ਗੀਤ ਨੇ ਥੋੜ੍ਹਾ ਜ਼ਕਦਿਆਂ ਜਿਆਂ ਗੱਲ ਤੋਰੀ...

ਹਾਂ ਗੀਤ...ਦੱਸ ਕੀ ਪੁੱਛਣਾ....??? ਅੱਜ ਕੀ ਨਵਾਂ ਹੋਇਆ, ਗੁਰੀ ਨੇ ਮਖੌਲੀਆ ਲਹਿਜੇ 'ਚ ਜਵਾਬ ਦਿੱਤਾ...

ਪਰ ਸ਼ਵਿੰਦਰ ਨੂੰ ਥੋੜ੍ਹਾ ਅੰਦਾਜ਼ਾ ਹੋ ਗਿਆ ਸੀ...

ਗੁਰੀ ਯਾਰ ਠੰਡ ਜੀ ਲੱਗੀ ਜਾਂਦੀ ਆ, ਮੈਂ ਤਿੰਨ ਕੱਪ ਚਾਹ ਦੇ ਲੈ ਆਵਾਂ ਤੁਸੀਂ ਬੈਠੋ.... ਕਹਿੰਦਾ ਹੋਇਆ ਸ਼ਵਿੰਦਰ ਬਹਾਨੇ ਜੇ ਨਾਲ ਉਠ ਕੇ ਚਲਾ ਗਿਆ...

"....ਗੁ...ਅ..ਅ...ਰੀ.... ਐਕਚੁਅਲੀ ਮੈਂ ਕਹਿਣਾ ਚਾਹੁੰਦੀ ਸੀ ਕਿ .... ਸ਼ਬਦ ਗੀਤ ਦੀ ਜ਼ੁਬਾਨ 'ਚੋਂ ਨਹੀਂ ਸੀ ਉੱਤਰ ਰਹੇ.....

ਹਾਂ...ਹਾਂ...ਗੀਤ ਦੱਸ ਕੀ ਕਹਿਣਾ....??? ਮੈਂ ਸੁਣ ਰਿਹਾਂ ਗੁਰੀ ਨੇ ਘਾਹ ਦੇ ਡੱਕੇ ਨੂੰ ਹੱਥ ਨਾਲ ਤੋੜਦਿਆਂ ਆਖਿਆ।

"....ਗੁ....ਅ...ਰੀ... ਦਰਅਸਲ... ਮੈਂ ਕਹਿਣਾ ਚਾਹ ਰਹੀ ਸੀ ਕਿ ਮੈਂ....ਤੈਨੂੰ....ਮੈਂ ਤੈਨੂੰ ਪਸੰਦ ਕਰਦੀ ਆਂ ਗੁਰੀ....!!!!

ਗੀਤ ਨੇ ਇੱਕੋ ਝਟਕੇ ਗੱਲ ਨਿਬੇੜ ਕੇ ਆਪਣਾ ਮੂੰਹ ਹੱਥ 'ਚ ਫੜੀ ਕਾਪੀ ਨਾਲ ਢਕਣ ਦੀ ਕੋਸ਼ਿਸ਼ ਕੀਤੀ... ਇੱਕ ਵਾਰ ਤਾਂ ਗੀਤ ਦਾ ਮੂੰਹ ਸ਼ਰਮ ਨਾਲ ਲਾਲ ਹੋ ਗਿਆ ਸੀ....

ਗੁਰੀ ਵੀ ਸੁੱਧ-ਬੁੱਧ ਜੀ ਖੋ ਚੁੱਕਿਆ ਸੀ, ਉਹਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਹੋ ਰਿਹਾ ਕਿ ਗੀਤ ਤੋਂ ਹੁਣੇ-ਹੁਣੇ ਉਹਨੇ ਕੀ ਸੁਣਿਆ ਸੀ... ਕਾਫ਼ੀ ਚੁੱਪ-ਚਾਪ ਜੀ ਹੋ ਗਈ ਸੀ....

ਤੂੰ ਕੀ ਆਖਿਐ ਗੀਤ....??? ਗੁਰੀ ਨੇ ਦੁਬਾਰਾ ਦੁਹਰਾਅ ਕੇ ਪੁੱਛਿਆ....

ਨਹੀਂ-ਨਹੀਂ ਕੁਛ ਨੀਂ ਆਖਿਆ ਮੈਂ ਤਾਂ....!!! ਸ਼ਵਿੰਦਰ ਵੀਰਾ ਵੀ ਨੀਂ ਮੁੜਿਆ ਅਜੇ ਤਾਈਂ ਚਾਹ ਲੈ ਕੇ.... ਗੀਤ ਨੇ ਹੌਂਸਲਾ ਜਾ ਹਾਰਦਿਆਂ ਕਿਹਾ...

....ਨਹੀਂ ਗੀਤ ਤੂੰ ਇਸ ਤੋਂ ਪਹਿਲਾਂ ਕੀ ਕਿਹਾ ਸੀ.... ਕੀ ਮੈਂ ਜੋ

ਸੁਣਿਆ ਠੀਕ ਸੁਣਿਆ ਸੀ ਜਾਂ ਫਿਰ ਮੇਰੇ ਕੰਨਾਂ ਦਾ ਭੁਲੇਖਾ ਸੀ....??? ਗੁਰੀ ਨੇ ਗੀਤ ਨੂੰ ਦੁਬਾਰਾ ਪੁੱਛਿਆ।

....ਹਾਂ ਗੁਰੀ ਤੂੰ ਠੀਕ ਸੁਣਿਆਂ....ਮੈਂ ਤੈਨੂੰ ਪਸੰਦ ਕਰਦੀ ਆਂ... ਗੀਤ ਨੇ ਹੁਣ ਨਿਧੜਕ ਜੀ ਹੋਕੇ ਆਖਿਆ।

ਜੇ ਤੂੰ ਰਾਜ਼ੀ ਏਂ ਗੁਰੀ ਤਾਂ ਮੈਂ ਤੈਨੂੰ ਆਪਣੇ ਜੀਵਨ ਸਾਥੀ ਦੇ ਰੂਪ 'ਚ ਵੇਖਣਾ ਚਾਹੁੰਦੀ ਆਂ... ਗੀਤ ਨੇ ਹੌਂਸਲਾ ਜਾ ਕਰਕੇ ਸਾਰੀ ਗੱਲ ਸਿਰੇ ਲਾ ਦਿੱਤੀ....

ਗੁਰੀ ਇਕਦਮ ਚੁੱਪ-ਗੜੁੱਪ ਜਾ ਹੋਇਆ ਬੈਠਾ ਸੀ....

....ਜੇ ਮੈਂ ਤੈਨੂੰ ਦੁੱਖ ਪਹੁੰਚਾਇਆ ਤਾਂ ਮੈਂ ਮੁਆਫ਼ੀ ਮੰਗਦੀ ਆਂ ਗੁਰੀ...... ਸ਼ਾਇਦ ਮੇਰਾ ਫੈਸਲਾ ਜਜ਼ਬਾਤੀ ਸੀ... ਗੀਤ ਨ਼ੇ ਗੁਰੀ ਦੀ ਚੁੱਪ 'ਤੇ ਵਾਰ ਕੀਤਾ.....

ਨਹੀਂ...ਨਹੀਂ... ਗੀਤ ਏਦਾਂ ਦੀ ਕੋਈ ਗੱਲ ਨਹੀਂ ਹੈ... ਦਰਅਸਲ ਗੱਲ ਇਹ ਆ ਗੀਤ ਕਿ....ਮੈਂ ਆਪਣੇ ਆਪ ਨੂੰ ਤੇਰੇ ਕਾਬਿਲ ਨਹੀਂ ਸਮਝਦਾ... ਮੇਰਾ ਪਿਉ ਇੱਕ ਸ਼ਿੱਧਾ ਸਾਦਾ ਜੱਟ ਆ... ਤੇ ਤੂੰ ਐਡੇ ਵੱਡੇ ਅਫ਼ਸਰ ਦੀ ਧੀ.. ਮੈਨੂੰ ਲੱਗਦਾ ਮੇਰਾ ਤੇਰਾ ਕੋਈ ਮੇਲ਼ ਨੀਂ ਗੀਤ....

....ਜੇ ਤੂੰ ਰਾਜ਼ੀ ਏ ਗੁਰੀ ਤਾਂ ਵਾਹਿਗੁਰੂ ਇਹ ਮੇਲ਼ ਕਰਵਾ ਵੀ ਸਕਦਾ ਹੈ....!!!!

ਗੱਲ ਸਿਰਫ਼ ਮੇਰੀ ਮਰਜ਼ੀ ਦੀ ਨਈਂ ਆਂ ਗੀਤ... ਮੈਂ ਕਹਿਣਾ ਤਾਂ ਨਹੀਂ ਚਾਹੁੰਦਾ....ਪਰ ਜਿਹੜੇ ਮਹਿਕਮੇ 'ਚ ਤੇਰੇ ਡੈਡੀ ਦਾ ਵਾਹ ਵਾਸਤਾ, ਉਹ ਮੇਰੇ ਵਰਗੇ ਮੁੰਡਿਆਂ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਦਾ.... ਮੇਰੇ ਵਰਗੇ ਹਜ਼ਾਰਾਂ ਮੁੰਡੇ ਝੂਠੇ ਪੁਲਿਸ ਮੁਕਾਬਲਿਆਂ ਦਾ ਸ਼ਿਕਾਰ ਬਣਕੇ ਉਹਨਾਂ ਦੀ ਤਰੱਕੀ ਦੀਆਂ ਰਾਹਾਂ ਤਾਂ ਬਣ ਸਕਦੇ ਨੇ ਪਰ....

ਪਰ.... ਪਰ ਕੀ ਗੁਰੀ...??? ਮੇਰੇ ਪਾਪਾ ਏਦਾਂ ਦੇ ਨਹੀਂ.... ਉਹ ਮੇਰੀ ਗੱਲ ਮੰਨ ਜਾਣਗੇ.... ਗੁਰੀ ਤੈਨੂੰ ਮੇਰੇ 'ਤੇ ਭਰੋਸਾ ਨਹੀਂ....ਜਾਂ ਆਪਣੇ ਆਪ 'ਤੇ....!!!

ਭਰੋਸਾ ਹੈ ਗੀਤ... ਸ਼ਾਇਦ ਮੇਰੇ ਮਾਂ-ਬਾਪ ਮੇਰੇ ਲਈ ਤੈਥੋਂ ਚੰਗੀ ਕੁੜੀ ਨਾ ਲੱਭ ਸਕਣ... ਪਰ ਗੀਤ ਜਿੰਨ੍ਹਾਂ ਰਿਸ਼ਤਿਆਂ ਦੀ ਬੁਨਿਆਦ ਨਾਦਾਨੀਂ ਤੇ ਨਾਸਮਝੀ ਵਿੱਚ ਰੱਖੀ ਜਾਂਦੀ ਹੈ ਉਹ ਰਿਸ਼ਤੇ ਜ਼ਿੰਦਗੀ ਦਾ ਬੋਝ ਨਹੀਂ ਉਠਾ ਸਕਦੇ....

....ਇਹ ਫੈਸਲਾ ਮੇਰੀ ਨਾਦਾਨੀ ਜਾਂ ਨਾਸਮਝੀ ਨਹੀਂ ਐ ਗੁਰੀ...

ਵਾਹਿਗੁਰੂ ਜਾਣਦਾ ਕਿ ਮੈਂ ਕਿੰਨਾ ਸੋਚਿਆ ਇੱਥੋਂ ਤੱਕ ਆਉਣ ਲਈ....

ਤੈਨੂੰ ਮੇਰੇ ਵਿੱਚ ਏਦਾਂ ਦਾ ਕੀ ਲੱਭ ਗਿਆ ਗੀਤ ਕਿ ਤੂੰ ਐਡਾ ਵੱਡਾ ਫੈਸਲਾ ਕਰ ਲਿਆ....???

"... ਤੂੰ ... ਤੂੰ ਦਿਲ਼ ਦਾ ਬਹੁਤ ਚੰਗਾ ਏਂ ਗੁਰੀ...!!!

ਦਿਲ਼....!!!

*'ਦਿਲ਼ ਬਹੁਤ ਚੰਗਾ ਏ ਤੇ ਫੇਰ ਕੀ ਏ*

- *ਏਥੇ ਲੋਕ ਅਜ਼ਮਾ ਕੇ ਵੇਖਦੇ ਨੇ*
  *ਦੀਦੇ ਕੁਦਰਤ ਦੇ, ਫੁੱਲਾਂ ਦੀ ਆਬਰੂ ਨੂੰ*
  *ਕੰਡਿਆਂ ਵਿੱਚ ਉਲਝਾ ਕੇ ਵੇਖਦੇ ਨੇ'*

"... ਪਰ ... ਪਰ ਤੂੰ ਸੂਰਤ ਤੇ ਸੀਰਤ ਦਾ ਬੜਾ ਚੰਗਾ ਏਂ ਗੁਰੀ...!!!

ਗੀਤ...!!!

*'ਚਿਹਰਾ ਸ਼ਾਹੀ ਸਿੱਕਾ ਭਾਵੇਂ ਲੱਖ ਹੋਵੇ*
*ਤਾਂ ਵੀ ਲੋਕ ਟਣਕਾ ਕੇ ਵੇਖਦੇ ਨੇ*
*ਸੁੱਚੇ ਹੀਰਿਆਂ ਨੂੰ ਆਰਿਆਂ ਹੇਠ ਦੇ ਕੇ*
*ਬੜਾ ਕੱਟ ਕਟਾ ਕੇ ਵੇਖਦੇ ਨੇ'*

"... ਤੇਰੀਆਂ ਅੱਖਾਂ 'ਚ ਮਨੁੱਖਤਾ ਦਾ ਦਰਦ ਵਸਿਆ ਏ ਗੁਰੀ...!!!

...ਪਰ ਇਹ ਦੁਨੀਆਂ ਨੂੰ ਤੂੰ ਨਹੀਂ ਜਾਣਦੀ ਗੀਤ ਇਹ ਤਾਂ....

*'ਸੋਨਾ ਪਾਸੇ ਦਾ ਰੱਖ ਕਸੌਟੀਆਂ ਤੇ*
*ਉਤੋਂ ਅੱਗ 'ਚ ਪਾ ਕੇ ਵੇਖਦੇ ਨੇ*
*ਸੁਰਮਾ ਬਣਦਾ ਜੋ ਜ਼ੋਬਨ ਅੱਖੀਆਂ ਦਾ*
*ਖਰਲਾਂ ਵਿੱਚ ਰਗੜਾ ਕੇ ਵੇਖਦੇ ਨੇ'*

"... ਪਰ ਮੈਂ ਤੇਰੇ ਅੱਗੇ ਆਪਣਾ ਆਪਾ ਹਾਰ ਚੁੱਕੀ ਆਂ ਗੁਰੀ.. ਵਾਹਿਗੁਰੂ ਜਾਣਦਾ ਮੇਰੀ ਭਾਵਨਾ ਪਾਕ-ਪਵਿੱਤਰ ਆ...

ਮੈਂ ਤੇਰੀਆਂ ਭਾਵਨਾਵਾਂ ਦੀ ਕਦਰ ਕਰਦਾਂ ਗੀਤ... ਪਰ ਕੀ ਤੇਰੇ ਡੈਡੀ ਇਸ ਰਿਸ਼ਤੇ ਲਈ ਮੰਨ ਜਾਣਗੇ....???

"...ਹਾਂ ਗੁਰੀ ਮੈਨੂੰ ਪੂਰਾ ਯਕੀਨ ਆਂ.... ਮੈਂ ਡੈਡ ਨੂੰ ਮਨਾ ਲਵਾਂਗੀ... ਮੈਂ ਮੇਰੇ ਭਰਾਵਾਂ ਤੋਂ ਤੈਨੂੰ ਝੋਲ਼ੀ ਅੱਡ ਕੇ ਮੰਗ ਲਵਾਂਗੀ...

ਪਰ ਗੀਤ....!!!

*'ਰੋਵਾਂ ਮਿੱਤਰਾਂ ਨੂੰ ਕੀ ਇੱਥੇ ਭਰਾ ਸਕੇ*
*ਖੂਹ ਦੇ ਵਿੱਚ ਲਮਕਾ ਕੇ ਵੇਖਦੇ ਨੇ*

*ਏਥੇ ਸਭਨਾਂ ਤੋਂ ਚੰਗੀ ਏ ਖਾਕ ਪੀਰਾ*
*ਉਹਨੂੰ ਵੀ ਪਰਖ ਪਰਖਾ ਕੇ ਵੇਖਦੇ ਨੇ'*

ਪਰ .... ਮੈਨੂੰ ਤੇਰੀ ਖੁਸ਼ੀ ਚਾਹੀਦੀ ਏ ਗੁਗੀ... ਜੇ ਤੂੰ ਖੁਸ਼ ਏ ਤਾਂ ਫਿਰ ਮੇਰਾ ਫੈਸਲਾ ਪੱਥਰ ਤੇ ਲੀਕ ਆ.. ਗੀਤ ਨੇ ਪਹਿਲੀ ਵਾਰ ਇੱਕ ਡੀ.ਐਸ.ਪੀ. ਦੀ ਕੁੜੀ ਵਾਂਗ ਜ਼ੁਰਅਤ ਨਾਲ ਗੱਲ ਕੀਤੀ ਸੀ...

ਅਸਲ ਵਿੱਚ ਗੀਤ ਮੈਂ ਵੀ ਪਹਿਲੇ ਦਿਨ ਤੋਂ ਈ ਤੇਰੀ ਸਾਦਗੀ ਦਾ ਕਾਇਲ ਆਂ ਪਰ... ਮੈਂ ਆਪਣੇ ਆਪ ਨੂੰ ਤੇਰੇ ਕਾਬਲ ਨਹੀਂ ਸਮਝਦਾ... ਤੂੰ ਪਿਆਰ ਸਤਿਕਾਰ ਨਾਲ ਆਪਣੇ ਡੈਡ ਨੂੰ ਮਨਾ ਲੈ... ਮੇਰੇ ਮਾਂ-ਬਾਪ ਤੇਰੇ ਵਰਗੀ ਕੁੜੀ ਹੀ ਲੱਭਦੇ ਸੀ ਮੇਰੇ ਲਈ.... ਕਹਿੰਦਿਆਂ ਗੁਗੀ ਨੇ ਗੀਤ ਦੇ ਮਨ ਦਾ ਬੋਝ ਹਲਕਾ ਕਰ ਦਿੱਤਾ....

ਇੰਨੇ ਨੂੰ ਸ਼ਵਿੰਦਰ ਵੀ ਚਾਹ ਲੈ ਕੇ ਆ ਗਿਆ ਸੀ....

ਅੱਜ ਇਸ ਪਾਕ-ਪਵਿੱਤਰ ਰਿਸ਼ਤੇ ਦੀ ਬੁਨਿਆਦ ਤੇ ਸ਼ਵਿੰਦਰ ਸਿੰਘ ਗਰੇਵਾਲ ਵੱਲੋਂ ਆਪ ਜੀ ਦੀ ਸੇਵਾ ਵਿੱਚ ਤਿੰਨ ਕੱਪ ਚਾਹ ਹਾਜ਼ਰ ਏ... ਕਬੂਲ ਕਰੋ ਜਹਾਂ-ਪਨਾਹ... ਸ਼ਵਿੰਦਰ ਨੇ ਆਉਂਦਿਆਂ ਈ ਫਿਲਮੀ ਡਾਇਲਾਗ ਮਾਰਿਆ ਤੇ ਸਾਰੇ ਹੱਸਣ ਲੱਗ ਪਏ....

---------------

# ਕਾਂਡ - 6

*ਤੂੰ ਐਵੇਂ ਮਾਣ ਨਾ ਕਰ ਤੂੰ ਐਵੇਂ ਕਾਹਲ਼ਾ ਨਾ ਪੈ*
*ਤੇਰੀ ਹਿੱਕ ਦੀ ਕਿਸਮ ਵੀ ਬੁੱਝ ਲਵਾਂਗੇ*
*ਤੇ ਤੇਰੇ ਹਾਣ ਦੀ ਤੈਨੂੰ ਵੀ ਹੋਣੀ ਵਰ ਦਿਆਂਗੇ*
*ਜੀਣ ਜੋਗਾ ਤਾਂ ਹੋ, ਤੇਰੀ ਵੀ ਹੱਤਿਆ ਕਰ ਦਿਆਂਗੇ*

*(ਪਾਤਰ)*

ਪਟਿਆਲੇ ਦੇ ਸਦਰ ਬਜ਼ਾਰ ਵਿੱਚ ਕੁਝ ਦਿਨ ਪਹਿਲਾਂ ਮਾਰੇ ਗਏ ਦੋ ਹਿੰਦੂਆਂ ਦੇ ਕਤਲ ਦੀ ਗੂੰਜ ਦਿੱਲੀ ਦਰਬਾਰ ਤੱਕ ਗਈ ਸੀ.....ਜਿੱਥੇ ਇਸ ਘਟਨਾ ਨਾਲ ਪੂਰੇ ਪੰਜਾਬ 'ਚ ਤਰਥੱਲੀ ਮੱਚੀ ਪਈ ਸੀ, ਉਥੇ ਦੇਸ਼ ਦੇ ਗ੍ਰਿਹਿ ਮੰਤਰੀ ਤੱਕ ਨੂੰ ਇਸ ਘਟਨਾ ਤੇ ਬਿਆਨ ਜ਼ਾਰੀ ਕਰਨਾ ਪੈ ਗਿਆ ਸੀ।

ਬੇਸ਼ੱਕ ਇੱਕ ਪ੍ਰਮੁੱਖ ਖਾੜਕੂ ਜੱਥੇਬੰਦੀ ਨੇ ਇਸ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਕੇ ਇਸ ਨੂੰ ਸਰਕਾਰੀ ਸਾਜਿਸ਼ ਐਲਾਨਿਆ ਸੀ ਪਰ ਫਿਰ ਵੀ ਸਮੁੱਚਾ ਮੀਡੀਆ ਸਿੱਖ ਕੌਮ ਮਗਰ ਜਿਵੇਂ ਹੱਥ ਧੋ ਕੇ ਈ ਪੈ ਗਿਆ ਹੋਵੇ...

ਦਿੱਲੀ ਦਰਬਾਰ ਵੱਲੋਂ ਪੰਜਾਬ ਦੇ ਗਵਰਨਰ ਨੂੰ ਸਖ਼ਤ ਐਕਸ਼ਨ ਲੈਣ ਦੇ ਹੁਕਮ ਜ਼ਾਰੀ ਕਰ ਦਿੱਤੇ ਗਏ....

ਉਂਝ ਤਾਂ ਭਾਵੇਂ ਹਰ ਰੋਜ਼ ਦਰਜ਼ਨਾਂ ਸਿੱਖ ਇੱਥੇ ਦੇਸ਼ ਦੀ ਅਮਨ ਸ਼ਾਂਤੀ ਦੀ ਭੇਂਟ ਚੜ੍ਹ ਜਾਂਦੇ ਸਨ ਪਰ ਉਹਨਾਂ ਦੇ ਕਤਲਾਂ ਦੀ ਕੋਈ ਇਨਕੁਇਰੀ ਤਾਂ ਕੀ.... ਖ਼ਬਰ ਵੀ ਮਸਾਂ ਈ ਲੱਗਦੀ ਸੀ... ਖ਼ੈਰ ਇਹ ਵੀ ਧਰਮ-ਨਿਰਪੱਖ ਦੇਸ਼ ਦਾ ਇੱਕ ਚਿਹਰਾ ਸੀ ਦੋ ਦੁਨੀਆਂ ਕੋਲੋਂ ਅਜੇ ਛੁਪਿਆ ਹੋਇਆ ਸੀ...

ਹਿੰਦੂਆਂ ਦੇ ਜਾਨ-ਮਾਲ ਦੀ ਰਾਖੀ ਕਰਨ 'ਚ ਨਾਕਾਮ ਰਹਿਣ ਕਰਕੇ ਪਟਿਆਲਾ ਦੇ ਐਸ.ਐਸ.ਪੀ. ਦਾ ਤਬਾਦਲਾ ਕਰ ਦਿੱਤਾ ਗਿਆ ਸੀ, ਉਹਦੀ ਥਾਂ 'ਤੇ ਨਵਾਂ ਐਸ.ਐਸ.ਪੀ. ਖ਼ੁਸ਼ੀ ਰਾਮ ਚਾਰਜ ਲੈ ਚੁੱਕਿਆ ਸੀ.... ਖ਼ੁਸ਼ੀ ਰਾਮ ਦਾ ਨਾਂ ਭਾਵੇਂ ਖ਼ੁਸ਼ੀ ਰਾਮ ਸੀ ਪਰ ਉਸ ਨੇ ਆਉਂਦਿਆਂ ਈ ਲੋਕਾਂ ਦੇ ਚਿਹਰਿਆਂ 'ਤੇ ਗਮਾਂ ਦੇ ਸੱਥਰ ਵਿਛਾ ਦਿੱਤੇ ਸਨ.... ਖ਼ੁਸ਼ੀ ਰਾਮ ਨੇ ਬਹੱਤਰ ਘੰਟਿਆਂ ਦੇ ਅੰਦਰ-ਅੰਦਰ ਕਾਤਲਾਂ ਨੂੰ ਫੜ ਲੈਣ ਦੀ ਫੜ੍ਹ ਮਾਰੀ ਸੀ।

ਖੁਸ਼ੀ ਰਾਮ ਆਈ.ਪੀ.ਐਸ. ਦੇ ਹਿਮਾਚਲ ਕੇਡਰ ਦਾ ਅਫ਼ਸਰ ਸੀ। ਉਸਨੂੰ ਪੰਜਾਬ ਪੁਲਿਸ ਤੇ ਪੰਜਾਬ ਸਰਕਾਰ ਦੀ 'ਅੱਤਵਾਦ' ਦੇ ਖਿਲਾਫ਼ ਸਾਂਝੀ ਰਣਨੀਤੀ ਦਾ ਓਨਾਂ ਭੇਤ ਅਜੇ ਨਹੀਂ ਸੀ.. ਉਹਨੇ ਸੱਚਮੁੱਚ ਜਾਂਚ ਵਿੱਚ ਤੇਜ਼ੀ ਵਿਖਾਈ....

ਪਰ ਜਦੋਂ ਘਟਨਾ ਵਿੱਚ ਵਰਤੇ ਗਏ ਮੋਟਰਸਾਈਕਲ ਬਾਰੇ ਪਤਾ ਲੱਗਿਆ ਤਾਂ ਜਾਂਚ ਇੱਕਦਮ ਉਥੇ ਈ ਰੋਕ ਦਿੱਤੀ ਗਈ....

ਉਕਤ ਮੋਟਰਸਾਈਕਲ ਇੱਕ ਬਾ-ਰਸੂਖ਼ ਵਿਅਕਤੀ ਦੇ ਨਾਮ 'ਤੇ ਸੀ, ਜਿਸਨੇ ਇੱਕ ਵੱਡੇ ਪੁਲਿਸ ਅਧਿਕਾਰੀ ਦੇ ਕਹਿਣ 'ਤੇ ਹੀ ਇਹ ਕਾਤਲਾਂ ਨੂੰ ਮੁਹੱਈਆ ਕਰਵਾਇਆ ਸੀ.... ਸਾਜਿਸ਼ ਦੀ ਪੈੜ 'ਸਰਕਾਰੀ ਅੱਤਵਾਦ' ਵੱਲ ਮੁੜ ਆਈ ਸੀ.... ਗਵਰਨਰ ਹਾਊਸ ਤੋਂ ਖੁਸ਼ੀ ਰਾਮ ਲਈ ਇੱਕ ਗੁਪਤ ਆਦੇਸ਼ ਆਇਆ ਜੋ ਇਸ ਪ੍ਰਕਾਰ ਸੀ....

"ਇਸ ਤਰ੍ਹਾਂ ਦੀਆਂ ਘਟਨਾਵਾਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲਾਜ਼ਮੀ ਹੁੰਦੀਆਂ ਹਨ... ਬਹੁਗਿਣਤੀ ਭਾਈਚਾਰੇ ਦੇ ਨਾਲ-ਨਾਲ ਅਮਨ ਪਸੰਦ ਸਿੱਖਾਂ ਨੂੰ 'ਅੱਤਵਾਦ' ਦੇ ਖਿਲਾਫ਼ ਕਰਨ ਲਈ ਏਦਾਂ ਦੀ ਰਣਨੀਤੀ ਤਿਆਰ ਕਰਨੀ ਜਰੂਰੀ ਸੀ... ਅੱਤਵਾਦ ਦੇ ਖਿਲਾਫ਼.... ਕਾਰਗਾਰ ਲੜਾਈ ਲੜਨ ਵਾਸਤੇ ਇਹ ਸਮੇਂ ਦੀ ਲੋੜ ਵੀ ਹੈ।"

ਖੁਸ਼ੀ ਰਾਮ ਨੇ ਇਹ ਆਦੇਸ਼ ਇੱਕ ਇਲਾਹੀ ਫੁਰਮਾਨ ਵਾਂਗ ਸਮਝਿਆ ਤੇ ਉਹਨੇ ਵੀ ਦੇਸ਼ ਦੀ ਏਕਤਾ ਤੇ ਅਖੰਡਤਾ ਬਹਾਲ ਰੱਖਣ ਲਈ ਆਪਣਾ ਪੂਰਾ ਤਾਣ ਲਗਾ ਦਿੱਤਾ....

ਸੱਚਮੁੱਚ ਸਰਕਾਰ ਲਈ ਦੇਸ਼ ਦੀ ਏਕਤਾ ਤੇ ਅਖੰਡਤਾ ਬਹਾਲ ਰੱਖਣੀ ਅਤਿ ਜਰੂਰੀ ਸੀ... ਤੇ ਇਹਦੇ ਲਈ ਹੁਣ ਸਿੱਖਾਂ ਦੇ ਨਾਲ-ਨਾਲ ਬਹੁਗਿਣਤੀ ਭਾਈਚਾਰੇ ਦਾ ਖ਼ੂਨ ਡੋਲ੍ਹਣਾ ਵੀ ਲਾਜ਼ਮੀ ਹੋ ਗਿਆ ਸੀ....

ਇਹੀ ਖੇਡ ਉਨੀ ਸੌ ਚੁਰਾਸੀ ਵਿੱਚ ਵੀ ਖੇਡੀ ਜਾ ਚੁੱਕੀ ਸੀ, ਹਿੰਦੁਸਤਾਨ ਦੀ ਥਰਡ ਏਜੰਸੀ ਵੱਲੋਂ ਪੰਜਾਬ ਵਿੱਚ ਹਿੰਦੂਆਂ ਦੇ ਕਤਲ ਦੀਆਂ ਇੱਕਾ-ਦੁੱਕਾ ਘਟਨਾਵਾਂ ਕਰਵਾ ਕੇ ਹਿੰਦੂ ਭਾਈਚਾਰੇ ਨੂੰ ਇਹ ਅਹਿਸਾਸ ਕਰਵਾਇਆ ਗਿਆ ਕਿ ਭਿੰਡਰਾਂਵਾਲੇ ਦੇ ਆਦਮੀ ਉਹਨਾਂ ਦੇ ਖ਼ੂਨ ਦੇ ਪਿਆਸੇ ਹਨ.... ਉਹਨਾਂ ਦੀ ਰੱਖਿਅਕ ਕੇਵਲ ਤੇ ਕੇਵਲ ਇੰਦਰਾ ਗਾਂਧੀ ਹੈ...

*"ਇੰਦਰਾ ਗਾਂਧੀ ਨੇ ਨੇ ਆਪਣੇ ਸਿਆਸੀ ਜੀਵਨ ਅੰਦਰ ਇੱਕ ਨਵੀਂ ਖੇਡ ਖੇਡਣ ਦਾ ਮਨ ਬਣਾ ਲਿਆ। ਇਹ ਖੇਡ ਸੀ, ਆਪਣੇ ਆਪ ਨੂੰ ਹਿੰਦੂਆਂ ਦਾ ਰੱਖਿਅਕ ਦਰਸਾਉਣ ਦੀ। ਇਸ ਲਈ ਉਸ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਆਪੋ ਵਿੱਚ ਉਲਝਾ ਦੇਣ ਦੀ ਵਿਉਂਤ ਉਲੀਕੀ, ਜਿਸ ਅਨੁਸਾਰ ਪਹਿਲਾਂ*

*ਹਿੰਦੂਆਂ ਨੂੰ ਕੁਝ ਸਮੇਂ ਲਈ ਨਿਆਸਰਾ ਛੱਡ ਕੇ ਉਨ੍ਹਾਂ ਨੂੰ ਕਤਲ ਹੋਣ ਦਿੱਤਾ ਜਾਣਾ ਸੀ, ਤਾਂ ਜੋ ਉਹਨਾਂ ਅੰਦਰ ਬਦਲੇ ਦੀ ਅੱਗ ਭੜਕ ਉਠੇ ਅਤੇ ਹਿੰਦੂ ਸਿੱਖ ਇਕ ਦੂਜੇ ਨੂੰ ਵੱਢਣ ਲੱਗ ਜਾਣ, ਤਾਂ ਮੈਂ ਹਿੰਦੂਆਂ ਨੂੰ ਕਹਾਂਗੀ, ਵੇਖੋ ! ਮੈਂ ਹੀ ਤੁਹਾਡੀ ਜਾਨ ਬਚਾ ਸਕਦੀ ਹਾਂ "*

*(ਸੂਰੀਆ ਰਸਾਲਾ, ਮਈ 1985)*

*"Mrs. Gandhi had decided that she was to take on a new role in her life, the role of the protector of Hindus. She had planned that there was a conflict between the Hindus and Sikhs, in which the grand strategy was that the Hindus shall be first left unprotected, let them be killed for a while, let them become angry that they will seek revenge. The Hindus and Sikhs will then go at each other's throat. And then I will tell the Hindus, look, I can only protect you."*

*(Magazine Suriya, May 1985)*

ਮਾਹੌਲ ਏਦਾਂ ਦਾ ਸਿਰਜਿਆ ਗਿਆ ਕਿ ਪੰਜਾਬ ਦੇ ਹਿਨ੍ਦੂਆਂ ਨੇ ਇੰਦਰਾ ਗਾਂਧੀ ਨੂੰ ਭਿੰਡਰਾਂਵਾਲੇ ਸੰਤਾਂ ਦੇ ਖਿਲਾਫ਼ ਐਕਸ਼ਨ ਲੈਣ ਲਈ ਬੇਨਤੀ ਕੀਤੀ... ਹਿੰਦੂਆਂ ਦੇ ਕਤਲਾਂ ਦੀਆਂ ਇੱਕਾ-ਦੁੱਕਾ ਘਟਨਾਵਾਂ ਦੀਆਂ ਖ਼ਬਰਾਂ ਬਣਾਉਣ ਵੇਲੇ ਸਾਰੇ ਸੈਂਸਰ ਚੱਕ ਦਿੱਤੇ ਗਏ, ਇਹ ਖ਼ਬਰਾਂ ਪੂਰੇ ਸੰਸਾਰ ਵਿੱਚ ਫੈਲਾਈਆਂ ਗਈਆਂ ਕਿ ਪੰਜਾਬ ਦੇ ਹਿੰਦੂਆਂ ਨੂੰ ਭਿੰਡਰਾਂਵਾਲੇ ਤੋਂ ਖ਼ਤਰਾ ਹੈ ਤੇ ਪੂਰੀ ਦੁਨੀਆਂ ਦੇ ਲੋਕਾਂ ਤੋਂ ਹਿੰਦੂਆਂ ਲਈ ਹਮਦਰਦੀ ਦੀ ਮੰਗ ਕੀਤੀ ਗਈ....

ਬੇਸ਼ੱਕ ਸੰਤਾਂ ਦਾ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਕਾਰਵਾਈਆਂ ਵਿੱਚ ਕੋਈ ਹੱਥ ਨਹੀਂ ਸੀ ਪਰ ਉਹਨਾਂ ਦੀ ਗੱਲ ਕਿਸੇ ਨੇ ਨਹੀਂ ਸੁਣੀ... ਉਹਨਾਂ ਨੂੰ ਤੇ ਉਹਨਾਂ ਦੇ ਸਾਥੀਆਂ ਨੂੰ ਟੈਂਕਾਂ, ਤੋਪਾਂ, ਗੋਲੀਆਂ ਨਾਲ ਵਿੰਨ੍ਹ ਦਿੱਤਾ ਗਿਆ....

ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ, ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ....ਇਸ ਅਖੌਤੀ ਅਮਨ ਸ਼ਾਂਤੀ ਨੂੰ ਕਾਇਮ ਰੱਖਣ ਦੇ ਲਈ....

ਸ਼ਾਇਦ ਪਾਤਰ ਠੀਕ ਕਹਿੰਦਾ ਐ....

*ਹਾਂ ਤੁਸੀਂ ਸੱਚੇ ਹੋ*
*ਅਮਨ ਸ਼ਾਂਤੀ ਕਾਇਮ*

*ਰੱਖਣੀ ਹੈ ਹਰ ਹਾਲਿਤ*
*ਅਮਨ ਸ਼ਾਂਤੀ ਸ਼ਾਇਦ*
*ਉਸ ਚੁੱਪ ਨੂੰ ਕਹਿੰਦੇ ਨੇ*
*ਗੋਲ਼ੀ ਵਿੰਨ੍ਹੀ ਹਿੱਕ 'ਚੋਂ ਜੋ*
*ਖ਼ੂਨ ਵਾਂਗ ਸਿਮਦੀ ਹੈ*

*ਅਮਨ ਸ਼ਾਂਤੀ ਸ਼ਾਇਦ*
*ਆਤਮਾ ਦਾ ਸੌਣਾ ਹੈ*
*ਜ਼ਜਬਿਆਂ ਦਾ ਮਰਨਾ ਹੈ*
*ਆਦਮੀ ਦੀ ਥਾਂ ਉੱਤੇ*
*ਬੁੱਤਾਂ ਦਾ ਉਸਰਨਾ ਹੈ*
*ਕੋਕੇ ਵਾਲੇ ਬੂਟਾਂ ਦਾ*
*ਲਾਸ਼ਾਂ ਉੱਤੇ ਤੁਰਨਾ ਹੈ*
*ਤਾਂ ਜੋ ਖੜਕ ਨਾ ਹੋਵੇ*

(ਪਾਤਰ)

ਖ਼ੈਰ ਹੁਣ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ... ਪੰਜਾਬ ਦੇ ਗਵਰਨਰ ਵੱਲੋਂ ਐਸ.ਐਸ.ਪੀ. ਨੂੰ ਇਸ ਮਸਲੇ ਤੇ ਜਲਦੀ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ....

ਤੇ ਖੁਸ਼ੀ ਰਾਮ ਨੇ ਇਲਾਕੇ ਵਿੱਚ ਛਾਪਿਆਂ ਦੀ ਝੜੀ ਲਾ ਦਿੱਤੀ.. ਬੇਕਸੂਰ ਸਿੱਖ ਨੌਜਵਾਨਾਂ ਤੇ ਉਹ ਕੁਟਾਪਾ ਚਾੜ੍ਹਿਆ ਗਿਆ ਕਿ ਜ਼ਕਰੀਏ ਦੀ ਰੂਹ ਵੀ ਕੰਬ ਜਾਵੇ....

ਯੂਨੀਵਰਸਿਟੀ ਕੈਂਪਸ ਵਿੱਚ ਆਪਣਾ ਰੋਅਬ ਜਮਾਉਣ ਲਈ ਐਸ.ਐਸ.ਪੀ. ਨੇ ਦੋ ਵਾਰ ਛਾਪਾ ਮਾਰਿਆ... ਮੁੰਡਿਆਂ ਦੇ ਹੋਸਟਲਾਂ ਦੀ ਤਲਾਸ਼ੀ ਲੈ ਕੇ ਕਾਤਲਾਂ ਨੂੰ ਲੱਭਿਆ ਜਾਣ ਲੱਗਿਆ... ਸਿੱਖ ਵਿਦਿਆਰਥੀਆਂ ਨੂੰ ਜਾਣ-ਬੁੱਝਕੇ ਜਲੀਲ਼ ਕੀਤਾ ਗਿਆ ਤੇ ਕਈਆਂ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਜੋ ਕਿ ਭਾਰਤ ਸਰਕਾਰ ਵੱਲੋਂ ਪਾਬੰਦੀਸ਼ੁਦਾ ਜਥੇਬੰਦੀ ਐਲਾਨੀ ਗਈ ਸੀ, ਦੀਆਂ ਗਤੀਵਿਧੀਆਂ ਚਲਾਉਣ ਦੇ ਦੋਸ਼ ਹੇਠ ਗ੍ਰਿਫਤਾਰ ਵੀ ਕੀਤਾ ਗਿਆ... ਪਰ ਚੰਗੇ ਕਰਮਾਂ ਨੂੰ ਗੁਰੀ ਇਨੀਂ ਦਿਨੀਂ ਯੂਨੀਵਰਸਿਟੀ 'ਚੋਂ ਗੈਰ ਹਾਜ਼ਰ ਸੀ....

ਐਸ.ਐਸ.ਪੀ. ਸਾਹਿਬ ਨੇ ਐਲਾਨ ਕੀਤਾ ਕਿ 'ਇੰਟੈਲੀਜੈਂਸੀ' ਦੀਆਂ ਰਿਪੋਰਟਾਂ ਮੁਤਾਬਿਕ ਕਾਤਿਲ ਕਿਸੇ ਟਰੱਕ ਵਿੱਚ ਬੈਠ ਕੇ ਸ਼ਹਿਰ 'ਚੋਂ ਭੱਜਣ

ਵਿੱਚ ਕਾਮਯਾਬ ਹੋ ਗਏ....

..... ਦਰਅਸਲ ਅਸਲ ਕਾਰਨ ਇਹ ਸੀ ਕਿ ਸਰਕਾਰ ਨੂੰ ਭਲੀ ਪ੍ਰਕਾਰ ਪਤਾ ਸੀ ਕਿ ਟਰੱਕਾਂ ਵਾਲਿਆਂ ਦੀ ਖਾੜਕੂਆਂ ਨਾਲ ਵਾਹਵਾ ਯਾਰੀ ਐ..... ਇਹਦੇ ਕਈ ਕਾਰਨ ਸਨ ਇੱਕ ਤਾਂ ਟਰੱਕਾਂ ਵਾਲੇ ਵੀਰਾਂ ਨੇ ਪਿਛਲੇ ਸਮੇਂ ਦੌਰਾਨ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਸਿੱਖ ਹੋਣ ਦਾ ਸੰਤਾਪ ਭੋਗਿਆ ਸੀ, ਦੂਜਾ ਡਰਾਇਵਰ ਤਬਕਾ ਪੁਲਿਸ ਦੀਆਂ ਧੱਕੇਸ਼ਾਹੀਆਂ ਤੋਂ ਕਾਫ਼ੀ ਖਫ਼ਾ ਸੀ....

- ਇਸ ਗੱਲ ਦੀ ਤਸਦੀਕ ਖਾੜਕੂ ਲਹਿਰ 'ਚੋਂ ਬਚੇ ਕਈ ਸਿੰਘ ਕਰਦੇ ਹਨ ਕਿ ਖਾੜਕੂਆਂ ਲਈ ਪੰਜਾਬ ਵਿੱਚ ਸਭ ਤੋਂ ਸੁਰੱਖਿਅਤ ਲੁਕਣਗਾਹ ਟਰਾਂਸਪੋਰਟਰ ਤਬਕੇ ਵਿੱਚ ਸੀ, ਕਈ-ਕਈ ਦਿਨ ਟਰੱਕਾਂ ਵਾਲੇ ਵੀਰਾਂ ਨੂੰ ਲੈ ਕੇ ਘੁੰਮਦੇ ਰਹਿੰਦੇ, ਕਦੇ ਡਰਾਇਵਰ ਬਣਕੇ ਤੇ ਕਦੇ ਕਲੀਨਰ ਬਣਕੇ....ਤੇ ਜਦੋਂ ਕਦੇ ਕੋਈ ਪੰਥ ਦੋਖੀ ਹੱਥ ਹੇਠ ਆਉਂਦਾ ਸੋਧਾ ਲਾ ਦਿੰਦੇ ਤੇ ਫੇਰ ਨਿਕਲ ਜਾਂਦੇ ਲੰਮਿਆਂ ਰੂਟਾਂ 'ਤੇ....

....ਖ਼ੈਰ ਹੁਣ ਵਾਰੀ ਟਰੱਕਾਂ ਵਾਲਿਆਂ ਦੀ ਸੀ... ਖੁਸ਼ੀ ਰਾਮ ਨੇ ਹਾਕਮ ਸਿਹੁ ਡੀ.ਐਸ.ਪੀ. ਨਾਲ ਮਿਲਕੇ ਇਸ ਮਹਿਕਮੇ ਨਾਲ ਜੁੜੇ ਸ਼ੱਕੀ ਵਿਅਕਤੀਆਂ ਦੀ ਹਿੱਟ ਲਿਸਟ ਤਿਆਰ ਕਰਵਾ ਲਈ ਸੀ... ਸ਼ੱਕੀ ਵੀ ਕਿਹੜੇ, ਓਦਾਂ ਤਾਂ ਸਾਰੇ ਈ ਡੰਡੇ ਹੇਠ ਸੀ ਪਰ ਜਿਹੜੇ ਸਾਬਤ ਸੂਰਤ ਸੀ, ਉਹ ਵਧੇਰੇ ਸ਼ੱਕੀ ਮੰਨੇ ਜਾਂਦੇ ਸਨ, ਦੂਜੇ ਨੰਬਰ 'ਤੇ ਉਹ ਡਰਾਇਵਰ ਆਉਂਦੇ ਸਨ ਜਿਹੜੇ ਉਨੀ ਸੌ ਚੁਰਾਸੀ ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਬਾਹਰਲੇ ਰਾਜਾਂ ਤੋਂ ਪੰਜਾਬ ਆ ਕੇ ਵਸੇ ਸਨ.... ਆਪਦੇ ਜਾਣੀ ਤਾਂ ਉਹ ਬੇਗਾਨੇ ਸੂਬਿਆਂ 'ਚੋਂ ਆਪਣੇ ਘਰ ਪਰਤੇ ਸਨ ਬਹੁਤ ਕੁਝ ਗੁਆ ਕੇ....ਪਰ ਅੱਗੇ ਉਹਨਾਂ ਦੇ ਅਖੌਤੀ ਆਪਣੇ ਉਹਨਾਂ ਦੇ 'ਸਵਾਗਤ' ਦੀਆਂ ਤਿਆਰੀਆਂ ਕਰੀ ਬੈਠੇ ਸਨ....

ਬੱਸ ਇੱਕੋ ਈ ਮਾਪਦੰਡ ਸੀ ਪੁਲਿਸ ਦਾ....

"....ਜੀਹਦਾ ਚੁਰਾਸੀ 'ਚ ਨੁਕਸਾਨ ਹੋਇਆ ਉਹ.....ਲਾਜ਼ਮੀ ਜਾਂ ਤਾਂ ਖਾੜਕੂ ਬਣਿਆ ਹੋਵੇਗਾ ਨਹੀਂ ਤਾਂ ਫਿਰ ਖਾੜਕੂਆਂ ਦਾ ਹਮਾਇਤੀ ਤਾਂ ਜ਼ਰੂਰ ਹੋਵੇਗਾ...."

ਇਹ ਚੰਗਾ ਮੁਆਵਜ਼ਾ ਮਿਥਿਆ ਗਿਆ ਸੀ ਆਪਣੇ ਗਲ਼ਾਂ 'ਚ ਟਾਇਰ ਪੁਆਉਣ ਦਾ ਤੇ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਮਰਵਾਉਣ ਦਾ....

ਪਤਾ ਪੁਲਿਸ ਨੂੰ ਵੀ ਸੀ ਕਿ ਪਟਿਆਲੇ ਵਾਲੇ ਕਤਲਾਂ ਦਾ ਕਿਸੇ ਸਿੱਖ ਜਥੇਬੰਦੀ ਨਾਲ ਕੋਈ ਵੀ ਸੰਬੰਧ ਨਹੀਂ ਸੀ ਬੱਸ ਉਹ ਤਾਂ ਸਰਕਾਰ ਦੀ

ਅਮਨ-ਸ਼ਾਂਤੀ ਤੇ ਏਕਤਾ-ਅਖੰਡਤਾ ਦੀ ਨੀਤੀ ਨੂੰ ਹੀ ਅੱਗੇ ਵਧਾ ਰਹੇ ਸੀ।

ਡਰਾਈਵਰ ਵੀਰਾਂ 'ਤੇ ਟਰੱਕਾਂ ਦੇ ਮਾਲਕਾਂ ਦੀ ਚੰਗੀ ਝਾੜ ਝੰਬ ਹੋਈ.... ਜਿਹੜੇ ਤਾਂ ਮਾੜੇ ਮੋਟੇ ਪੈਸੇ 'ਚ ਸੀ ਉਹਨਾਂ ਦੀ ਤਾਂ ਕੱਲੀ ਝਾੜ ਨਾਲ ਈ ਸਰ ਗਿਆ ਭਾਵ ਪੈਸੇ ਝਾੜ ਲਏ ਗਏ... ਤੇ ਜਿਹੜੇ ਮਸਾਂ ਜੇ ਈ ਟਾਇਮ ਪਾਸ ਕਰਦੇ ਸੀ ਉਹਨਾਂ ਵਿਚਾਰਿਆਂ ਦੀ ਵਾਹਵਾ ਝੰਬ ਵੀ ਹੋਈ... ਭਾਵ ਚੰਗਾ ਕੁਟਾਪਾ ਚਾੜ੍ਹਿਆ... ਬੱਸ ਗੱਲ ਮੁਕਾਓ ਜੀ....ਸਭ ਨੇ ਚਾਰ ਛਿਲੜ ਦੇ ਕੇ ਖਹਿੜਾ ਛੁਡਾਇਆ....ਕਿਸੇ ਨੇ ਪਿਆਰ ਨਾਲ ਦੇ ਦਿੱਤੇ ਤੇ ਕਿਸੇ ਨੇ ਪਟੇ ਖਾ ਕੇ ਦੇ ਦਿੱਤੇ...

ਗੁਰੀ ਕੇ ਡਰਾਈਵਰ ਦਰਬਾਰਾ ਸਿੰਘ ਨੂੰ ਵੀ ਪੁੱਛਗਿੱਛ ਲਈ ਥਾਣੇ ਬੁਲਾਇਆ ਗਿਆ... ਜੀਹਨੂੰ ਗੁਰੀ ਦੇ ਬਾਪੂ ਬਖਸ਼ੀਸ਼ ਸਿੰਘ ਨੇ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਨਾਲ ਲਿਜਾਕੇ ਛੁਡਾ ਕੇ ਲਿਆਂਦਾ ਸੀ....

ਓਦਾਂ ਇਹ ਸਮਾਂ ਇਹੋ ਜਿਹਾ ਸੀ ਜਦੋਂ ਪਿੰਡ ਦੀਆਂ ਪੰਚਾਇਤਾਂ ਵੀ ਥਾਣੇ ਜਾਂਦੀਆਂ ਤ੍ਰਹਿੰਦੀਆਂ ਸੀ... ਜਦੋਂ ਕਦੇ ਕਿਸੇ ਨੂੰ ਕੋਈ ਕੰਮ ਪੈਂਦਾ ਤਾਂ ਪੰਚਾਂ-ਸਰਪੰਚਾਂ ਨੇ ਇਹ ਕਹਿ ਕੇ ਪੱਲਾ ਛੁਡਾ ਲੈਣਾ...

"...ਤੁਸੀਂ ਜੀ ਪਿੰਡ 'ਚ ਈ ਕੋਈ ਸੁਲਾਹ ਸਫ਼ਾਈ ਕਰਲੋ ਆਪਦੀ... ਉਥੇ ਜਾ ਕੇ ਕਿਹੜਾ ਦਾਹੜੀ ਪਟਾਊ...."

ਗੱਲ ਵੀ ਸੱਚ ਸੀ, ਪੰਚਾਇਤਾਂ ਵਗੈਰਾ ਨੂੰ ਪੁਲਿਸ ਟਿੱਚ ਕਰਕੇ ਜਾਣਦੀ ਸੀ... ਇੱਕ ਖਾੜਕੂ ਸੁਖਵਿੰਦਰ ਸਿੰਘ ਸ਼ਹੀਦ ਹੋ ਗਿਆ ਸੀ ਸੰਗਰੂਰ ਦੇ ਫਤਹਿਗੜ੍ਹ ਛੰਨਾ ਪਿੰਡ ਦਾ..... ਉਹਦਾ ਭੋਗ ਪਾਉਣ ਦੇ ਦੋਸ਼ 'ਚ ਸਾਰੀ ਪੰਚਾਇਤ ਕੁੱਟੀ ਗਈ ਸੀ... ਪੰਜਾਬ ਦੇ ਹਾਲਾਤਾਂ ਦਾ ਤਾਂ ਰੱਬ ਈ ਰਾਖਾ ਸੀ।

---------------

## ਕਾਂਡ - 7

*ਇੱਕੋ ਬੂਟੀ ਪਾਏਗੀ ਚਾਦਰ ਤੇ ਤੇਰੇ ਨਾਮ ਦੀ*
*ਫਿਰ ਤੇਰੀ ਮਹਿਬੂਬ ਨੂੰ ਕੰਡਿਆਂ ਨਾ ਵਿੰਨ੍ਹਿਆ ਜਾਏਗਾ*

*(ਪਾਤਰ)*

ਗੁਰਸ਼ੇਰ ਇੰਨੀਂ ਦਿਨੀਂ ਪਿੰਡ ਆਇਆ ਹੋਇਆ ਸੀ....ਚੰਡੀਗੜ੍ਹ ਵਾਲੇ ਟੂਰ ਤੋਂ ਬਾਅਦ ਜਰਨਲਿਜ਼ਮ ਵਾਲੇ ਸਟੂਡੈਂਟ ਚਾਰ ਕੁ ਦਿਨ ਵਾਸਤੇ ਫ਼ਰੀ ਸਨ....

ਗੁਰਸ਼ੇਰ ਦੀ ਮਾਂ ਗੁਰਸ਼ੇਰ ਨੂੰ ਇਕ ਦਿਨ ਫੇਰ ਕਹਿਣ ਲੱਗੀ...

"....ਗੁਰੀ ਤੂੰ ਫਿਰ ਕੀ ਸੋਚਿਆ ਵਿਆਹ ਬਾਰੇ....??? ਪੁੱਤ ਹਾਲਾਤ ਚੰਗੇ ਨੀਂ ਹੁਣ ਪੰਜਾਬ ਦੇ.... ਛੇਤੀ-ਛੇਤੀ ਆਪਣਾ ਘਰ ਵਸਾ ਤੇ ਰੱਬ-ਰੱਬ ਕਰ, ਨਾਲੇ ਅਸੀਂ ਕਬੀਲਦਾਰੀ ਤੋਂ ਵਿਹਲੇ ਹੋਈਏ....!!!

ਕਿਤੇ ਨਾ ਕਿਤੇ ਨਸੀਬ ਕੌਰ ਨੂੰ ਇਹ ਵੀ ਚਿੰਤਾ ਸੀ ਕਿ ਮਤਾਂ ਗੁਰੀ ਦੇ ਯੂਨੀਵਰਸਿਟੀ ਵਿੱਚ ਸੱਚਮੁੱਚ ਖਾੜਕੂਆਂ ਨਾਲ ਸਬੰਧ ਨਾ ਬਣ ਜਾਣ ਤੇ ਉਹਨਾਂ ਦਾ ਇਕਲੌਤਾ ਪੁੱਤ ਉਹਨਾਂ ਨੂੰ ਛੱਡ ਕੇ ਰੂਪੋਸ਼ ਹੋ ਜਾਵੇ ਤੇ ਉਹਨਾਂ ਦਾ ਬੁਢਾਪਾ ਪੁੱਤਰ ਦੀ ਉਡੀਕ ਵਿੱਚ ਰੁਲ਼ ਜਾਵੇ.... ਕਿਉਂਕਿ ਪੁਲਿਸ ਦੀ ਸਤਾਈ ਅੱਜਕੱਲ੍ਹ ਦੀ ਨੌਜਵਾਨੀ ਹਥਿਆਰਬੰਦ ਹੋ ਵੀ ਰਹੀ ਸੀ.....

".... ਬੇਬੇ ਵਿਆਹ ਤਾਂ ਕਰਾ ਈ ਲੈਣਾ, ਬੱਸ ਹੋਰ ਰੁਕ ਜਾ ਚਾਰ ਮਹੀਨੇ.... ਆਹ ਹੋ ਜਾਣ ਦੇ ਪੜ੍ਹਾਈ ਪੂਰੀ ਫੇਰ ਕਰ ਲਈਂ ਪੂਰੇ ਚਾਅ..... ਵਾਰ ਲਈਂ ਜਿਹੜਾ ਪਾਣੀ ਵਾਰਨਾ ਸਿਰ ਤੋਂ...." ਗੁਰੀ ਨੇ ਹੱਸ ਕੇ ਜਵਾਬ ਦਿੱਤਾ....

ਗੁਰੀ ਨੇ ਅਜੇ ਤੱਕ ਘਰੇ ਗੀਤ ਬਾਰੇ ਕੋਈ ਗੱਲ ਕਰਨੀਂ ਠੀਕ ਨਹੀਂ ਸਮਝੀ ਸੀ....ਕਿਉਂਕਿ ਗੁਰੀ ਨੂੰ ਇਹ ਸੀ ਕਿ ਗੀਤ ਪਹਿਲਾਂ ਆਪਣੇ ਡੈਡੀ ਨੂੰ ਇਸ ਰਿਸ਼ਤੇ ਲਈ ਰਾਜ਼ੀ ਕਰ ਲਵੇ.... ਗੁਰੀ ਦੇ ਮਾਂ-ਬਾਪ ਤਾਂ ਉਨ੍ਹੇ ਮਨਾ ਈ ਲੈਣੇ ਆਂ.... ਓਦਾਂ ਉਹਨੇ ਆਪਣੀ ਮਾਂ ਨੂੰ ਕਹਿ ਦਿੱਤਾ ਸੀ ਕਿ....

"...ਬੇਬੇ ਤੂੰ ਐਵੇਂ ਨਾ ਜਣੇ-ਖਣੇ ਨੂੰ ਕੁੜੀ ਲੱਭਣ ਵਾਸਤੇ ਕਹੀ

ਚੱਲ.... ਜਦੋਂ ਵਾਹਿਗੁਰੂ ਨੇ ਕਰਨਾ ਮਿਟ ਲੱਗਣਾ...

"....ਚੰਗਾ ਪੁੱਤ ਜਿਵੇਂ ਤੇਰੀ ਮਰਜ਼ੀ.... ਗੁਰੀ ਦੀ ਮਾਂ ਨੇ ਜਵਾਬ ਦਿੱਤਾ.....

"... ਪੁੱਤ ਆਪਣੇ ਪਿੰਡੋਂ ਨਨਕਾਣਾ ਸਾਹਬ ਦੇ ਜਥੇ ਵਿੱਚ ਜਾਣ ਲਈ ਕੁਛ ਬੀਬੀਆਂ ਨੇ ਰਾਇ ਕੀਤੀ ਆ... ਜੇ ਤੂੰ ਕਹੇਂ ਤਾਂ ਮੈਂ ਵੀ ਦਰਸ਼ਨ ਕਰ ਆਵਾਂ ਤੇਰੇ ਵਿਆਹ ਤੋਂ ਪਹਿਲਾਂ-ਪਹਿਲਾਂ, ਫੇਰ ਕੀ ਪਤਾ ਨੂੰਹ ਜਾਣ ਦੇਵੇ ਕਿ ਨਾ... ਗੁਰੀ ਦੀ ਮਾਂ ਨੇ ਨਿਹੋਰਾ ਮਾਰਦਿਆਂ ਗੁਰੀ ਨੂੰ ਪੁੱਛਿਆ..."

ਬੇਬੇ ਤੂੰ ਬਾਪੂ ਨਾਲ ਸਲਾਹ ਕਰ ਲੈ...ਊਂ ਪਤਾ ਨੀਂ ਮੈਨੂੰ ਜਥੇ ਜਾਂਦੇ ਵੀ ਆ ਕਿ ਨਹੀਂ... ਹਾਲਾਤ ਵਾਹਵਾ ਵਿਗੜੇ ਹੋਏ ਆ.... ਗੁਰੀ ਨੇ ਜਵਾਬ ਦਿੱਤਾ....

....ਵੇ ਸਾਨੂੰ ਕੀਹਨੇ ਪੁੱਛਣਾ ਬੁੱਢੀਆਂ-ਠੇਰੀਆਂ ਨੂੰ... ਆਪਦਾ ਦਰਸ਼ਨ ਕਰਾਂਗੀਆਂ ਤੇ ਮੁੜ ਆਵਾਂਗੀਆਂ, ਸਾਨੂੰ ਤਾਂ ਭੇਜ ਈ ਦੇਣਗੇ ਤੂੰ ਭਲਾ ਪਤਾ ਕਰੀਂ ਚੰਗਾ.... ਨਸੀਬ ਕੌਰ ਨੇ ਗੁਰੀ ਨੂੰ ਕਿਹਾ....

....ਚੰਗਾ ਫਿਰ ਪੁੱਤ ਜੇ ਜਾਣਾ ਤਾਂ ਟਾਇਮ ਨਾਲ ਤੁਰ.... ਵੇਲੇ ਸਿਰ ਪਹੁੰਚ ਆਪਦੀ ਵਰਿਸ਼ਟੀ 'ਚ... ਧਿਆਨ ਨਾਲ ਰਿਹਾ ਕਰ ਮੇਰਾ ਸ਼ੇਰ.... ਬੱਸ ਆਪਦੀ ਪੜ੍ਹਾਈ ਤੱਕ ਮਤਲਬ ਰੱਖਿਆ ਕਰ, ਮੇਰਾ ਤਾਂ ਕਲੇਜ਼ਾ ਫੜਿਆ ਰਹਿੰਦਾ ਜਦੋਂ ਤੂੰ ਪਿੰਡ ਨੀਂ ਹੁੰਦਾ... ਮਾਂ ਨੇ ਗੁਰੀ ਨੂੰ ਸਿੱਖਿਆ ਦਿੱਤੀ।

....ਕੋਈ ਨਾ ਬੇਬੇ ਐਨਾ ਫ਼ਿਕਰ ਨਾ ਕਰਿਆ ਕਰ..... ਕਹਿੰਦਿਆਂ ਗੁਰੀ ਯੂਨੀਵਰਸਿਟੀ ਚਲਾ ਗਿਆ।

...............

ਕੀ ਗੱਲ ਗੁਰੀ ਐਸ ਵਾਰ ਤਾਂ ਪਿੰਡ ਜਾ ਕੇ ਜੀਅ ਲਾ ਲਿਆ ਤੂੰ....??? ਅਗਲੇ ਦਿਨ ਮਿਲਦਿਆਂ ਈ ਗੀਤ ਨੇ ਪੁੱਛਿਆ....ਹੋਰ ਸਭ ਠੀਕ ਠਾਕ ਏ ਤੇਰੇ ਪਿੰਡ.....???

....ਹਾਂ ਗੀਤ ਸਭ ਚੜ੍ਹਦੀਕਲਾ ਹੈ...ਓਦਾਂ ਈ ਬੱਸ ਟੂਰ ਤੋਂ ਥੱਕ ਜੇ ਗਏ ਸੀ ਸਿੱਧੇ ਪਿੰਡ ਈ ਚਲੇ ਗਏ... ਹੋਰ ਤੇਰੇ ਘਰ ਸਭ ਠੀਕ-ਠਾਕ ਏ....??? ਤੇਰਾ ਕੀ ਹਾਲ ਏ.....??? ਗੁਰੀ ਨੇ ਗੀਤ ਨੂੰ ਪੁੱਛਿਆ...

....ਹਾਂ ਗੁਰੀ ਮੈਂ ਠੀਕ ਆਂ... ਗੁਰੀ ਮੈਨੂੰ ਪਤਾ ਨੀਂ ਲਗਦਾ ਮੈਂ ਪਾਪਾ ਨਾਲ ਤੇਰੇ ਬਾਰੇ ਕਿੱਦਾਂ ਗੱਲ ਕਰਾਂ....!!! ਜੇ ਮੰਮੀ ਹੁੰਦੇ ਤਾਂ ਆਪੇ ਸਾਰਾ ਕੁਝ ਸੰਭਾਲ ਲੈਂਦੇ... ਪਰ ਹੁਣ ਬੜੀ ਸੰਗ ਜੀ ਲੱਗਦੀ ਆ... ਗੀਤ ਨੇ

ਗੁਰੀ ਨੂੰ ਆਖਿਆ....

....ਓ ਐਡੀ ਵੀ ਕਾਹਦੀ ਕਾਹਲੀ ਆ... ਹੋ ਜਾਣ ਦੇ ਪੇਪਰ ਪੂਪਰ... ਆਪੇ ਰੱਬ ਕੋਈ ਰਾਹ ਦਿਖਾ ਦੇਵੇਗਾ... ਗੁਰੀ ਨੇ ਬੇਫ਼ਿਕਰ ਜਾ ਹੋ ਕੇ ਜਵਾਬ ਦਿੱਤਾ....

....ਨਹੀਂ ਗੁਰੀ ਮੈਨੂੰ ਕਾਹਲ਼ੀ ਇਸ ਲਈ ਏ.... ਕਿਉਂਕਿ ਪਾਪਾ ਇੱਕ ਦਿਨ ਬਾਬਾ ਜੀ ਨਾਲ ਗੱਲ ਕਰਦੇ ਸੀ ਕਿ ਹੁਣ ਗੀਤ ਵੱਡੀ ਹੋ ਗਈ ਏ, ਇਹਦਾ ਵਿਆਹ ਕਰ ਦੇਈਏ... ਉਹ ਕਹਿੰਦੇ ਸੀ ਉਹਨਾਂ ਨੇ ਵੀਰੇ ਨੂੰ ਅਮਰੀਕਾ ਕੋਈ ਮੁੰਡਾ ਦੇਖਣ ਵਾਸਤੇ ਕਿਹਾ ਏ.... ਗੀਤ ਨੇ ਕਾਰਨ ਸਪੱਸ਼ਟ ਕੀਤਾ....

ਦੇਖੀਂ ਕੁੜੀਏ....!!!! ਕਿਤੇ ਗਰੀਬ ਮਾਰ ਨਾ ਹੋ ਜੇ ਸਾਡੇ ਨਾਲ਼.... ਹੁਣ ਤਾਂ ਮੇਰੇ ਸਾਹਾਂ ਜਿਆਂ 'ਚ ਵਸ ਗਈ ਏਂ.... ਪਤਾ ਨੀਂ ਤੇਰੇ ਡੈਡੀ ਕੀ ਡਿਸੀਜ਼ਨ ਲੈਣਗੇ ਤੇਰੀ ਜ਼ਿੰਦਗੀ ਲਈ....

ਵੈਸੇ ਗੀਤ ਵੇਖਿਆ ਨਾ ਜੱਟ ਦਾ ਜ਼ੇਰਾ.... ਇੱਕ ਸਾਬਤ ਸੂਰਤ ਮੁੰਡੇ ਨੇ ਇੱਕ ਡੀ.ਐਸ.ਪੀ. ਦੀ ਕੁੜੀ ਨੂੰ ਸੁਪਨਿਆਂ ਦੀ ਰਾਣੀ ਚੁਣ ਲਿਆ, ਉਹ ਵੀ ਅੱਜ ਦੇ ਬਿਖੜੇ ਹਾਲਾਤਾਂ ਵਿੱਚ....ਜਦੋਂ ਮੇਰੇ ਵਰਗੇ ਗੱਭਰੂ, ਝੂਠੇ ਪੁਲਸ ਮੁਕਾਬਲਿਆਂ ਦੀ ਸ਼ਾਨ ਬਣਕੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਆ ਜਿਹੜੀਆਂ ਆਏ ਦਿਨ ਰੱਦੀ ਦਾ ਟੋਕਰਾ ਬਣ ਜਾਂਦੀਆਂ.... ਵੈਸੇ ਪੁਲਿਸ ਅਫ਼ਸਰ ਦੀ ਕੁੜੀ ਨਾਲ ਹੋਏ ਕਰਾਰ....ਕਿਤੇ ਮਹਿੰਗੇ ਨਾ ਪੈ ਜਾਣ ਮੁਟਿਆਰੇ.... ਮੈਨੂੰ ਉਦਾਸੀ ਦੀ ਇੱਕ ਕਵਿਤਾ ਦਾ ਸ਼ੇਅਰ ਯਾਦ ਆਉਂਦਾ ਗੀਤ, ਜਿਹੜਾ ਉਹਨੇ ਗੁਰੂ ਨਾਨਕ ਦੇਵ ਜੀ ਦੀ, ਅੱਜ ਦੇ ਜ਼ਮਾਨੇ 'ਚ ਆਮਦ 'ਤੇ ਲਿਖਿਆ ਸੀ:

*ਕੀਹਨੂੰ ਕੀਹਨੂੰ ਸੁਧਾਰੇਂਗਾ ਦੱਸ ਆ ਕੇ*
*ਲੰਮੇ ਪੈਂਡੇ ਨੇ ਤੈਨੂੰ ਘੂਰਕਾ ਦੇਣੈ*
*ਹੋਕਾ ਸੱਚ ਦਾ ਦਿੱਤਾ ਜੇ, ਪੁਲਿਸ ਹੱਥੋਂ*
*'ਨਕਸਲਵਾੜੀਆ ਕਹਿ ਕੇ ਮਰਵਾ ਦੇਣੈ*

ਗੀਤ ਨੇ ਗੁਰੀ ਦਾ ਇਸ਼ਾਰਾ ਇਕਦਮ ਸਮਝਦਿਆਂ ਉਹਦੇ ਮੂੰਹ ਤੇ ਆਪਣਾ ਹੱਥ ਰੱਖ ਦਿੱਤਾ ਸੀ...

...ਵੈਸੇ ਗੀਤ ਉਦਾਸੀ ਵੀ ਵਿਚਾਰਾ ਭੇਦਭਰੇ ਜੇ ਹਾਲਾਤਾਂ ਵਿੱਚ ਈ ਇਸ ਦੁਨੀਆਂ ਤੋਂ ਚਲਿਆ ਗਿਆ....

.....ਸ਼ੁਭ-ਸ਼ੁਭ ਬੋਲ ਗੁਰੀ... ਏਦਾਂ ਦਾ ਕੁਝ ਨਹੀਂ ਹੋਣ ਲੱਗਿਆ...

ਬੱਸ ਮੈਂ ਵਿਆਹ ਕਰਵਾਉਣਾ ਤਾਂ ਤੇਰੇ ਨਾਲ, ਨਹੀਂ ਤਾਂ ਫਿਰ....!!!!

ਨਹੀਂ ਤਾਂ ਫਿਰ ਕੀ ਗੀਤ....???

ਕੁਛ ਨੀਂ ਗੁਰੀ... ਚੱਲ ਕੰਟੀਨ 'ਚ ਚੱਲਦੇ ਆਂ, ਮੈਂ ਚਾਹ ਪੀਣੀ ਐ... ਗੀਤ ਨੇ ਗੱਲ ਬਦਲਦਿਆਂ ਗੁਰੀ ਨੂੰ ਆਖਿਆ....

...ਪਤਾ ਨਹੀਂ ਕਿਉਂ ਗੀਤ ਮੈਨੂੰ ਲੱਗਦਾ ਜਿਦਾਂ 'ਸੁਰਜੀਤ ਪਾਤਰ' ਨੇ ਆਹ ਲਾਇਨਾਂ ਮੇਰੇ ਬਾਰੇ ਈ ਲਿਖੀਆਂ ਹੋਣ.....

ਬੱਸ ਵੀ ਕਰ ਗੁਰੀ.... ਨਹੀਂ.... ਨਹੀਂ ਮੈਂ ਰੋ ਪੈਣਾ ਹੁਣ ਬੱਸ.... ਗੀਤ ਨੇ ਭਾਵੁਕ ਹੁੰਦਿਆਂ ਕਿਹਾ...

ਚੰਗਾ ਫਿਰ ਮੇਰੀ ਕਵਿਤਾ ਤਾਂ ਸੁਣ ਲੈ..... ਪਾਤਰ ਸਾਹਿਬ ਨੇ ਲਿਖਿਆ:

*ਕਬੂਲ ਨ੍ਹੇਰਾ ਕਰੇਗਾ ਨਾ ਰੌਸ਼ਨੀ ਮੈਨੂੰ*
*ਅਜ਼ੀਬ ਮੋੜ 'ਤੇ ਮਾਰੇਗੀ ਜ਼ਿੰਦਗੀ ਮੈਨੂੰ*

ਗੁਰੀ ਨੇ ਕਾਵਿ ਲਾਇਨਾਂ ਗੀਤ ਨੂੰ ਸੁਣਾਈਆਂ....

"...ਬੱਸ ਸੁਣਾ ਲਈਆਂ ਹੁਣ... ਤੁਹਾਡੇ ਜਰਨਲਿਜ਼ਮ 'ਚ ਪਾਤਰ ਬਾਰੇ ਵੀ ਪੜ੍ਹਾਉਂਦੇ ਆ....???ਗੁਰੀ ਤੂੰ ਪਾਤਰ ਨੂੰ ਬਹੁਤ ਪੜ੍ਹਦਾਂ ਲੱਗਦਾ..... ਗੀਤ ਨੇ ਗੱਲ ਬਦਲਦਿਆਂ ਆਖਿਆ....

ਨਹੀਂ ਗੀਤ... ਓਦਾਂ ਈ ਬੱਸ ਚੰਗਾ ਲੱਗਦਾ ਮੈਨੂੰ ਪਾਤਰ....

ਆਹ ਚਾਹ ਲਿਆ ਬਾਈ ਉਏ ਦੋ ਕੱਪ....ਕੰਟੀਨ ਵਾਲੇ ਨੂੰ ਆਵਾਜ਼ ਮਾਰਦਿਆਂ ਗੁਰੀ ਨੇ ਆਖਿਆ।

"....ਗੁਰੀ ਤੂੰ ਕੋਈ ਵੀ ਫ਼ਿਕਰ ਨਾ ਕਰ.... ਮੈਂ ਅੱਜਕੱਲ੍ਹ 'ਚ ਪਾਪਾ ਨਾਲ ਗੱਲ ਕਰਾਂਗੀ ਤੇ ਮੈਨੂੰ ਪੂਰਾ ਯਕੀਨ ਆਂ ਕਿ ਉਹ ਮੰਨ ਜਾਣਗੇ.... ਓ.ਕੇ...... ਗੀਤ ਨੇ ਪੂਰੇ ਹੌਂਸਲੇ ਨਾਲ ਕਿਹਾ...

ਦੋਵਾਂ ਨੇ ਚਾਹ ਪੀਤੀ ਤੇ ਫਿਰ ਗੀਤ ਆਪਣੇ ਘਰ ਚਲੀ ਗਈ....

.............

ਰਾਤ ਦੇ ਅੱਠ ਵੱਜ ਗਏ ਸੀ ਪਰ ਹਾਕਮ ਸਿੰਹੁ ਡੀ.ਐਸ.ਪੀ. ਅਜੇ ਘਰ ਗੇੜਾ ਮਾਰਨ ਲਈ ਵੀ ਨਹੀਂ ਬਹੁੜਿਆ ਸੀ.... ਓਦਾਂ ਉਹ ਤਕਰੀਬਨ ਛੇ ਸੱਤ ਕੁ ਵਜੇ ਇੱਕ ਵਾਰ ਘਰ ਜਰੂਰ ਆਉਂਦਾ ਹੁੰਦਾ ਸੀ....

ਗੀਤ ਆਪਣੇ ਮਨ ਨਾਲ ਕਈ ਤਰ੍ਹਾਂ ਦੀਆਂ ਉਧੇੜ ਬੁਣਾਂ 'ਚ ਉਲਝੀ

ਹੋਈ ਸੀ.... ਉਹ ਡੀ.ਐਸ.ਪੀ. ਨਾਲ ਗੱਲ ਕਿਵੇਂ ਸ਼ੁਰੂ ਕਰਾਂ, ਬਾਰੇ ਵਿਚਾਰ ਕਰ ਰਹੀ ਸੀ.... ਅਚਾਨਕ ਉਹਦੇ ਮਨ 'ਚ ਖ਼ਿਆਲ ਆਇਆ ਕਿਉਂ ਨਾ ਪਹਿਲਾਂ ਬਾਬਾ ਜੀ ਜਾਂ ਘਰ ਦੀ ਨੌਕਰਾਣੀ ਵੀਰਾਂ 'ਚੋਂ ਕਿਸੇ ਨਾਲ ਗੱਲ ਕੀਤੀ ਜਾਵੇ....

ਵੀਰਾਂ ਕਾਫ਼ੀ ਚੰਗੀ ਸੀ, ਉਹ ਗੀਤ ਦਾ ਬਹੁਤ ਮੋਹ ਕਰਦੀ ਸੀ ਤੇ ਗੀਤ ਨੂੰ ਯਕੀਨ ਸੀ ਉਹ ਕਿਸੇ ਨਾ ਕਿਸੇ ਤਰੀਕੇ ਡੀ.ਐਸ.ਪੀ. ਨੂੰ ਗੀਤ ਦੇ ਖ਼ਿਆਲ ਹਮਦਰਦੀ ਨਾਲ ਦੱਸ ਸਕਦੀ ਸੀ... ਪਰ ਫਿਰ ਵੀ ਪਹਿਲਾਂ ਗੀਤ ਨੇ ਆਪਣੇ ਬਾਡੀਗਾਰਡ ਕਿਹਰ ਸਿੰਘ ਨਾਲ ਗੱਲ ਕਰਨੀ ਠੀਕ ਸਮਝੀ ਕਿਉਂਕਿ ਓਦਾਂ ਵੀ ਕਿਹਰ ਸਿੰਘ, ਗੁਰਸ਼ੇਰ ਨੂੰ ਕਈ ਵਾਰ ਦੇਖ ਚੁੱਕਿਆ ਸੀ....

...............

"... ਬਾਬਾ ਜੀ... ਮੈਂ ਤੁਹਾਡੇ ਨਾਲ ਇੱਕ ਸਲਾਹ ਕਰਨੀ ਐ, ਗੀਤ ਨੇ ਬਾਹਰ ਵਿਹੜੇ 'ਚ ਧੂਣੀ ਲਾਈ ਬੈਠੇ ਕਿਹਰ ਸਿੰਘ ਕੋਲ਼ ਆ ਕੇ ਕਿਹਾ..."

ਦੱਸ ਪੁੱਤ...??? ਆ ਜਾ ਬਹਿ ਜਾ.... ਠੰਢ ਬਹੁਤ ਆ ਸੇਕ ਲਾ ਬਹਿ ਕੇ.... ਦੱਸ ਕੀ ਕਹਿਣਾ ਬੇਟਾ...??? ਕਿਹਰ ਸਿੰਘ ਨੇ ਮੋਹ 'ਚ ਭਿੱਜ ਕੇ ਆਖਿਆ....

ਬਾਬਾ ਜੀ ਦਰਅਸਲ ਗੱਲ ਇਹ ਆ ਕਿ ਤੁਹਾਨੂੰ ਪਤਾ ਈ ਆ ਪਾਪਾ ਮੇਰੇ ਲਈ ਅਮਰੀਕਾ 'ਚ ਕੋਈ ਮੁੰਡਾ ਵੇਖ ਰਹੇ ਨੇ... ਪਰ ਮੈਂ...ਪਰ ਮੈਂ ਅਮਰੀਕਾ ਨਹੀਂ ਜਾਣਾ ਚਾਹੁੰਦੀ ਬਾਬਾ ਜੀ..... ਗੀਤ ਨੇ ਜ਼ਕਦਿਆਂ ਜਿਆਂ ਗੱਲ ਸ਼ੁਰੂ ਕੀਤੀ...

ਵੇਖ ਪੁੱਤ....!!! ਅਫ਼ਸਰਾਂ ਅੱਗੇ ਕਾਹਦਾ ਜ਼ੋਰ ਹੁੰਦਾ, ਅਸੀਂ ਤਾਂ ਉਹਨਾਂ ਦੇ ਤਾਬਿਆਦਾਰ ਆਂ.... ਨਾਲ਼ੇ ਇਹ ਤੁਹਾਡਾ ਘਰੇਲੂ ਮਸਲਾ ਐ.... ਹੋ ਸਕਦਾ ਜੇ ਮੈਂ ਸਾਹਬ ਨੂੰ ਕੁਝ ਆਖਾਂ ਤਾਂ ਮੈਨੂੰ ਈ ਝਿੜਕ ਦੇਣ..... ਪਰ ਫਿਰ ਵੀ ਦੱਸ ਪੁੱਤ ਮੈਂ ਤੇਰੇ ਲਈ ਕੀ ਕਰ ਸਕਦਾਂ..... ਕਿਹਰ ਸਿੰਘ ਨੇ ਜਵਾਬ ਦਿੱਤਾ....

ਬਾਬਾ ਜੀ ਅਸਲ 'ਚ ਗੱਲ ਇਹ ਆ ਕਿ ਮੈਂ.....ਮੈਂ... ਇੱਕ ਗੁਰਸਿਖ ਮੁੰਡੇ ਨੂੰ ਪਸੰਦ ਕਰਦੀ ਆਂ....ਤੇ ਮੈਨੂੰ ਪਤਾ ਜੋ ਮੁੰਡਾ ਪਾਪਾ ਵੇਖਣਗੇ ਉਹ ਗੁਰਸਿਖ ਨਹੀਂ ਹੋ ਸਕਦਾ... ਗੀਤ ਨੇ ਗੱਲ ਸਾਫ਼ ਕਰ ਦਿੱਤੀ।

ਕਿਹਰ ਸਿੰਘ ਗੀਤ ਦੀ ਗੱਲ ਸੁਣਕੇ ਇਕਦਮ ਚੁੱਪ ਕਰ ਗਿਆ ਸੀ... ਕੁਝ ਸਮੇਂ ਬਾਅਦ ਉਹ ਨੇ ਚੁੱਪ ਤੋੜਦਿਆਂ ਕਿਹਾ....

ਵਾਹਿਗੁਰੂ ਭਲੀ ਕਰੇਗਾ ਪੁੱਤ... ਪਰ ਮੇਰੀ ਏਨੀ ਔਕਾਤ ਨਹੀਂ ਕਿ

ਮੈਂ ਸਾਹਬ ਨਾਲ ਉਹਨਾਂ ਦੀ ਬੇਟੀ ਦੇ ਰਿਸ਼ਤੇ ਬਾਰੇ ਗੱਲ ਕਰ ਸਕਾਂ... ਕਿਹਰ ਸਿੰਘ ਆਪਣੇ ਆਪ ਨੂੰ ਅਸਲੋਂ ਈ ਬੇਵਸ ਜਿਹਾ ਮਹਿਸੂਸ ਕਰ ਰਿਹਾ ਸੀ....

ਗੀਤ ਕੀ ਇਹ ਮੁੰਡਾ ਉਹੋ ਈ ਆ ਜਿਹੜਾ ਹਰ ਰੋਜ਼ ਤੇਰੇ ਨਾਲ ਹੁੰਦਾ ਯੂਨੀਵਰਸਿਟੀ.....ਜਾਂ ਕੋਈ ਹੋਰ ਐ....??? ਕਿਹਰ ਸਿੰਘ ਨੇ ਸਵਾਲ ਕੀਤਾ।

ਹਾਂ ਜੀ ਬਾਬਾ ਜੀ ਓਹੀ ਆ.... ਗੀਤ ਨੇ ਸੰਕੋਚਵਾਂ ਜਵਾਬ ਦਿੰਦਿਆਂ ਕਿਹਾ....

..... ਵਾਹਿਗੁਰੂ ਮਿਹਰ ਕਰੇ.... ਜੇ ਪੁੱਤ ਤੂੰ ਡੀ.ਐਸ.ਪੀ. ਸਾਹਬ ਨਾਲ ਗੱਲ ਕਰ ਲਵੇਂ ਤਾਂ ਮੈਂ ਹਾਮੀਂ ਜ਼ਰੂਰ ਭਰ ਦਿਆਂਗਾ ਕਿ ਮੁੰਡਾ ਵਧੀਆ ਹੈ ਜੀ, ਮੈਂ ਦੇਖਿਆ ਹੈ.... ਕਿਹਰ ਸਿੰਘ ਨੇ ਬੇਵਸੀ ਜ਼ਾਹਰ ਕਰਦਿਆਂ ਕਿਹਾ।

ਗੀਤ ਕਿਹਰ ਸਿੰਘ ਦੀ ਮੁਸ਼ਕਲ ਚੰਗੀ ਤਰ੍ਹਾਂ ਸਮਝ ਸਕਦੀ ਸੀ... ਇੱਕ ਮਾਮੂਲੀ ਸਿਪਾਹੀ ਲਈ ਡੀ.ਐਸ.ਪੀ. ਨਾਲ ਇਹੋ ਜਿਹੇ ਮਹੱਤਵਪੂਰਨ ਤੇ ਨਿੱਜੀ ਵਿਸ਼ੇ ਤੇ ਗਲ ਕਰਨੀ ਵਾਕਿਆ ਈ ਬਹੁਤ ਔਖੀ ਸੀ....

"....ਫਿਰ ਤਾਂ ਸ਼ਾਇਦ ਇਹ ਕੰਮ ਵੀਰਾਂ ਵੀ ਨਾ ਕਰੇ..... ਗੀਤ ਨੇ ਆਪਣੇ ਮਨ ਨੂੰ ਸਵਾਲ ਕੀਤਾ...."

ਫਿਰ ਆਪੇ ਜਵਾਬ ਦਿੰਦਿਆਂ ਸੋਚਿਆ.....ਨਹੀਂ, ਵੀਰਾਂ ਕਿਸੇ ਅਪਣੱਤ ਭਰੇ ਲਹਿਜੇ 'ਚ ਕੁਝ ਨਾ ਕੁਝ ਜ਼ਰੂਰ ਕਰ ਸਕਦੀ ਹੈ.... ਮੈਂ ਉਹਨੂੰ ਅਜਿਹਾ ਕਰਨ ਲਈ ਕਹਿ ਦਿਆਂਗੀ.... ਉਹ ਮੇਰੀ ਗੱਲ ਮੋੜ ਨਹੀਂ ਸਕਦੀ....

ਗੀਤ ਨੇ ਵੀਰਾਂ ਨਾਲ ਸਾਰੀ ਗੱਲ ਸਾਂਝੀ ਕੀਤੀ.... ਤੇ ਕਿਹਾ....

"....ਆਂਟੀ ਵੇਖ ਮੇਰੇ ਕੋਲ ਅੱਜ ਮਾਂ ਨਹੀਂ ਹੈ... ਤੇ ਮੈਂ ਤੈਨੂੰ ਆਪਣੀ ਮਾਂ ਸਮਝ ਕੇ ਦੱਸ ਰਹੀ ਆਂ... ਗੁਰੀ ਵਾਕਿਆ ਈ ਬਹੁਤ ਚੰਗਾ ਮੁੰਡਾ ਹੈ... ਕ੍ਰਿਪਾ ਕਰਕੇ ਮੇਰੇ 'ਤੇ ਇਹ ਅਹਿਸਾਨ ਕਰਦੇ.... ਇੱਕ ਵਾਰ ਗੱਲ ਚਲਾ ਦੇ... ਫੇਰ ਮੈਂ ਆਪੇ ਸੰਭਾਲ ਲਊਂ ਸਾਰਾ ਕੁਛ...."

ਗੀਤ ਦੇਖ ਬੱਚੇ.... ਤੂੰ ਇੱਕ-ਦੋ ਦਿਨ ਉਡੀਕ ਕਰ, ਮੈਂ ਮੌਕਾ ਵੇਖ ਕੇ ਸਾਹਬ ਨਾਲ ਕਿਸੇ ਬਹਾਨੇ ਜੇ ਨਾਲ ਗੱਲ ਤੋਰ ਕੇ ਵੇਖੂੰਗੀ ਚੰਗਾ.... ਵੀਰਾਂ ਨੇ ਗੀਤ ਨੂੰ ਜੱਫ਼ੀ ਵਿੱਚ ਲੈਂਦਿਆਂ ਕਿਹਾ।

ਅਗਲੇ ਦਿਨ ਦੀ ਸਵੇਰ ਆਈ.... ਗੀਤ ਤਿਆਰ ਹੋ ਕੇ ਯੂਨੀਵਰਸਿਟੀ ਚਲੀ ਗਈ.... ਤਕਰੀਬਨ ਗਿਆਰਾਂ ਕੁ ਵਜੇ ਡੀ.ਐਸ.ਪੀ. ਹਾਕਮ ਸਿੰਹੁ ਤਿਆਰ ਬਿਆਰ ਹੋ ਕੇ.... 'ਡਾਈਨਿੰਗ ਟੇਬਲ' ਤੇ ਨਾਸ਼ਤਾ

ਕਰਨ ਲਈ ਬੈਠ ਗਿਆ....

ਹਰ ਰੋਜ਼ ਦੀ ਤਰ੍ਹਾਂ ਦੋ ਕੁ ਸਿਪਾਹੀ ਆ ਗਏ ਆਪਣੇ ਸਾਹਬ ਦੀ ਟਹਿਲ ਸੇਵਾ ਲਈ.... ਪਰ ਅੱਜ ਵੀਰਾਂ ਨੇ ਕਿਹਾ....ਕੋਈ ਨੀਂ ਮੈਂ ਆਪੇ ਫੜ੍ਹਾ ਦਿਆਂਗੀ ਰੋਟੀ ਸਾਹਬ ਨੂੰ ਤੁਸੀਂ ਜਾਉ.... ਤੇ ਉਹ ਚਲੇ ਗਏ...

ਵੀਰਾਂ ਡੀ.ਐਸ.ਪੀ. ਨੂੰ ਰੋਟੀ ਖਵਾਉਂਦਿਆਂ ਮੌਕਾ ਜਾ ਵੇਖ ਕੇ ਬੋਲੀ....

"....ਸਾਹਬ ਹੁਣ ਤਾਂ ਆਪਣੀ ਗੀਤ ਸਿਆਣੀ ਹੋ ਗਈ ਏ ਸੁੱਖ ਨਾਲ...

ਹੂੰ....ਅ....ਅੰ....ਅ.... ਡੀ.ਐਸ.ਪੀ. ਹਾਕਮ ਸਿੰਹੁ ਨੇ ਮੂੰਹ ਵਿੱਚ ਬੁਰਕੀ ਪਾਉਂਦਿਆਂ ਕੁਰਖ਼ਤ ਜਾ ਹੁੰਗਾਰਾ ਭਰਿਆ....

ਸਾਹਬ ਗੀਤ ਦਾ ਧਿਆਨ ਭਜਨ ਪਾਠ ਵੱਲ ਲੱਗਿਆ ਹੋਇਆ ਵਾਹਗੁਰੂ ਦੀ ਕ੍ਰਿਪਾ ਨਾਲ.... ਵਿਚਾਰੀ ਨੂੰ ਇਹੋ ਜੇ ਖ਼ਿਆਲਾਂ ਵਾਲਾ ਈ ਮੁੰਡਾ ਮਿਲਜੇ....ਕਿਸੇ ਗੁਰਮਖ ਘਰਾਣੇ ਦਾ... ਵੀਰਾਂ ਨੇ ਥੋੜ੍ਹੀ ਜੀ ਗੱਲ ਅਗਾਂਹ ਤੋਰੀ....

ਅੱਛਾ....ਹੂੰ...ਅ....ਅ.....ਅ..!!!! ਪਰ ਅੱਜਕੱਲ ਇਸ ਭੇਖ ਵਿੱਚ ਅੱਤਵਾਦੀ ਬਾਹਲ਼ੇ ਲੁਕੇ ਆ ਵੀਰਾਂ.... ਡੀ.ਐਸ.ਪੀ. ਨੇ ਪੁਲਸੀਆ ਮਾਪਦੰਡਾਂ ਦੇ ਆਧਾਰ ਤੇ ਖੁਲਾਸਾ ਕੀਤਾ...

ਹਾਂ ਸਾਹਬ... ਉਂ.... ਇਹ ਤਾਂ 'ਵਾਜਾਂ ਆਲੇ' ਦਾ ਦਿੱਤਾ ਬਾਣਾ... ਅੱਤਵਾਦੀ ਇਹ ਬਾਣੇ ਆਲੇ....??? ਪਤਾ ਨੀਂ ਸਾਹਬ ਮੈਨੂੰ ਤਾਂ ਥੋਡੀਆਂ ਗੱਲਾਂ ਦਾ ਭੇਤ ਜਾ ਨੀਂ ਆਉਂਦਾ....

ਊਂ ਕਲਯੁਗ ਆ ਭਾਈ ਕੀ ਪਤਾ ਲਗਦਾ.... ਪਰ ਸਾਰੇ ਤਾਂ ਨੀਂ ਇੱਕੋ ਜੇ ਹੋਣੇ.... ਵੀਰਾਂ ਨੇ ਹਾਕਮ ਸਿੰਹੁ ਦੀ ਗੱਲ ਤੇ ਪ੍ਰਸ਼ਨ ਚਿੰਨ੍ਹ ਜਾ ਲਾਉਂਦਿਆਂ ਕਿਹਾ....

....ਸਾਹਬ ਗੀਤ ਵਿਚਾਰੀ ਮੇਰੇ ਕੋਲ਼ ਬਹਿ ਜਾਂਦੀ ਆ ਕਦੇ ਕਦੇ.... ਕੱਲੀ ਦਾ ਜੀਅ ਨੀਂ ਲੱਗਦਾ ਜਦੋਂ.... ਮੈਨੂੰ ਲੱਗਿਆ ਜਾਣੀਂ ਓਹਦੀਆਂ ਗੱਲਾਂ ਤੋਂ ਬਈ ਉਹ ਗੁਰਸਿੱਖ ਵਰ ਚਾਹੁੰਦੀ ਆ ਆਪਣੇ ਲਈ... ਮੈਂ ਤਾਂ, ਤਾਂ ਤੁਹਾਨੂੰ ਦੱਸਿਆ ਸੀ... ਅੱਜਕਲ੍ਹ ਤਾਂ ਪਾੜ੍ਹੇ ਜਵਾਕ ਆ... ਸਿਆਣੇ ਹੁੰਦੇ ਆ...ਆਪੇ ਈ... ਇਸ ਤੋਂ ਅੱਗੇ ਵੀਰਾਂ ਤੋਂ ਜ਼ੁਬਾਨ ਨਾ ਖੁਲ੍ਹੀ ਤੇ ਉਹ ਭਾਂਡੇ ਚੁੱਕ ਕੇ ਚਲੀ ਗਈ।

ਡੀ.ਐਸ.ਪੀ. ਹਾਕਮ ਸਿੰਹੁ ਵੀ ਐਡਾ ਨਿਆਣਾ ਤਾਂ ਹੈ ਨੀਂ ਸੀ...

ਨਿੱਤ ਨਵੇਂ ਲੋਕਾਂ ਨਾਲ ਵਾਹ ਪੈਂਦਾ ਸੀ... ਨਾਲੇ ਜਿਹੜਾ ਬੋਲਣ ਵਾਲੇ ਦੀ ਰਮਜ਼ ਨਾ ਸਮਝੇ, ਉਹ ਕਾਹਦਾ ਪੁਲਸ ਵਾਲਾ....

ਗੱਲ ਕੀ ਹਾਕਮ ਸਿੰਹੁ ਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਓਹਦੀ ਕੁੜੀ ਗੀਤਇੰਦਰ ਨੇ ਆਪਣੇ ਜੀਵਨ ਸਾਥੀ ਬਾਰੇ ਜਰੂਰ ਕੋਈ ਫੈਸਲਾ ਲੈ ਲਿਆ ਸੀ... ਇੱਕ ਵਾਰ ਤਾਂ ਹਾਕਮ ਸਿੰਹੁ ਗੁੱਸੇ 'ਚ ਲੋਹਾ ਲਾਖਾ ਹੋ ਗਿਆ.... ਫੇਰ ਸੋਚਿਆ ਮੈਂ ਪਿਆਰ ਨਾਲ ਗੀਤ ਨੂੰ ਮਨਾਂ ਕਰ ਦਿਆਂਗਾ ਜੇ ਧੱਕਾ ਕੀਤਾ ਤਾਂ ਮੁਟਿਆਰ ਧੀ ਆ ਕੋਈ ਊਨੀ-ਇੱਕੀ ਨਾ ਹੋਜੇ ਕਿਤੇ....

ਸ਼ਾਮ ਨੂੰ ਜਦੋਂ ਹਾਕਮ ਸਿੰਹੁ ਨੇ ਗੀਤ ਦੇ ਨਾਲ ਉਹਦੇ ਵਿਆਹ ਬਾਰੇ ਗੱਲ ਕੀਤੀ ਤੇ ਅਮਰੀਕਾ ਤੋਂ ਆਪਣੇ ਮਿੱਤਰ ਪਰਮਰਾਜ ਸਿੰਘ ਦੇ ਮੁੰਡੇ ਦੀ ਦੱਸ ਪਾਈ ਤਾਂ ਗੀਤ ਨੇ.... 'ਇੰਟੈਰੋਗੇਟਿੰਗ ਸੈਂਟਰ' ਵਿੱਚ ਪੁੱਠੇ ਟੰਗੇ ਕਮ-ਦਿਲੇ ਮੁਜ਼ਰਿਮ ਵਾਂਗ ਸਭ ਕੁਛ ਸੱਚੋ-ਸੱਚ ਬਿਆਨ ਕਰ ਦਿੱਤਾ....

ਡੀ.ਐਸ.ਪੀ. ਨੇ ਆਪਣੀ ਹਰ ਵਾਹ ਲਾਈ.... ਗੀਤ ਨੂੰ ਝਿੜਕਿਆ ਵੀ, ਪਿਆਰ ਨਾਲ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ, ਇਹ ਵੀ ਕਿਹਾ ਕਿ ਹੋ ਸਕਦਾ ਉਹ ਮੁੰਡਾ ਕਿਸੇ ਖਾੜਕੂ ਜਥੇਬੰਦੀ ਦੇ ਇਸ਼ਾਰੇ ਤੇ ਤੈਨੂੰ ਵਰਗਲ਼ਾ ਰਿਹਾ ਹੋਵੇ, ਅਮਰੀਕਾ ਵਾਲਾ ਰਿਸ਼ਤਾ ਵੀ ਕਰਨਾ ਚਾਹਿਆ, ਹੋਰ ਵੀ ਰਿਸ਼ਤੇ ਵਿਖਾਏ....

ਪਰ ਗੀਤ ਲੋਹੇ ਤੇ ਲਕੀਰ ਖਿੱਚੀ ਬੈਠੀ ਸੀ... ਉਹਨੇ ਇੱਕੋ ਈ ਰਟ ਲਾਈ ਰੱਖੀ ਜੇ ਵਿਆਹ ਕਰਨਾ ਤਾਂ ਗੁਰਸ਼ੇਰ ਨਾਲ ਨਹੀਂ ਤਾਂ ਫਿਰ ਨਹੀਂ ਕਰਨਾ....

ਹਾਕਮ ਸਿੰਹੁ ਸਮਝ ਗਿਆ ਸੀ ਕਿ ਇਸ ਕੁੜੀ ਨੇ ਏਦਾਂ ਨਹੀਂ ਮੰਨਣਾ... ਉਹਨੇ ਸੋਚਿਆ ਅਸੀਂ ਤਾਂ ਐਡੇ-ਐਡੇ ਅੜੀਅਲਾਂ ਦੀਆਂ ਆਕੜਾਂ ਭੰਨ ਦੇਈਏ... ਇਹ ਕੀ ਆ....??? ਕੱਲ੍ਹ ਦੀ ਜੁਆਕੜੀ....!!!! ਉਹਦੇ ਸ਼ੈਤਾਨੀ ਦਿਮਾਗ ਵਿੱਚ ਇੱਕ ਨਵੀਂ ਸਾਜਿਸ਼ ਨੇ ਜਨਮ ਲਿਆ .... ਕਾਫ਼ੀ ਗੰਭੀਰ ਜਾ ਹੋ ਕੇ ਹਾਕਮ ਸਿੰਹੁ ਗੀਤ ਨੂੰ ਕਹਿਣ ਲੱਗਿਆ.....

ਚੰਗਾ ਪੁੱਤ ਗੀਤ .... ਜੇ ਤੇਰੀ ਇਹੋ ਈ ਮਰਜ਼ੀ ਆ, ਤਾਂ ਫਿਰ ਮੈਂ ਇੱਕ ਵਾਰ ਉਸ ਮੁੰਡੇ ਨੂੰ ਮਿਲਣਾ ਚਾਹਾਂਗਾ.....

".... ਓ... ਮਾਈ... ਗੱਾਡ.... ਆਰ ਯੂ ਐਗਰੀ ਵਿਦ ਮੀਂ ਡੈਡ... ਓ ਡੈਡ... ਥੈਂਕ ਯੂ.... ਥੈਂਕ ਯੂ.... ਸੋ ਮਚ..." ਗੀਤ ਨੇ ਖੁਸ਼ੀ 'ਚ ਉਛਲਦਿਆਂ ਆਖਿਆ....

ਓਦਾਂ ਗੀਤ ਇਸ ਕਰਕੇ ਵੀ ਬਹੁਤ ਖੁਸ਼ ਸੀ ਕਿਉਂਕਿ ਅੱਜ ਹਾਕਮ

ਸਿੰਹੁ ਨੇ ਉਹਨੂੰ ਪਹਿਲੀ ਵਾਰ 'ਪੁੱਤ ਗੀਤ' ਕਹਿ ਕੇ ਬੁਲਾਇਆ ਸੀ... ਇਹ ਪੁਕਾਰ ਗੀਤ ਲਈ ਅੱਜ ਤੱਕ ਅਣਹੋਈ ਕਹਾਣੀ ਹੀ ਸੀ।

"... ਡੈਡ ਮੈਂ ਕੱਲ੍ਹ ਈ ਗੁਰਸ਼ੇਰ ਨੂੰ ਘਰ ਆਉਣ ਲਈ ਕਹਾਂਗੀ... ਗੀਤ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ।

ਨਹੀਂ ਗੀਤ... ਘਰ ਨਹੀਂ ਹੋਣਾ... ਮੈਂ ਮਹਿਕਮੇ ਦੇ ਕੰਮ 'ਚ ਬਹੁਤ ਬਿਜ਼ੀ ਆਂ... ਤੂੰ ਉਹਨੂੰ ਕਹੀਂ, ਮੈਨੂੰ ਮੇਰੇ ਆਫ਼ਿਸ ਆ ਕੇ ਮਿਲ ਲਵੇ, ਡੀ.ਐਸ.ਪੀ. ਨੇ ਜਵਾਬ ਦਿੱਤਾ...

ਓਹ... ਓ.ਕੇ. ਡੈਡ... ਆਈ ਵਿੱਲ ਟੈੱਲ ਹਿਮ... ਥੈਂਕ ਯੂ ਡੈਡ... ਥੈਂਕ ਯੂ ਵੱਨਸ ਅਗੇਨ... ਕਹਿੰਦਿਆਂ ਗੀਤ ਆਪਣੇ ਕਮਰੇ 'ਚ ਚਲੀ ਗਈ... ਤੇ ਪਤਾ ਈ ਨੀਂ ਲੱਗਿਆ ਜਾਗਦੀਆਂ ਅੱਖਾਂ ਨਾਲ ਸੰਧੂਰੀ ਸੁਪਨੇ ਵੇਖਦਿਆਂ ਕਦੋਂ ਨੀਂਦ ਆ ਗਈ।

---------------

## ਕਾਂਡ - 8

*ਤੂੰ ਵੀ ਕੁਝ-ਕੁਝ ਯਾਦ ਕਰਾ, ਕੋਈ ਸੋਚ ਸੁਝਾ, ਕੋਈ ਲਫ਼ਜ਼ ਹੀ ਦੇਹ*
*ਮੇਰਾ ਦੁੱਖ ਮੇਰੇ ਤੋਂ ਹੁੰਦਾ ਪੂਰੀ ਤਰ੍ਹਾਂ ਬਿਆਨ ਨਹੀਂ*

*(ਪਾਤਰ)*

ਸਵੇਰੇ ਯੂਨੀਵਰਸਿਟੀ 'ਚ ਗੁਰਸ਼ੇਰ ਨੂੰ ਮਿਲਦਿਆਂ ਹੀ ਗੀਤ ਨੇ ਚਾਈਂ-ਚਾਈਂ ਆਪਣੇ ਪਾਪਾ ਦੇ ਇਸ ਰਿਸ਼ਤੇ ਲਈ ਰਾਜ਼ੀ ਹੋ ਜਾਣ ਬਾਰੇ ਦੱਸਿਆ....

ਪਹਿਲਾਂ ਪਹਿਲ ਤਾਂ ਗੁਰੀ ਨੂੰ ਲੱਗਿਆ ਜਿੱਦਾਂ ਕੋਈ ਸੁਪਨਾ ਵੇਖ ਰਿਹਾ ਹੋਵੇ... ਪਰ ਜਦੋਂ ਗੀਤ ਨੇ ਮੋਢੇ ਤੋਂ ਫੜਕੇ ਝੰਜੋੜ ਕੇ ਆਖਿਆ:

ਗੁਰੀ ਮੇਰੇ ਪਾਪਾ ਮੰਨ ਗਏ ਨੇ... ਉਹ ਤੈਨੂੰ ਮਿਲਣਾ ਚਾਹੁੰਦੇ ਨੇ.... ਤਾਂ ਗੁਰੀ ਕਹਿਣ ਲੱਗਿਆ....

"....ਅੱਛਾ ਗੀਤ... ਪਰ ਇਹ ਏਨੀ ਜਲਦੀ ਕਿਵੇਂ ਹੋ ਗਿਆ....???

ਏਨੀ ਜਲਦੀ ਨਹੀਂ ਹੋਇਆ ਓਕੇ... ਪਤਾ ਕਿਵੇਂ ਮਨਾਇਆ ਮੈਂ ਡੈਡ ਨੂੰ .... ਗੀਤ ਨੇ ਬੁਝਾਰਤ ਜੀ ਪਾਉਂਦਿਆਂ ਆਖਿਆ....

"....ਕਿਵੇਂ ਮਨਾਇਆ ਗੀਤ ....??? ਜ਼ਰਾ ਮੈਨੂੰ ਵੀ ਪਤਾ ਲੱਗੇ ਏਨਾ ਰੋਅਬਦਾਰ ਅਫ਼ਸਰ ਏਨੀ ਛੇਤੀ ਕਿਵੇਂ ਪਿਘਲ ਗਿਆ... ਗੁਰੀ ਨੇ ਕੁਝ ਸੋਚਦਿਆਂ ਆਖਿਆ....

ਚੱਲ ਛੱਡ ਤੂੰ ਹੁਣ ਇਨ੍ਹਾਂ ਗੱਲਾਂ ਨੂੰ .... ਆਏਂ ਦੱਸ ਪਾਪਾ ਨੂੰ ਕਦੋਂ ਮਿਲੇਂਗਾ....??? ਗੀਤ ਨੇ ਅਗਲੀ ਗੱਲ ਕੀਤੀ....

ਓਏ ਮਿਲ ਲਵਾਂਗੇ... ਜਦੋਂ ਸਾਡੀ ਗੀਤ ਕਹੇਗੀ... ਗੁਰੀ ਨੇ ਜਵਾਬ ਦਿੱਤਾ....

ਚਲ ਫਿਰ ਠੀਕ ਆ, ਤੂੰ ਕੱਲ੍ਹ ਈ ਡੈਡ ਦੇ ਆਫ਼ਿਸ ਜਾ ਕੇ ਡੈਡ ਨੂੰ ਮਿਲ ਲਵੀਂ.... ਗੀਤ ਨੇ ਕਿਹਾ....

ਕੱਲ੍ਹ ਈ...!!! ਉਹ ਵੀ ਆਫਿਸ ਵਿੱਚ...!!! ਪਰ ਕਿਉਂ ਗੀਤ.... ਕੀ ਗੱਲ ਮੈਨੂੰ ਘਰੇ ਨਹੀਂ ਬੁਲਾਉਣਾ ਤੂੰ ਆਪਣੇ... ਗੁਰੀ ਨੇ ਚੋਟ ਕੀਤੀ....

ਨਹੀਂ ਨਹੀਂ ਇਹ ਗੱਲ ਨਹੀਂ ਹੈ ਗੁਰੀ... ਐਕਚੁਅਲੀ ਪਾਪਾ ਛੱਬੀ

ਜਨਵਰੀ ਦੀਆਂ ਤਿਆਰੀਆਂ 'ਚ ਰੁੱਝੇ ਹੋਣ ਕਰਕੇ ਜ਼ਿਆਦਾ ਟਾਇਮ ਆਫ਼ਿਸ ਈ ਰਹਿੰਦੇ ਨੇ....ਇਸ ਕਰਕੇ ਉਹਨਾਂ ਨੇ ਕਹਿ ਦਿੱਤਾ ਸੀ ਕਿ ਮੈਂ ਤੈਨੂੰ ਉਥੇ ਭੇਜ ਦੇਵਾਂ.... ਰੀਤ ਨੇ ਗੱਲ ਸਪਸ਼ਟ ਕੀਤੀ।

ਓਹ.....ਓ.ਕੇ. ਠੀਕ ਆ....ਮੈਂ ਕੱਲ੍ਹ ਮਿਲ ਆਵਾਂਗਾ ਜਾ ਕੇ..... ਹੁਣ ਮੇਰਾ ਲੈਕਚਰ ਆ, ਮੈਂ ਅਟੈਂਡ ਕਰ ਲਵਾਂ ਠੀਕ ਐ....

....ਠੀਕ ਆ ਓ.ਕੇ..... ਕਲ੍ਹ ਮਿਲਦੇ ਆਂ, ਮੈਂ ਵੀ ਅੱਜ ਜਲਦੀ ਜਾਣਾ ਘਰ... ਰੀਤ ਬੋਲੀ।

................

ਗੁਰਸ਼ੇਰ ਅਗਲੇ ਦਿਨ ਡੀ.ਐਸ.ਪੀ. ਹਾਕਮ ਸਿੰਹੁ ਨੂੰ ਮਿਲਣ ਉਹਦੇ ਦਫ਼ਤਰ ਚਲਾ ਗਿਆ....

" ...ਹਾਂ ਬਈ ਕਾਕਾ ਕੀਹਨੂੰ ਮਿਲਣਾ, ਕੀ ਕੰਮ ਆਂ ਤੈਨੂੰ ....??? ਸੰਤਰੀ ਨੇ ਸ਼ੱਕੀ ਜੀਆਂ ਨਜ਼ਰਾਂ ਨਾਲ ਗੁਰੀ ਵੱਲ ਵੇਖ ਕੇ ਆਖਿਆ...

ਮੈਂ ਬਾਈ ਜੀ ਸਾਹਬ ਨੂੰ ਮਿਲਣਾ... ਗੁਰੀ ਨੇ ਨਿਮਰਤਾ ਨਾਲ ਜਵਾਬ ਦਿੱਤਾ...

" ..... ਕਿਹੜੇ ਸਾਹਬ ਨੂੰ, ਤਿੰਨ-ਚਾਰ ਸਾਹਬ ਬੈਠਦੇ ਆ ਇੱਥੇ... ਤੂੰ ਕੀਹਨੂੰ ਮਿਲਣਾ ਬਈ....??? ਸੰਤਰੀ ਨੇ ਆਪਣੀ ਕਾਰਬਾਈਨ ਸੰਭਾਲ਼ਦਿਆਂ ਆਖਿਆ...

ਮੈਂ ਜੀ ਡੀ.ਐਸ.ਪੀ. ਸਾਹਬ ਨੂੰ ਮਿਲਣਾ ਸੀ... ਗੁਰੀ ਨੇ ਜਵਾਬ ਦਿੱਤਾ...

ਅੱਛਾ.... ਚੰਗਾ ਜਾਹ...ਹੋ... ਓ... ਓ... ਥੇ... ਜਾ ਕੇ ਬਹਿਜਾ ਪਰ੍ਹੇ... ਸਾਹਬ ਅਜੇ ਆਏ ਨੀਂ ਘਰੋਂ.... ਸੰਤਰੀ ਨੇ ਦੂਰ ਪਏ ਟੁੱਟੇ ਜੇ ਤਖ਼ਤਪੋਸ਼ ਵੱਲ ਇਸ਼ਾਰਾ ਕਰਕੇ ਆਖਿਆ...

ਗੁਰਸ਼ੇਰ ਤਕਰੀਬਨ ਡੇਢ ਘੰਟਾ ਬੈਠਾ ਹਾਕਮ ਸਿੰਹੁ ਡੀ.ਐਸ.ਪੀ. ਦੀ ਉਡੀਕ ਕਰਦਾ ਰਿਹਾ... ਏਨੇ ਨੂੰ ਡੀ.ਐਸ.ਪੀ. ਵੀ ਪਹੁੰਚ ਗਿਆ ਆਪਣੇ ਲਾਉ-ਲਸ਼ਕਰ ਦੇ ਨਾਲ...

ਦਗੜ-ਦਗੜ ਕਰਦਿਆਂ ਦਸ-ਪੰਦਰਾਂ ਪੁਲਿਸ ਵਾਲੇ ਪਿਛਲੀ ਸੀ 'ਚੋਂ ਉਤਰੇ....ਇੱਕ ਨੇ ਭੱਜ ਕੇ ਆ ਕੇ ਡੀ.ਐਸ.ਪੀ. ਦੀ ਅੰਬੈਸਡਰ ੀ ਟਾਕੀ ਖੋਲ੍ਹ ਕੇ ਸੈਲਿਊਟ ਮਾਰਿਆ....

ਡ..ਐਸ.ਪੀ. ਨੇ ਮਾਮੂਲੀ ਜਾ ਸਿਰ ਝੁਕਾਇਆ ਜਿਵੇਂ ਗਰਦਨ ਤੇ ਧੌਣ ਦੁਖਦੀ ਆਲਾ ਪਟਾ ਲੱਗਿਆ ਹੋਵੇ...

ਡੀ.ਐਸ.ਪੀ. ਦਾ ਰੀਡਰ ਦਫ਼ਤਰ ਦਾ ਰੋਜ਼ ਨਾਮਚਾ ਰਜਿਸਟਰ ਚੁੱਕ ਕੇ ਸਾਹਬ ਕੋਲ਼ ਹਾਜ਼ਰ ਹੋਇਆ... ਏਨੇ ਨੂੰ ਗੁਰੀ ਵੀ ਮੂਹਰੇ ਜੇ ਹੋ ਕੇ ਸੰਤਰੀ ਨੂੰ ਕਹਿਣ ਲੱਗਿਆ...

"....ਬਾਈ ਜੀ ਸਾਹਬ ਆਗੇ....!!! ਜੇ ਮੈਨੂੰ ਪਹਿਲਾਂ ਮਿਲਾ ਦਿਓ, ਫੇਰ ਮੈਂ ਆਪਣੀਆਂ ਕਲਾਸਾਂ ਲਾ ਲਵਾਂ ਜਾ ਕੇ ਯੂਨੀਵਰਸਿਟੀ....

....ਕਾਕਾ ਤੂੰ ਇਉਂ ਕਰ ਬਈ, ਪਹਿਲਾਂ ਆਪਣੀਆਂ ਕਲਾਸਾਂ ਲਾ ਆ... ਏਨੇ ਨੂੰ ਸਾਹਬ ਚਾਹ-ਚੂਹ ਪੀਂਦੇ ਆ....ਨਾਲੇ ਬਥੇਰੇ ਕੰਮ ਹੁੰਦੇ ਆ ਦਫ਼ਤਰੀ, ਪਹਿਲਾਂ ਉਹ ਕਰਦੇ ਹੁੰਦੇ ਆ ਸਾਹਬ ਆ ਕੇ... ਫੇਰ ਤੇਰੇ ਅਰਗਿਆਂ ਨੂੰ ਮਿਲਦੇ ਆ.... ਸੰਤਰੀ ਨੇ ਵੱਢਵਾਂ ਜਾ ਜਵਾਬ ਦਿੱਤਾ...

ਕੌਣ ਆ ਬਈ ਕੀ ਗੱਲ ਆ...???

ਸੰਤਰੀ ਤੇ ਗੁਰੀ ਦੀ ਵਾਰਤਾਲਾਪ ਅੰਦਰ ਡੀ.ਐਸ.ਪੀ. ਦੇ ਕੰਨੀਂ ਪਈ.... ਕਿਉਂਕਿ ਉਹਨੂੰ ਵੀ ਪਤਾ ਸੀ ਬਈ ਰੀਤ ਗੁਰਸ਼ੇਰ ਨੂੰ ਭੇਜੂਗੀ ਇੰਨੀ ਦਿਨੀਂ ਮਿਲਣ ਵਾਸਤੇ....

ਕੁਛ ਨੀਂ ਸਾਹਬ ਜੀ, ਇਕ ਮੁੰਡਾ ਜੀ, ਯੂਨੀਵਰਸਿਟੀ ਦਾ ਤਿਹਾਨੂੰ ਮਿਲਣ ਆਇਆ ਜੀ... ਸੰਤਰੀ ਨੇ ਜੀ-ਜੀ 'ਚ ਭਿਉਂਕੇ ਜਵਾਬ ਦਿੱਤਾ....

ਹੂੰ....ਅ.....ਅ.....ਅ....!!! ਭੇਜ ਦੇ.... ਹਾਕਮ ਸਿੰਹੁ ਨੇ ਸੰਤਰੀ ਨੂੰ ਹੁਕਮ ਦਿੱਤਾ....

ਚੱਲ ਆਜਾ ਬਈ ਕਾਕਾ.... ਸਾਹਬ ਨੇ ਤੈਨੂੰ ਯਾਦ ਕੀਤਾ.... ਸੰਤਰੀ ਨੇ ਗੁਰੀ ਨੂੰ ਅੰਦਰ ਜਾਣ ਦਾ ਇਸ਼ਾਰਾ ਕਰਦਿਆਂ ਕਿਹਾ....

ਗੁਰੀ ਨੇ ਅੰਦਰ ਵੜਦਿਆਂ ਸਾਰ ਦੋਵੇਂ ਹੱਥ ਜੋੜ ਕੇ ਡੀ.ਐਸ.ਪੀ. ਨੂੰ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਮੁੱਢਲੀ ਜਾਣ-ਪਛਾਣ ਕਰਾਈ....

ਸਰ... ਮੈਂ ਜੀ ਗੁਰਸ਼ੇਰ ਆਂ ਯੂਨੀਵਰਸਿਟੀ 'ਚੋਂ ਮੈਨੂੰ ਰੀ...ਅ...ਅ

ਅੱਛਾ-ਅੱਛਾ ਬੈਠ ਜਾ ਹਾਕਮ ਸਿੰਹੁ ਨੇ ਗੁਰੀ ਦੀ ਗੱਲ ਵਿਚੇ ਟੋਕਦਿਆਂ ਕਿਹਾ....

ਕੁਝ ਸਮਾਂ ਇਕ ਫਾਈਲ਼ ਜੀ ਫਰੋਲ਼ਣ ਤੋਂ ਬਾਅਦ ਡੀ.ਐਸ.ਪੀ. ਬੋਲਿਆ....

ਕੀ ਲਏਂਗਾ... ਅੰ... ਅੰ...???

ਜੀ ਮੇਰਾ ਨਾ ਗੁਰਸ਼ੇਰ ਆ.... ਗੁਰੀ ਨੇ ਡੀ.ਐਸ.ਪੀ. ਦਾ ਇਸ਼ਾਰਾ ਸਮਝਦਿਆਂ ਕਿਹਾ....

ਹਾਂ..... ਤਾਂ ਕੀ ਲਏਂਗਾ ਗੁਰਸ਼ੇਰ .....???

ਨਹੀਂ ਸਰ ਥੈਂਕਯੂ... ਗੁਰੀ ਨੇ ਜਵਾਬ ਦਿੱਤਾ।

ਅੱਛਾ ਤਾਂ ਫਿਰ ਤੂੰ... ਕਦੋਂ ਤੋਂ ਜਾਣਦੈਂ ਗੀਤ ਨੂੰ...??? ਡੀ.ਐਸ.ਪੀ. ਫ਼ਾਇਲ ਬੰਦ ਕਰਕੇ ਅੱਖਾਂ ਤੇ ਲੱਗੀ ਐਨਕ ਨੂੰ ਲਾਹ ਕੇ ਮੇਜ਼ 'ਤੇ ਰੱਖਦਿਆਂ ਬੋਲਿਆ....

ਜੀ... ਜਿਸ ਦਿਨ ਤੋਂ ਗੀਤ ਨੇ ਯੂਨੀਵਰਸਿਟੀ ਜੁਆਇਨ ਕੀਤੀ ਆ....

ਅੱਛਾ....!!!! ਪਿੰਡ ਕਿਹੜਾ ਤੇਰਾ ਗੁਰ... ਸ਼ੇਰ....??? ਡੀ.ਐਸ.ਪੀ. ਨੇ ਆਪਣੇ ਹੱਥ ਮਰੋੜਦਿਆਂ ਪੁੱਛਿਆ....

ਜੀ....ਫਤਿਹ ਸਿੰਘ ਆਲਾ ਆ....ਇਸੇ ਜਿਲ੍ਹੇ 'ਚ.... ਗੁਰੀ ਨੇ ਜਵਾਬ ਦਿੱਤਾ....

ਹੂੰ... ਅ... ਅ...!!! ਤੇਰੇ ਮੰਮੀ-ਡੈਡੀ... ਡੀ.ਐਸ.ਪੀ. ਨੇ ਅੱਗਿਓਂ ਪੁੱਛਿਆ...

ਹਾਂ ਜੀ, ਪਿੰਡ ਈ ਰਹਿੰਦੇ ਨੇ, ਡੈਡੀ ਖੇਤੀਬਾੜੀ ਕਰਦੇ ਆ.... ਅਠਾਰਾਂ ਏਕੜ ਜ਼ਮੀਨ ਆਂ ਇਸੇ ਪਿੰਡ... ਗੁਰੀ ਨੇ ਜਵਾਬ ਦਿੱਤਾ....

ਹੂੰ...ਅ...ਅ... ਤੇ ਤੂੰ ਕੀ ਕਰਦਾ ਫਿਰ...???

ਮੈਂ ਜੀ ਐਮ.ਏ. ਜਰਨਲਿਜ਼ਮ ਕਰ ਰਿਹਾਂ.... ਗੁਰੀ ਨੇ ਜਵਾਬ ਦਿੱਤਾ....

ਕੋਈ ਹੋਰ ਕੰਮ-ਕਾਰ...??? ਡੀ.ਐਸ.ਪੀ. ਨੇ ਕੁਰੱਖਤ ਜੇ ਲਹਿਜੇ 'ਚ ਪੁੱਛਿਆ....

ਜੀ....ਐਮ.ਏ. ਤੋਂ ਬਾਅਦ ਵੇਖਾਂਗਾ..... ਜਰਨਲਿਜ਼ਮ ਦੀ ਲਾਈਨ 'ਚ ਜਾਣ ਦਾ ਇਰਾਦਾ ਐ.... ਓਦਾਂ ਮੇਰੇ ਡੈਡੀ ਨੇ ਮੇਰੇ ਨਾਮ ਤੇ ਟਰਾਂਸਪੋਰਟੇਸ਼ਨ ਦਾ ਕੰਮ ਵੀ ਸ਼ੁਰੂ ਕੀਤਾ ਏ... ਮੈਂ ਉਹਨੂੰ ਵੀ ਨਾਲ-ਨਾਲ ਵਧਾ ਸਕਦਾ ਹਾਂ... ਗੁਰੀ ਨੇ ਜਵਾਬ ਦਿੱਤਾ...

ਓ....ਅ...ਅ..... ਟਰਾਂਸਪੋਰਟੇਸ਼ਨ...!!!! ਕੀ ਬੱਸਾਂ ਵਗੈਰਾ.... ਜਾਂ.....!!!! ਡੀ.ਐਸ.ਪੀ. ਨੇ ਥੋੜ੍ਹਾ ਗੰਭੀਰ ਜਾ ਹੋ ਕੇ ਪੁੱਛਿਆ....

ਨਹੀਂ ਸਰ .... ਅਜੇ ਤਾਂ ਟਰੱਕ ਆ... ਮੇਰਾ ਜ਼ਿਆਦਾ ਇੰਟਰੱਸਟ ਨਹੀਂ ਇਸ ਪਾਸੇ... ਡੈਡੀ ਤੇ ਡਰਾਈਵਰ ਈ ਵੇਖਦੇ ਆ.... ਮੈਂ ਤਾਂ ਜਰਨਲਿਸਟ ਈ ਬਣਨਾ ਚਾਹੁੰਣਾ.... ਓਦਾਂ ਦੱਸਿਆ ਸੀ ਕਿ ਰੁਜ਼ਗਾਰ ਦੇ ਤੌਰ 'ਤੇ ਟਰਾਂਸਪੋਰਟੇਸ਼ਨ ਨੂੰ ਅੱਗੇ ਵਧਾ ਸਕਦੇ ਹਾਂ ਵਰਕਰ ਰੱਖ ਕੇ, ਗੁਰੀ ਨੇ ਖੋਲ੍ਹ ਕੇ ਜਵਾਬ ਦਿੱਤਾ....

ਓ.... ਅੱਛਾ.... ਟਰੱਕ ਨੇ....!!! ਠੀਕ ਆ......ਕਾਕਾ ਗੁਰਸ਼ੇਰ ਮੈਨੂੰ ਕੋਈ ਇੱਕ ਕਾਰਨ ਦੱਸ ਕਿ ਮੈਂ ਕਿਉਂ ਆਪਣੀ ਬੇਟੀ ਦਾ ਹੱਥ ਤੈਨੂੰ ਫੜਾਵਾਂ...??? ਵੇਖ ਘਬਰਾਉਣ ਦੀ ਲੋੜ ਨਹੀਂ... ਮੈਂ 'ਜਸਟ' ਪੁੱਛ ਰਿਹਾਂ ਤੇਰੇ ਕੋਲੋਂ... ਓਦਾਂ ਮੈਨੂੰ ਦੱਸ ਦਿੱਤਾ ਸਭ ਗੀਤ ਨੇ.... ਡੀ.ਐਸ.ਪੀ. ਨੇ ਮੇਜ ਤੇ ਪਿਆ ਪੈੱਨ ਉਂਗਲਾਂ 'ਚ ਘੁੰਮਾਉਂਦਿਆਂ ਕਿਹਾ....

ਜੀ....ਜੀ... ਮੈਂ ਗੀਤ ਨੂੰ ਬਹੁਤ ਖੁਸ਼ ਰੱਖਾਂਗਾ...... ਮੈਂ ਬਹੁਤ.....!!!

ਠੀਕ ਆ ਗੁਰਸ਼ੇਰ ਸਿਆਂ... ਫੈਸਲਾ ਤੁਹਾਡੇ ਦੋਵਾਂ ਦਾ ਹੈ ਇਹ... ਮੈਂ ਗੀਤ ਨੂੰ ਦੱਸ ਦਿਆਂਗਾ ਕਦੋਂ ਤੇਰੇ ਮਾਂ-ਬਾਪ ਨੂੰ ਮਿਲਣਾ ਹੈ ਓ.ਕੇ.. ਹਾਕਮ ਸਿੰਹੁ ਨੇ ਗੁਰੀ ਨੂੰ ਵਿੱਚੇ ਟੋਕਦਿਆਂ ਗੱਲ ਨਿਬੇੜੀ....

ਜੀ.....ਸਰ....ਹੁਣ ਮੈਂ ਜਾਵਾਂ ਜੀ...!!! ਗੁਰੀ ਨੇ ਕੁਰਸੀ ਤੋਂ ਉੱਠਦਿਆਂ ਪੁੱਛਿਆ....

ਹਾਂ...ਹਾਂ... ਓ.ਕੇ....

ਸਤਿ ਸ੍ਰੀ ਅਕਾਲ ਸਰ...

ਹਾਂ... ਸਾਸਰੀ ਕਾਲ....

ਏਨਾ ਕਹਿੰਦਿਆਂ ਗੁਰੀ ਯੂਨੀਵਰਸਿਟੀ ਚਲਾ ਗਿਆ... ਉਹਨੂੰ ਲੱਗਿਆ ਜਿਦਾਂ.....ਗੱਲ ਤਾਂ ਸਾਰੀ ਗੀਤ ਨੇ ਦੱਸ ਈ ਦਿੱਤੀ ਆ.... ਡੀ.ਐਸ.ਪੀ. ਆਪਣੀ ਇਕਲੌਤੀ ਕੁੜੀ ਅੱਗੇ ਝੁਕ ਗਿਆ ਲੱਗਦਾ... ਗੁਰਸ਼ੇਰ ਨੇ ਆਪਣੇ ਮਨ ਨੂੰ ਜਵਾਬ ਦਿੱਤਾ...

ਉੱਧਰ ਡੀ.ਐਸ.ਪੀ. ਹਾਕਮ ਸਿੰਹੁ ਨੇ ਆਪਣੇ ਸੱਜੇ ਹੱਥ ਨਾਲ ਖੱਬੇ ਹੱਥ ਦੀਆਂ ਉਂਗਲਾਂ ਦੇ ਪਟਾਕੇ ਪਾਉਂਦਿਆਂ ਆਖਿਆ....

ਹੂੰ.... ਅ... ਟਰੱਕ...!!!

ਤੇ ਫੇਰ.... ਦੇਸ਼ ਦੀ ਅਮਨ ਸ਼ਾਂਤੀ ਤੇ ਏਕਤਾ-ਅਖੰਡਤਾ ਕਾਇਮ ਰੱਖਣ ਲਈ ਟਰੱਕਾਂ ਵਾਲੇ ਵੀਰਾਂ ਦੇ ਖਿਲਾਫ਼ ਵਿੱਢੀ ਮੁਹਿਮ ਦੀ ਤਫਦੀਸ਼.... ਹੌਲੀ-ਹੌਲੀ ਇੱਕ ਵਾਰ ਫੇਰ ਪਿੰਡ ਫਤਿਹ ਸਿੰਘ ਵਾਲਾ ਵਿਖੇ ਜਾ ਪਹੁੰਚੀ...

ਦਰਬਾਰਾ ਸਿੰਘ ਨੂੰ ਦੁਬਾਰਾ ਥਾਣੇ ਬੁਲਾਇਆ ਗਿਆ...

"... ਹਾਂ ਬਈ ਦਰਬਾਰਾ ਸਿੰਘ ....!!! ਸਾਡੇ ਕੋਲ ਪੱਕੀ ਰਿਪੋਰਟ ਆ ਬਈ ਪਟਿਆਲੇ ਦੋ ਹਿੰਦੂਆਂ ਦਾ ਖ਼ੂਨ ਵਹਾਉਣ ਤੋਂ ਬਾਅਦ ਦੋ ਅੱਤਵਾਦੀ ਜਿਹੜੇ ਟਰੱਕ 'ਤੇ ਚੜ੍ਹਕੇ ਫ਼ਰਾਰ ਹੋਏ ਨੇ.... ਉਹ ਟਰੱਕ ਤੇਰਾ.... ਆ....

ਲੋਕਲ ਥਾਣੇਦਾਰ ਨੇ ਦਰਬਾਰਾ ਸਿੰਘ ਨੂੰ ਘੂਰ ਕੇ ਵੇਖਦਿਆਂ ਕਿਹਾ....

"...ਜਨਾਬ... ਇਹ ਬਿਲਕੁਲ ਝੂਠੀ ਖ਼ਬਰ ਦਿੱਤੀ ਆ ਥੋਨੂੰ ਕਿਸੇ

ਮੁਖਬਰ ਨੇ... ਮੇਰਾ ਕਿਸੇ ਨਾਲ ਕੋਈ ਵਾਹ-ਵਾਸਤਾ ਨੀਂ ਜੀ...” ਦਰਬਾਰਾ ਸਿੰਘ ਨੇ ਬੜੇ ਧੀਰਜ ਨਾਲ ਆਖਿਆ....

ਅੱਛਾ...!!! ਓ..... ਮੁੰਡਿਓ... ਇਹਦੇ ਸਾਲ਼ੇ ਦੇ ਹੱਡਾਂ ’ਚੋਂ ਸੱਚੀ ਖ਼ਬਰ ਕੱਢੋ ਉਏ.... ਥਾਣੇਦਾਰ ਨੇ ਪੁੱਛਗਿੱਛ ਲਈ ਥਾਣੇ ਬੁਲਾਏ ਦਰਬਾਰਾ ਸਿੰਘ ਨੂੰ ਗਲ਼ਮੇਂ ਤੋਂ ਫੜਦਿਆਂ ਕਿਹਾ...

ਨਹੀਂ ਜਨਾਬ...ਮੈਂ...ਮੈਂ ਸੱਚ ਕਹਿਨੈ ਜੀ.... ਮੈਂ ਅੱਗੇ ਟੱਬਰ ਟੀਹਰ ਮਰਵਾ ਕੇ ਕਲਕੱਤਿਓਂ ਉਜੜ ਕੇ ਇੱਥੇ ਆਇਆਂ... ਤੇ ਇੱਥੇ ਤੁਸੀਂ....

ਸਿਪਾਹੀਆਂ ਨੇ ਲੇਲੜੀਆਂ ਕੱਢਦੇ ਦਰਬਾਰਾ ਸਿੰਘ ਦੀ ਇੱਕ ਨਾ ਸੁਣੀ... ਚੰਗਾ ਪਟਾ ਚਾੜ੍ਹਿਆ.....

ਗੁਰੀ ਦੇ ਬਾਪੂ ਬਖਸ਼ੀਸ਼ ਸਿੰਘ ... ਉਹਨਾਂ ਦੀ ਵੀ ਵਿੱਚੇ ਬਜ਼ੁਰਗੀ ਰੋਲ਼ ਤੀ, ਤੇ ਵਿੱਚੇ ਸਿਆਣਪ, ਕਿਸੇ ਪੰਚਾਇਤ ਪੰਚੂਤ ਦੀ ਪਰਵਾਹ ਨਹੀਂ ਕੀਤੀ.... ਜਿਹੜਾ ਮੂਹਰੇ ਆਇਆ ਵਿੱਚੇ ਲਪੇਟ ਲਿਆ....

ਡੀ.ਐਸ.ਪੀ. ਹਾਕਮ ਸਿਹੁ ਦੀ ਬੁਣੀ ਹੋਈ ਸਾਜਿਸ਼ ਦੀਆਂ ਪੈੜਾਂ ਦਰਬਾਰਾ ਸਿੰਘ ਤੇ ਬਖਸ਼ੀਸ਼ ਸਿੰਘ ’ਤੇ ਆ ਕੇ ਨਹੀਂ ਮੁੱਕਦੀਆਂ ਸਨ.... ਇਹ ਤਾਂ ਵਿਚਾਰੇ ਮੋਹਰੇ ਸਨ... ਡੀ.ਐਸ.ਪੀ. ਦੀ ਕੁੜੀ ਨੂੰ ਪਿਆਰ ਕਰਨ ਦਾ ਗੁਨਾਹਗਾਰ ਤਾਂ ਕੋਈ ਹੋਰ ਸੀ....

ਪੁਲਸੀਆ ਤਫਦੀਸ਼ ਹੌਲੀ-ਹੌਲੀ ਗੁਰਸ਼ੇਰ ਟਰਾਂਸਪੋਰਟੇਸ਼ਨ ਦੇ ਦੁਆਲੇ ਘੁੰਮੀ.... ਤੇ ਅੰਤ ਆਨੇ ਵਾਲੀ ਥਾਂ ਪਹੁੰਚਦਿਆਂ ਅਸਲ ਸ਼ਿਕਾਰ ਗੁਰਸ਼ੇਰ ਸਿੰਘ ਦੁਆਲੇ ਘੇਰਾ ਬਗਲ਼ ਲਿਆ ਗਿਆ।

---

## ਕਾਂਡ - 9

*ਚੜ੍ਹਦੇ ਸੂਰਜ ਨਾਲ ਹੀ ਆਏਗੀ ਇੱਕ ਐਸੀ ਖ਼ਬਰ*
*ਡੁਬਦੇ ਚੜ੍ਹਦੇ ਸੂਰਜਾਂ ਦਾ ਫ਼ਰਕ ਹੀ ਮਿਟ ਜਾਏਗਾ*

*(ਪਾਤਰ)*

ਅਖ਼ਬਾਰਾਂ ਵਿੱਚ ਇਕ ਐਸੀ ਖ਼ਬਰ ਛਪੀ ਸੀ ਜਿਸਨੂੰ ਪੜ੍ਹਦਿਆਂ ਹੀ ਗੀਤ ਦੇ ਸਾਹ-ਸਤ ਜੇ ਮੁੱਕ ਗਏ.... ਖ਼ਬਰ ਸੀ:

"ਦੋ ਹਿਦੂਆਂ ਦੇ ਕਤਲ 'ਚ ਪੁਲਿਸ ਨੂੰ ਮਿਲੇ ਅਹਿਮ ਸੁਰਾਗ ਕਾਤਲਾਂ ਨੂੰ ਜਿਸ ਟਰੱਕ ਡਰਾਈਵਰ ਨੇ ਸੁਰੱਖਿਅਤ ਕੱਢਿਆ ਸੀ ਉਸ ਟਰੱਕ ਦਾ ਮਾਲਕ ਗ੍ਰਿਫਤਾਰ...."

ਅਖ਼ਬਾਰ ਦੀ ਖ਼ਬਰ ਦੀ ਅਗਲੀ ਡਿਟੇਲ ਸੀ:

'ਪੁਲਿਸ ਨੂੰ ਉਸ ਵੇਲੇ ਇਸ ਕਤਲ ਕਾਂਡ 'ਚ ਅਹਿਮ ਕਾਮਯਾਬੀ ਮਿਲੀ ਜਦੋਂ ਫਤਹਿ ਸਿੰਘ ਵਾਲਾ ਪਿੰਡ ਦਾ ਗੁਰਸ਼ੇਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁਲਿਸ ਦੇ ਹੱਥੇ ਚੜ੍ਹ ਗਿਆ, ਪੁਲਿਸ ਪਿਛਲੇ ਕਈ ਮਹੀਨਿਆਂ ਤੋਂ ਕਾਤਲਾਂ ਦੀ ਭਾਲ਼ ਕਰ ਰਹੀ ਸੀ.... ਇੱਥੇ ਵਰਨਣਯੋਗ ਹੈ ਕਿ ਗੁਰਸ਼ੇਰ ਟਰਾਂਸਪੋਰਟਜ਼ ਦੇ ਮਾਲਕ ਗੁਰਸ਼ੇਰ ਸਿੰਘ ਤੇ ਕਤਲਾਂ ਤੋਂ ਬਾਅਦ ਅੱਤਵਾਦੀਆਂ ਨੂੰ ਸ਼ਹਿਰ ਵਿਚੋਂ ਸੁਰੱਖਿਅਤ ਬਾਹਰ ਕੱਢਣ ਦਾ ਦੋਸ਼ ਹੈ.... ਪੁਲਿਸ ਨੇ ਕਥਿਤ ਦੋਸ਼ੀ ਗੁਰਸ਼ੇਰ ਸਿੰਘ ਨੂੰ ਪੁਲਿਸ ਰਿਮਾਂਡ ਤੇ ਲੈ ਲਿਆ ਹੈ.... ਇਸ ਦੇ ਕੋਲ਼ੋਂ ਹੋਰ ਵੀ ਕਈ ਮਹੱਤਵਪੂਰਨ ਖੁਲਾਸੇ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ.... ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਅੱਜ ਗੁਰਸ਼ੇਰ ਸਿੰਘ ਨੂੰ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਸੀ ਹੈ। ਜਿਲ੍ਹਾ ਐਸ.ਐਸ.ਪੀ. ਖ਼ੁਸ਼ੀ ਰਾਮ ਨੇ ਇਸ ਗ੍ਰਿਫਤਾਰੀ ਨੂੰ ਪੁਲਿਸ ਦੀ ਇੱਕ ਵੱਡੀ ਕਾਮਯਾਬੀ ਦੱਸਿਆ....'

ਇੱਕ ਵਾਰ ਤਾਂ ਖ਼ਬਰ ਪੜ੍ਹ ਕੇ ਗੀਤ ਸੁੰਨ ਈ ਹੋ ਗਈ.... ਸ਼ਵਿੰਦਰ ਵੀ ਹੱਕਾ-ਬੱਕਾ ਰਹਿ ਗਿਆ...

"...ਪਰ ਗੁਰਸ਼ੇਰ ਤਾਂ ਉਸ ਦਿਨ ਆਪਣੇ ਕੋਲ਼ ਯੂਨੀਵਰਸਿਟੀ ਵਿਚ ਸੀ.... ਜੇ ਉਹਦੇ ਡਰਾਈਵਰ ਨੇ ਅਜਿਹੀ ਕੋਈ ਗੱਲ ਕੀਤੀ ਵੀ ਹੈ ਤਾਂ ਇਹਦੇ ਵਿੱਚ ਗੁਰੀ ਦਾ ਕੀ ਕਸੂਰ ਐ....??? ਗੀਤ ਨੇ ਖ਼ਬਰ 'ਤੇ ਪ੍ਰਤੀਕਰਮ

ਕਰਦਿਆਂ ਕਿਹਾ.....

ਮੈਨੂੰ ਤਾਂ ਲੱਗਦਾ ਗੀਤ ਅਜਿਹੀ ਕੋਈ ਗੱਲ ਹੋਣੀਂ ਨੀਂ.... ਐਵੇਂ ਐਸ.ਐਸ.ਪੀ. ਗੁਰੀ ਨੂੰ ਇਸ ਕੇਸ ਵਿੱਚ ਫਸਾ ਕੇ ਆਪਣੇ ਗਲ਼ੋਂ ਗਲਾਵਾਂ ਲਾਹੁਣਾ ਚਾਹੁੰਦਾ ਹੈ। ਪਹਿਲਾਂ ਵੀ ਕਈ ਵਾਰ ਖੁਸ਼ੀ ਰਾਮ ਨੇ ਯੂਨੀਵਰਸਿਟੀ 'ਚ ਰੇਡ ਕੀਤੀ ਸੀ ਪਰ ਉਦੋਂ ਗੁਰੀ ਇੱਥੇ ਹੈ ਨਹੀਂ ਸੀ ਤੇ ਨਾ ਹੀ ਉਸ ਨੇ ਗੁਰੀ ਬਾਰੇ ਕਿਸੇ ਤੋਂ ਪੁੱਛ-ਪੜਤਾਲ ਹੀ ਕੀਤੀ ਸੀ.....

ਇਹ ਐਸ.ਐਸ.ਪੀ. ਜਦੋਂ ਦਾ ਆਇਆ ਕਾਫ਼ੀ ਸਖਤਾਈ ਵਿਖਾ ਰਿਹਾ ਇਸ ਕੇਸ ਸਬੰਧੀ, ਕਿਉਂਕਿ ਇਹਦੀ ਬਦਲੀ ਹੀ ਇਸ ਕੇਸ ਦੀ ਜਾਂਚ ਕਰਨ ਲਈ ਹੋਈ ਹੈ... ਮੈਨੂੰ ਤਾਂ ਲਗਦਾ ਇਹ ਕੋਈ ਸਾਜਿਸ਼ ਹੈ... ਤੂੰ ਆਪਣੇ ਪਾਪਾ ਨਾਲ ਗੱਲ ਕਰ ਗੀਤ....

"...ਹਾਂ ਸ਼ਵਿੰਦਰ ਮੈਂ ਵੀ ਸੋਚਦੀ ਆਂ... ਮੈਂ ਪਾਪਾ ਨਾਲ ਗੱਲ ਕਰਾਂਗੀ ਕਿ ਗੁਰੀ ਦੇ ਖਿਲਾਫ਼ ਇਹ ਕੋਈ ਸਾਜਿਸ਼ ਐ.... ਓਦਾਂ ਉਹ ਇਸ ਤਰ੍ਹਾਂ ਦਾ ਮੁੰਡਾ ਨਹੀਂ.... ਉਹਦੀ ਸੋਚ ਕਿਸੇ ਧਰਮ ਦੇ ਖਿਲਾਫ਼ ਨਹੀਂ ਹੈ... ਓਦਾਂ ਮੈਨੂੰ ਡਰ ਜਾ ਲੱਗਣ ਲੱਗ ਪਿਆ ਸ਼ਵਿੰਦਰ ਕਿਤੇ ਇਸ ਰੌਲ਼ੇ ਰੱਪੇ ਜੇ ਕਰਕੇ ਪਾਪਾ ਸਾਡੇ ਰਿਸ਼ਤੇ ਤੋਂ ਇਨਕਾਰ ਈ ਨਾ ਕਰ ਦੇਣ..." ਗੀਤ ਨੇ ਆਪਣਾ ਤੌਖ਼ਲਾ ਜ਼ਾਹਿਰ ਕੀਤਾ....

ਚੌਥੇ ਦਿਨ ਖੁਸ਼ੀ ਰਾਮ ਨੇ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਕਰਦਿਆਂ ਕਈ ਅਹਿਮ ਖੁਲਾਸੇ ਕੀਤੇ:

'ਦੋਸ਼ੀ ਦੀ ਇੰਟੈਰੋਗੇਸ਼ਨ ਦੌਰਾਨ ਕਈ ਅਹਿਮ ਤੱਥ ਸਾਹਮਣੇ ਆਏ ਹਨ... ਇਹ ਦੋਸ਼ੀ ਆਪਣੀ ਮਾਤਾ ਨਸੀਬ ਕੌਰ ਨੂੰ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਕਰਾਉਣ ਦੇ ਬਹਾਨੇ ਪਾਕਿਸਤਾਨ ਜਾਣ ਦੀ ਫ਼ਿਰਾਕ ਵਿੱਚ ਸੀ ਜਿੱਥੇ ਜਾਕੇ ਇਹ ਅੱਤਵਾਦੀ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ ਸਬੰਧੀ ਜਾਣਕਾਰੀ ਲੈਣਾ ਚਾਹੁੰਦਾ ਸੀ.... ਦੂਸਰਾ, ਦੋਸ਼ੀ ਅੱਤਵਾਦੀਆਂ ਨੂੰ ਵਾਰਦਾਤਾਂ ਤੋਂ ਬਾਅਦ ਰਾਹਦਾਰੀ ਮੁਹੱਈਆ ਕਰਵਾਉਂਦਾ ਰਿਹਾ ਹੈ... ਪਟਿਆਲਾ ਕਤਲ ਕਾਂਡ ਤੋਂ ਬਾਅਦ ਵੀ ਕਾਤਿਲਾਂ ਨੂੰ 'ਗੁਰਸ਼ੇਰ ਟਰਾਂਸਪੋਰਟਜ਼' ਦੇ ਹੀ ਇੱਕ ਟਰੱਕ ਨੇ ਕਲੀਨਰ ਬਣਾ ਕੇ ਸ਼ਹਿਰ ਤੋਂ ਬਾਹਰ ਭੇਜਣ ਦਾ ਇੰਤਜ਼ਾਮ ਕੀਤਾ ਸੀ... ਤੀਸਰਾ, ਦੋਸ਼ੀ ਗੁਰਸ਼ੇਰ ਸਿੰਘ ਭਾਰਤ ਸਰਕਾਰ ਵੱਲੋਂ ਪਾਬੰਦੀਸ਼ੁਦਾ ਐਲਾਨ ਕੀਤੀ ਗਈ ਸਿੱਖ ਵਿਦਿਆਰਥੀ ਜੱਥੇਬੰਦੀ 'ਸਿੱਖ ਸਟੂਡੈਂਟਸ ਫੈਡਰੇਸ਼ਨ' ਦੀਆਂ ਗਤੀਵਿਧੀਆਂ ਅੰਦਰਖਾਤੇ ਚਲਾਉਂਦਾ ਰਿਹਾ ਹੈ... ਦੋਸ਼ੀ ਪਟਿਆਲਾ ਯੂਨੀਵਰਸਿਟੀ ਵਿਚ ਅੱਤਵਾਦ ਦੇ ਹੱਕ ਵਿੱਚ ਭੜਕਾਊ ਪ੍ਰਚਾਰ ਕਰਕੇ ਹੋਰ ਵਿਦਿਆਰਥੀਆਂ ਤੇ ਆਪਣਾ ਪ੍ਰਭਾਵ ਬਣਾ ਰਿਹਾ ਸੀ.... ਚੌਥਾ, ਇਸ ਦੋਸ਼ੀ

ਦੇ ਅੱਤਵਾਦੀਆਂ ਨਾਲ ਤੇ ਅੱਤਵਾਦੀਆਂ ਦੇ ਸਮਰਥਕਾਂ ਨਾਲ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ... ਜੀਹਦੇ ਵਿੱਚ ਅਜੇ ਤੱਕ ਜੋ ਤੱਥ ਸਾਹਮਣੇ ਆਏ ਹਨ ਉਹਨਾਂ ਅਨੁਸਾਰ ਦੋਸ਼ੀ ਦੇ 'ਖਾਲਿਸਤਾਨੀ ਲਹਿਰ' ਬਾਰੇ ਪ੍ਰਚਾਰ ਕਰਦੇ ਢਾਡੀ ਪ੍ਰਚਾਰਕ 'ਸੁਦਾਗਰ ਸਿੰਘ ਬੇਪਰਵਾਹ' ਨਾਲ ਵੀ ਸਬੰਧਾਂ ਦਾ ਖੁਲਾਸਾ ਹੋਇਆ ਹੈ, ਬੇਪਰਵਾਹ ਦੋਸ਼ੀ ਦੇ ਘਰ ਵੀ ਆਉਂਦਾ-ਜਾਂਦਾ ਰਿਹਾ ਹੈ....

ਹੋਰ ਵੀ ਕਈ ਕਹਾਣੀਆਂ ਖੁਸ਼ੀ ਰਾਮ ਨੇ ਬਿਆਨ ਕੀਤੀਆਂ ਤੇ ਆਪਣੀ ਤੇ ਮਹਿਕਮੇ ਦੀ ਪਿੱਠ ਥਾਪੜੀ....

ਅੱਜ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਆਈਆਂ ਖ਼ਬਰਾਂ ਬਾਰੇ ਜਾਣ ਕੇ ਗੀਤ ਤੇ ਸ਼ਵਿੰਦਰ ਨੂੰ ਵੀ ਧੱਕਾ ਲੱਗਿਆ। ਉਹਨਾਂ ਨੂੰ ਏਨਾਂ ਪਤਾ ਸੀ ਕਿ ਗੁਰਸ਼ੇਰ ਖਾੜਕੂ ਲਹਿਰ ਦਾ ਹਮਾਇਤੀ ਜਰੂਰ ਆ ਪਰ ਉਹਦੇ ਇਸ ਲਹਿਰ ਨਾਲ ਸੰਬੰਧ ਨਹੀਂ ਹਨ... ਪਰ ਉਹਨਾਂ ਨੂੰ ਪੁਲਿਸ ਦੁਆਰਾ ਬਿਆਨ ਕੀਤੀਆਂ ਘਟਨਾਵਾਂ ਦੇ ਬਾਰੇ ਅਸਲ ਸਚਾਈ ਦਾ ਨਹੀਂ ਪਤਾ ਸੀ....

ਗੀਤ ਗੁਰਸ਼ੇਰ ਨੂੰ ਏਨੀਂ ਡੂੰਘਾਈ 'ਚੋਂ ਜਾਣਨ ਲੱਗੀ ਸੀ...ਉਹਦੇ ਵਿਚਾਰਾਂ ਤੋਂ ਐਨੀ ਪ੍ਰਭਾਵਿਤ ਸੀ ਕਿ ਉਹ ਖ਼ੁਦ ਖਾੜਕੂ ਲਹਿਰ ਨੂੰ ਸਹੀ ਮੰਨਦੀ ਸੀ ਤੇ ਉਹਨੂੰ ਪੁਲਿਸ ਦੁਆਰਾ ਘੜੀਆਂ ਜਾਂਦੀਆਂ ਮਨਘੜਤ ਕਹਾਣੀਆਂ ਬਾਰੇ ਵੀ ਚੰਗੀ ਪਤਾ ਲੱਗ ਗਿਆ ਸੀ....

ਵਾਕਿਆ ਹੀ ਪੁਲਿਸ ਨੇ ਨਿੱਜੀ ਜ਼ਿੰਦਗੀ ਦੀਆਂ ਆਮ ਜੀਆਂ ਗੱਲਾਂ ਨੂੰ ਇਸ ਤਰ੍ਹਾਂ ਹਊਆ ਬਣਾ ਕੇ ਪੇਸ਼ ਕੀਤਾ ਸੀ ਕਿ ਕੇਸ ਦੀ ਗਰਾਊਂਡ ਤਿਆਰ ਹੋ ਚੁੱਕੀ ਸੀ.... ਪੁਲਿਸ ਦੇ ਇਲਜ਼ਾਮਾਂ ਦੀ ਸੱਚਾਈ ਕਿੰਨੀ ਕੁ ਸੀ ਇਸ ਬਾਰੇ ਦੱਸਣ ਦੀ ਲੋੜ ਨਹੀਂ ਹੈ... ਗਿਆਨੀ ਬੇਪਰਵਾਹ ਕੌਮ ਦੇ ਢਾਡੀ ਪ੍ਰਚਾਰਕ ਸਨ ਉਹਨਾਂ ਨੂੰ ਜਲ-ਪਾਣੀ ਛਕਾਉਣਾ ਕੋਈ ਗੁਨਾਹ ਨਹੀਂ ਸੀ... ਨਨਕਾਣਾ ਸਾਹਿਬ ਦੇ ਦਰਸ਼ਨ ਕਰਨੇ ਹਰ ਸਿੱਖ ਦਾ ਹੱਕ ਐ, ਨਾਲੇ ਗੁਰਸ਼ੇਰ ਆਪਣੀ ਮਾਤਾ ਦੀ ਇੱਛਾ ਪੂਰੀ ਕਰਨ ਲਈ....ਉਹਦੀ ਖ਼ਾਤਿਰ ਪਾਕਿਸਤਾਨ ਜਾਣ ਵਾਲੇ ਜੱਥੇ ਦਾ ਪਤਾ ਕਰਨ ਗਿਆ ਸੀ ਨਾ ਕਿ ਆਪਣੀ ਖ਼ਾਤਿਰ... ਯੂਨੀਵਰਸਿਟੀ ਵਿੱਚ ਗੁਰਸ਼ੇਰ ਸਿੱਖ ਲਹਿਰ ਦਾ ਪ੍ਰਚਾਰ ਨਹੀਂ ਕਰਦਾ ਸੀ, ਜਦੋਂ ਕਿ ਕਿਸੇ ਦੇ ਪੁੱਛੇ ਜਾਣ 'ਤੇ ਤਤਕਾਲੀਨ ਘਟਨਾਵਾਂ ਪ੍ਰਤੀ ਆਪਣੀ ਰਾਇ ਪੇਸ਼ ਕਰਦਾ ਸੀ ਜੋ ਕਿ ਸੱਚਾਈ ਵਿੱਚ ਲਬਰੇਜ਼ ਹੋਣ ਕਰਕੇ ਭੜਕਾਊ ਨਜ਼ਰ ਆਉਂਦੀ ਸੀ.. ਬਾਕੀ ਟਰਾਂਸਪੋਰਟੇਸ਼ਨ ਵਿੱਚ ਗੁਰਸ਼ੇਰ ਦਾ ਕਿੰਨਾਂ ਕੁ ਦਖ਼ਲ ਸੀ ਇਹ ਵੀ ਕੋਈ ਛੁਪੀ ਗੱਲ ਨਹੀਂ ਸੀ.... ਨਾ ਹੀ ਕਥਿਤ ਕਾਤਲਾਂ ਨੂੰ ਬਚਾ ਕੇ ਕੱਢਣ ਵਿੱਚ ਮਦਦ ਕਰਨ ਵਰਗੀ ਕੋਈ ਘਟਨਾ ਵਾਪਰੀ ਸੀ....

ਵਾਪਰਨੀਂ ਕਿੱਥੋਂ ਸੀ ਜਦੋਂ ਕਤਲ ਕਰਵਾਉਣੇ ਹੀ ਸਰਕਾਰੀ ਸਾਜਿਸ਼ ਦਾ ਇੱਕ ਹਿੱਸਾ ਸੀ ਤਾਂ ਇਹਦੇ ਵਿੱਚ ਗੁਰੀ ਦਾ ਜਾਂ ਕਿਸੇ ਹੋਰ ਦਾ ਕੋਈ ਕਸੂਰ ਨਹੀਂ ਸੀ....

ਹਾਂ ਇੱਕ ਕਸੂਰ ਜਰੂਰ ਸੀ ਕਿ ਗੁਰਸ਼ੇਰ, ਗੀਤ ਨੂੰ ਪਸੰਦ ਆ ਗਿਆ ਸੀ.... ਸ਼ਾਇਦ ਇਹੀ ਉਸ ਦਾ ਸਭ ਤੋਂ ਵੱਡਾ ਦੇਸ਼ਧ੍ਰੋਹ ਸੀ....

ਡੀ.ਐਸ.ਪੀ. ਹਾਕਮ ਸਿੰਹੁ ਯਾਨੀ ਕਿ ਗੀਤ ਦੇ ਡੈਡੀ ਦੀ ਚਲਾਕੀ ਇਹ ਰਹੀ ਕਿ ਉਹਨੇ ਗੁਰਸ਼ੇਰ ਵਾਲੇ ਕੇਸ ਤੋਂ ਦੁਨੀਆਂ ਦੀਆਂ ਨਜ਼ਰਾਂ ਵਿੱਚ ਆਪਣੇ ਆਪ ਨੂੰ ਬਿਲਕੁੱਲ ਪਾਸੇ ਰੱਖਿਆ ਹੋਇਆ ਸੀ....ਸਭ ਕੁਝ ਐਸ.ਐਸ.ਪੀ. ਖ਼ੁਸ਼ੀ ਰਾਮ ਹੀ ਕਰ ਰਿਹਾ ਸੀ....

ਗੀਤ ਨੂੰ ਵਿਖਾਉਣ ਲਈ ਡੀ.ਐਸ.ਪੀ. ਆਪਣੇ ਵੱਲੋਂ ਗੁਰਸ਼ੇਰ ਨੂੰ ਛੁਡਾਉਣ ਲਈ ਪੂਰੀ ਵਾਹ ਲਾ ਰਿਹਾ ਸੀ... ਉਹ ਵਿਖਾਵਾ ਏਦਾਂ ਕਰ ਰਿਹਾ ਸੀ ਕਿ ਉਹਦੀ ਕੋਈ ਪੇਸ਼ ਨਹੀਂ ਚੱਲਦੀ ਸੀ ਇਸ ਕੇਸ ਵਿੱਚ....

ਗੀਤ ਦਾ ਦਿਲ ਯੂਨੀਵਰਸਿਟੀ ਜਾਣ ਨੂੰ ਭੋਰਾ ਵੀ ਨਹੀਂ ਕਰਦਾ ਸੀ.. ਉਹਦਾ ਹੌਂਸਲਾ ਜਾ ਅਸਲੋਂ ਈ ਟੁੱਟ ਗਿਆ ਸੀ... ਇਹ ਘਟਨਾ ਬਿਲਕੁੱਲ ਅਚੰਭਾ ਸੀ... ਉਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਗੁਰੀ ਦਾ ਹਥਿਆਰਬੰਦ ਸਿੱਖ ਸੰਘਰਸ਼ ਨਾਲ ਕੋਈ ਵਾਹ-ਵਾਸਤਾ ਨਹੀਂ ਸੀ... ਉਹਨੇ ਆਪਣੇ ਪਾਪਾ ਨੂੰ ਬੇਨਤੀ ਕੀਤੀ ਕਿ ਗੁਰੀ ਨੂੰ ਬਚਾਇਆ ਜਾਵੇ... ਗੁਰੀ ਬਿਲਕੁਲ ਬੇਕਸੂਰ ਹੈ... ਉਹਦੇ ਖਿਲਾਫ਼ ਕਿਸੇ ਦੀ ਸਾਜਿਸ਼ ਹੈ....

"....ਪਾਪਾ... ਪਲੀਜ਼ ਮੈਂ ਇੱਕ ਵਾਰ ਗੁਰੀ ਨੂੰ ਮਿਲਣਾ ਚਾਹੁੰਦੀ ਹਾਂ...." ਗੀਤ ਨੇ ਡੀ.ਐਸ.ਪੀ. ਹਾਕਮ ਸਿੰਹੁ ਅੱਗੇ ਤਰਲਾ ਕੀਤਾ...

ਦੇਖ ਬੇਟਾ ਗੀਤ ....!!! ਇਸ ਕੇਸ ਦਾ ਰੌਲ਼ਾ ਦਿੱਲੀ ਤੱਕ ਪਿਆ ਹੋਇਆ ਹੈ। ਪੰਜਾਬ ਦੇ ਗਵਰਨਰ ਇਸ ਕੇਸ ਵਿੱਚ ਆਪ ਦਿਲਚਸਪੀ ਲੈ ਰਹੇ ਨੇ। ਮੈਂ ਵੀ ਸਰਕਾਰ ਦੇ ਹੁਕਮ ਦਾ ਬੱਧਾ ਹਾਂ... ਮੈਂ ਆਪਣੇ ਵੱਲੋਂ ਪੂਰੀ ਵਾਹ ਲਾ ਰਿਹਾ ਹਾ... ਮੈਂ ਕੋਸ਼ਿਸ਼ ਕਰਾਂਗਾ ਕਿ ਆਪਾਂ ਇੱਕ ਵਾਰ ਗੁਰਸ਼ੇਰ ਨੂੰ ਮਿਲ ਸਕੀਏ... ਡੀ.ਐਸ.ਪੀ. ਨੇ ਆਪਣੀ ਵਿਉਂਤ ਤੇ ਨਜ਼ਰ ਮਾਰਦਿਆਂ ਸੋਚ ਕੇ ਆਖਿਆ।

ਡੀ.ਐਸ.ਪੀ. ਨੇ ਸੋਚਿਆ ਜੇ ਮੈਂ ਗੀਤ ਨੂੰ ਗੁਰੀ ਨਾਲ ਮੁਲਾਕਾਤ ਕਰਾਉਣ ਤੋਂ ਵੀ ਨਾਂਹ ਕਰਤੀ ਤਾਂ ਹੋ ਸਕਦਾ ਕੁੜੀ ਨੂੰ ਮੇਰੇ 'ਤੇ ਹੀ ਸ਼ੱਕ ਹੋ ਜਾਵੇ... ਆਪਣਾ ਕੀ ਘਸਦਾ ਇੱਕ ਵਾਰ ਮਿਲਾ ਦਿੰਦੇ ਆਂ... ਫੇਰ ਤਾਂ ਗੱਡੀ ਚੜ੍ਹਾ ਈ ਦੇਣੈ ਉਹਨੂੰ....

ਘੰਟੇ ਕੁ ਬਾਅਦ ਹਾਕਮ ਸਿੰਹੁ ਨੇ ਗੀਤ ਨੂੰ ਬੁਲਾ ਕੇ ਆਖਿਆ....

ਗੀਤ ਮੈਂ ਐਸ.ਐਸ.ਪੀ. ਸਾਹਬ ਨਾਲ ਗੱਲ ਕੀਤੀ ਸੀ... ਤੂੰ ਮਿਲ ਸਕਦੀ ਏਂ ਪਰ ਕਿਸੇ ਨੂੰ ਕੰਨੋਂ-ਕੰਨ ਖ਼ਬਰ ਨਹੀਂ ਹੋਣੀ ਚਾਹੀਦੀ ਪੁੱਤ.. ਮੇਰੀ ਵਰਦੀ ਦਾ ਸਵਾਲ ਆ... ਮੈਂ ਤਾਂ ਤੈਨੂੰ ਪਹਿਲਾਂ ਕਿਹਾ ਸੀ.. ਏਦਾਂ ਦੇ ਮੁੰਡੇ ਅੱਤਵਾਦੀਆਂ ਦੇ ਇਸ਼ਾਰੇ 'ਤੇ ਕੰਮ ਕਰਦੇ ਹੁੰਦੇ ਆ.. ਡੀ.ਐਸ.ਪੀ. ਗੀਤ ਨੂੰ ਟੋਹਣਾ ਚਾਹੁੰਦਾ ਸੀ ਤੇ ਸੱਪ ਨੂੰ ਪਿਆਰ ਨਾਲ ਮਾਰਨਾ ਚਾਹੁੰਦਾ ਸੀ ਤਾਂ ਜੋ ਸੱਪ ਵੀ ਮਰ ਜਾਵੇ ਤੇ ਸੋਟੀ ਵੀ ਬਚ ਜਾਵੇ....

ਤੇ ਅਗਲੇ ਦਿਨ ਗੀਤ... ਸ਼ਵਿੰਦਰ ਨੂੰ ਨਾਲ ਲੈਕੇ ਗੁਰਸ਼ੇਰ ਨੂੰ ਮਿਲਣ ਥਾਣੇ ਵਿੱਚ ਚਲੀ ਗਈ... ਗੁਰਸ਼ੇਰ ਨੂੰ ਅੰਦਰ ਕੋਈ ਪਤਾ ਨਹੀਂ ਸੀ ਕਿ ਉਹਨੂੰ ਕਿਉਂ ਫੜਿਆ ਹੈ ਤੇ ਉਹਦੇ 'ਤੇ ਕੀ ਇਲਜ਼ਾਮ ਹੈ... ਜਦੋਂ ਗੀਤ ਨੇ ਦੱਸਿਆ ਤਾਂ ਗੁਰੀ ਦੇ ਹੋਸ਼ ਈ ਉੱਡ ਗਏ.....

ਗੁਰੀ, ਸ਼ਵਿੰਦਰ ਤੇ ਗੀਤ ਨੂੰ ਰੋ-ਰੋ ਕੇ ਦਸ ਰਿਹਾ ਸੀ ਕਿ ਮੈਂ ਬੇਕਸੂਰ ਆਂ... ਮੈਂ ਕੋਈ ਕ੍ਰਾਈਮ ਨਹੀਂ ਕੀਤਾ, ਨਾ ਹੀ ਡੈਡੀ ਜਾਂ ਡਰਾਈਵਰ ਦਰਬਾਰਾ ਸਿੰਘ ਦਾ ਕੋਈ ਰੋਲ ਐ.... ਇਹ ਮੇਰੇ ਖਿਲਾਫ਼ ਇੱਕ ਸਾਜਿਸ਼ ਹੈ...

"...ਤੂੰ ਘੁਬਰਾ ਨਾ ਗੁਰੀ... ਗੀਤ ਨੇ ਆਪਣੇ ਪਾਪਾ ਨਾਲ ਗੱਲ ਕੀਤੀ ਐ। ਉਹ ਪੂਰੀ ਵਾਹ ਲਾ ਰਹੇ ਨੇ ਤੈਨੂੰ ਬਚਾਉਣ ਲਈ ਬਾਕੀ ਮੈਂ ਵੀ ਆਪਣੇ ਬਾਪੂ ਨਾਲ ਗੱਲ ਕਰੂੰਗਾ... ਅਸੀਂ ਕੋਈ ਵਕੀਲ ਖੜ੍ਹਾ ਕਰਾਂਗੇ... ਅਦਾਲਤ ਵਿੱਚ ਪਟੀਸ਼ਨ ਪਾ ਦਿਆਂਗੇ... ਕਾਨੂੰਨ ਤੇ ਮੈਨੂੰ ਭਰੋਸਾ ਐ ਗੁਰੀ....ਉਹ ਸਾਡੇ ਨਾਲ ਧੱਕਾ ਨਹੀਂ ਹੋਣ ਦੇਵੇਗਾ... ਸ਼ਵਿੰਦਰ ਨੇ ਕਿਹਾ....

ਕਿਹੜਾ ਕਾਨੂੰਨ ਸ਼ਵਿੰਦਰ.. ਸਭ ਰਲੇ ਮਿਲੇ ਆ.... ਕਾਨੂੰਨ ਨੂੰ ਬਣਾਉਣ ਵਾਲੇ ਵੀ ਤੇ ਲਾਗੂ ਕਰਨ ਵਾਲੇ ਵੀ... ਗੀਤ ਜੇ ਤੂੰ ਆਪਣੇ ਪਾਪਾ ਨੂੰ ਕਹਿ ਕੇ ਇੱਕ ਵਾਰ ਮੇਰੇ ਬੀਬੀ-ਬਾਪੂ ਨੂੰ ਮੈਨੂੰ ਮਿਲਾ ਦੇਵੇਂ.....ਪਲੀਜ਼... ਗੁਰੀ ਨੇ ਤਰਲਾ ਕੀਤਾ...

....ਤੂੰ ਫ਼ਿਕਰ ਨਾ ਕਰ ਗੁਰੀ ਮੈਂ ਤੇਰੇ ਲਈ ਜਾਨ ਦੇ ਦਿਆਂਗੀ....!!! ਗੀਤ ਨੇ ਅੱਖਾਂ ਭਰ ਲਈਆਂ....

ਉਧਰ ਗੁਰੀ ਦੇ ਬੇਬੇ-ਬਾਪੂ ਦਾ ਬੁਰਾ ਹਾਲ ਹੋਇਆ ਪਿਆ ਸੀ... ਪਿੰਡ ਦੀ ਪੰਚਾਇਤ ਨੂੰ ਥਾਣੇਦਾਰ ਕੋਈ ਰਾਹ ਨਹੀਂ ਸੀ ਦੇ ਰਿਹਾ... ਗੁਰੀ ਦੇ ਬਾਪੂ ਬਖ਼ਸ਼ੀਸ਼ ਸਿੰਘ ਨੇ ਹਰ ਹੀਲਾ ਵਰਤਿਆ...ਪਰ ਗੁਰੀ ਨੂੰ ਛਡਾਉਣ ਦਾ ਕੋਈ ਸਬੱਬ ਨਾ ਬਣਿਆ... ਵਿਚਾਰਾ ਬਜ਼ੁਰਗ ਥਾਣਿਆਂ ਦੇ ਚੱਕਰ ਕੱਟਦਾ ਕੱਟਦਾ ਅੱਧਾ ਰਹਿ ਗਿਆ ਤੇ ਘਰੇ ਗੁਰੀ ਦੀ ਮਾਂ ਪਾਗਲਾਂ ਵਾਂਗ ਗੁਰੀ ਦੀ ਉਡੀਕ ਕਰਦੀ ਰਹਿੰਦੀ....

ਪੁਲਿਸ ਨੇ ਗੁਰਸ਼ੇਰ ਦੀ ਵਾਹਵਾ ਇੰਟੈਰੋਗੇਸ਼ਨ ਕਰ ਦਿੱਤੀ ਸੀ। ਇਸੇ ਕਰਕੇ ਕਿਸੇ ਨੂੰ ਮਿਲਣ ਨਹੀਂ ਦਿੰਦੇ ਸੀ... ਜਦੋਂ ਗੁਰੀ ਦੇ ਬਾਪੂ ਫਰਿਆਦ ਕਰਦੇ ਅੱਗੋਂ ਥਾਣੇਦਾਰ ਬੋਲਦਾ...

"....ਬੁੜ੍ਹਿਆ....ਅਜੇ ਤੇਰਾ ਵੱਡਾ ਅੱਤਵਾਦੀ ਸਾਡੀ ਹਰਾਸਤ 'ਚ ਆ... ਮਾਂਈ ਏਡੇ-ਏਡੇ ਵਾਕੇ ਕਰਵਾ ਗਿਆ ਤੂੰ ਮੁਲਾਕਾਤਾਂ ਭਾਲਦੈਂ....ਇਹ ਮੁਲਾ-ਮਲਾ ਕਾਤਾਂ ਜੀਆਂ ਜੇਲ੍ਹਾਂ-ਜੂਲ੍ਹਾਂ 'ਚ ਈ ਹੁੰਦੀਆਂ ਹੋਣਗੀਆਂ.... ਇਹ ਥਾਣਾ ਆ ਥਾਣਾ... ਜਾਹ ਚੁੱਪ ਕਰਕੇ ਆਪਣੀ ਇੱਜ਼ਤ ਲੈ ਕੇ ਘਰ ਚਲਿਆ ਜਾਹ ਐਵੇਂ ਪੁੜੇ ਨਾ ਕੁਟਾ ਲੀਂ ਮੇਰੇ ਕੋਲੋਂ... ਮਾਂਈ ਪਹਿਲਾਂ ਆਪਣੇ ਕੁਛ ਲਗਦਿਆਂ ਨੂੰ ਵਰਜ਼ਦੇ ਨੀਂ ਮਗਰੋਂ ਸਫਾਰਸ਼ਾਂ ਘੱਲਦੇ ਆ..."

ਬਖਸ਼ੀਸ ਸਿਉਂ ਬੜੇ ਛੋਟੇ-ਮੋਟੇ ਲੀਡਰਾਂ ਕੋਲ਼ ਗਿਆ, ਬਈ ਮੇਰਾ ਕੱਲਾ-ਕੱਲਾ ਪੁੱਤ ਆ....ਪੁਲਿਸ ਨੇ ਐਵੇਂ ਕੋਈ ਅਣਹੋਣੀ ਵਰਤਾਅ ਦੇਣੀ ਆ... ਸਾਡਾ ਬੁਢਾਪਾ ਰੁਲਜੂ....

ਪਰ ਕੋਈ ਹੀਲਾ ਵਸੀਲਾ ਨਾ ਬਣਿਆ ਤੇ ਹਫ਼ਤੇ ਕੁ ਬਾਅਦ ਜਿਹੜੀ ਖ਼ਬਰ ਛਪੀ ਅਖ਼ਬਾਰਾਂ 'ਚ ਉਹਨੇ ਸਭ ਨੂੰ ਸੁੰਨ ਈ ਕਰ ਦਿੱਤਾ...

'ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਕਥਿਤ ਅੱਤਵਾਦੀ ਗੁਰਸ਼ੇਰ ਸਿੰਘ ਪੁਲਿਸ ਹਿਰਾਸਤ 'ਚੋਂ ਫਰਾਰ'

ਅੱਗੇ ਖ਼ਬਰ ਦੀ ਤਫਸੀਲ ਸੀ ਕਿ ਕੱਲ੍ਹ ਜਦੋਂ ਪੁਲਿਸ ਪਾਰਟੀ ਗੁਰਸ਼ੇਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾ ਰਹੀ ਸੀ ਤਾਂ ਗੁਰਸ਼ੇਰ ਦੇ ਸਾਥੀ ਅੱਤਵਾਦੀਆਂ ਨੇ ਪੁਲਿਸ ਪਾਰਟੀ ਤੇ ਅਚਾਨਕ ਹਮਲਾ ਕਰ ਦਿੱਤਾ ਤੇ ਅੱਤਵਾਦੀ ਗੁਰਸ਼ੇਰ ਨੂੰ ਪੁਲਿਸ ਹਿਰਾਸਤ 'ਚੋਂ ਲੈ ਕੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ ਹਨ.... ਇਸ ਘਟਨਾ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ, ਪੁਲਿਸ ਨੂੰ ਖਦਸ਼ਾ ਹੈ ਕਿ ਗੁਰਸ਼ੇਰ ਕਈ ਹੋਰ ਵਾਰਦਾਤਾਂ ਨੂੰ ਅੰਜ਼ਾਮ ਦੇ ਸਕਦਾ ਹੈ।

ਇਹ ਖ਼ਬਰ ਰੀਤ ਦੇ ਅਤੇ ਗੁਰਸ਼ੇਰ ਦੇ ਮਾਂ-ਪਿਓ ਦੇ ਸੀਨਿਆਂ ਵਿੱਚ ਕਟਾਰ ਵਾਂਗ ਖੁੱਭ ਗਈ....

ਗੁਰਸ਼ੇਰ ਦੀ ਮਾਂ ਨੇ ਤਾਂ ਆਪਣੀ ਸੁੱਧ-ਬੁੱਧ ਈ ਖੋ ਦਿੱਤੀ ਸੀ.... ਆਪਣੇ ਇਕਲੌਤੇ ਪੁੱਤਰ ਬਾਰੇ ਏਦਾਂ ਦੀ ਖ਼ਬਰ ਸੁਣ ਕੇ ਉਹਨੂੰ ਦੰਦਲਾਂ ਪੈਣ ਲੱਗੀਆਂ ਸਨ... ਬਖਸ਼ੀਸ਼ ਸਿੰਘ ਵੀ ਫੁੜਕ ਕੇ ਧਰਤੀ ਤੇ ਡਿਗ ਪਿਆ... ਆਂਢੀ-ਗੁਆਂਢੀ, ਰਿਸ਼ਤੇਦਾਰ ਮਿੱਤਰ ਹੌਲੀ-ਹੌਲੀ ਇਕੱਠੇ ਹੋਣੇ ਸ਼ੁਰੂ ਹੋ ਗਏ.... ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਵੀ ਕਰ ਰਹੇ ਸਨ ਤੇ ਦਿਲਾਸੇ ਵੀ ਦੇ ਰਹੇ ਸਨ।

ਅਸਲ ਵਿੱਚ ਅੱਜਕਲ੍ਹ ਜਦੋਂ ਕੋਈ ਵਿਅਕਤੀ ਪੁਲਿਸ ਦੀ ਕੁੱਟਮਾਰ ਦੌਰਾਨ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਜਾਂਦਾ ਤਾਂ ਪੁਲਿਸ ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਣ ਲੱਗ ਜਾਂਦੀ ਸੀ.. ਜਿਹੜੇ ਤਾਂ ਨਜਾਇਜ਼ ਹਿਰਾਸਤ ਵਿੱਚ ਹੁੰਦੇ ਭਾਵ ਜਿੰਨ੍ਹਾਂ ਦੀ ਨਾ ਤਾਂ ਕੋਈ ਐਫ. ਆਈ. ਆਰ. ਦਰਜ਼ ਹੁੰਦੀ ਤੇ ਨਾ ਹੀ ਅਦਾਲਤ ਨੂੰ ਉਹਨਾਂ ਦੀ ਗ੍ਰਿਫਤਾਰੀ ਬਾਰੇ ਪਤਾ ਹੁੰਦਾ... ਜੇ ਤਾਂ ਉਹਨਾਂ 'ਚੋਂ ਕੋਈ ਮਰ ਜਾਂਦਾ ਤਾਂ ਪੁਲਿਸ... ਝੂਠਾ ਮੁਕਾਬਲਾ ਵਿਖਾ ਦਿੰਦੀ, ਕਹਿ ਦਿੰਦੀ ਫਲਾਣੇ ਨਾਕੇ ਤੇ ਹੋਇਆ ਜਾਂ ਫਲਾਣੇ ਚੌਰਾਹੇ 'ਚ ਹੋਇਆ....ਜਿੱਥੇ ਵੀ ਉਹਦੀ ਲਾਸ਼ ਸੁੱਟੀ ਜਾਂਦੀ ਉਥੇ ਮੁਕਾਬਲਾ ਵਿਖਾ ਦਿੰਦੇ....

ਓਦਾਂ ਬੇਸ਼ੱਕ ਹਿੰਦੁਸਤਾਨੀ ਕਾਨੂੰਨ ਇਹ ਕਹਿੰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਚੌਵੀ ਘੰਟੇ ਦੇ ਅੰਦਰ-ਅੰਦਰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਤੇ ਫਿਰ ਅਦਾਲਤ ਇਹ ਤੈਅ ਕਰੇ ਕਿ ਉਸ ਸਖਸ਼ ਨੂੰ ਪੁਲਿਸ ਹਿਰਾਸਤ ਵਿੱਚ ਭੇਜਣਾ ਹੈ ਜਾਂ ਜੇਲ੍ਹ ਵਿੱਚ....ਪਰ ਪੁਲਿਸ ਅੱਜਕਲ੍ਹ ਗ੍ਰਿਫਤਾਰੀਆਂ ਦਰਜ਼ ਹੀ ਨਹੀਂ ਕਰਦੀ ਸੀ.... ਐਫ.ਆਈ.ਆਰ. ਦਰਜ਼ ਕਰਨ ਤੋਂ ਬਿਨਾਂ ਹੀ ਸਿੱਖ ਨੌਜਵਾਨਾਂ ਨੂੰ ਵੀਹ-ਵੀਹ ਦਿਨ ਥਾਣਿਆਂ ਵਿੱਚ ਨਜਾਇਜ਼ ਹਿਰਾਸਤ ਵਿੱਚ ਰੱਖਿਆ ਜਾਂਦਾ ਤੇ ਜੇ ਕੋਈ ਮਰ ਜਾਂਦਾ ਕੁੱਟਮਾਰ ਦੌਰਾਨ ਤਾਂ ਉਹਦਾ ਪੁਲਿਸ ਮੁਕਾਬਲਾ ਵਿਖਾ ਦਿੱਤਾ ਜਾਂਦਾ....

ਦੂਜੇ ਪਾਸੇ ਜਿਨ੍ਹਾਂ ਦੀ ਐਫ.ਆਈ.ਆਰ. ਦਰਜ਼ ਹੁੰਦੀ ਤੇ ਜਿਹੜੇ ਅਦਾਲਤ ਦੀ ਦੇਖ ਰੇਖ ਹੇਠ ਆ ਚੁੱਕੇ ਹੁੰਦੇ ਜੇਕਰ ਉਨ੍ਹਾਂ 'ਚੋਂ ਕੋਈ ਮਰ ਜਾਂਦਾ ਤਾਂ ਫਿਰ ਉਹਨਾਂ ਨੂੰ ਪੁਲਿਸ ਹਿਰਾਸਤ 'ਚੋਂ ਭਗੌੜੇ ਦਰਸਾਅ ਦਿੱਤਾ ਜਾਂਦਾ...

ਗੱਲ ਕੀ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖੁ ਕਰ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*

*(ਅੰਗ 184)*

ਵਾਲੀ ਗੱਲ ਸੀ...

ਲੋਕ ਮੂੰਹੋਂ-ਮੂੰਹੀਂ ਗੱਲਾਂ ਕਰਦੇ ਸੀ ਕਿ ਪੁਲਿਸ ਨੇ ਬਖਸ਼ੀਸ਼ ਸਿਉਂ ਦਾ ਸੂਰ ਵਰਗਾ ਨਿਰਦੋਸ਼ ਪੁੱਤਰ ਕਿਧਰੇ ਮਾਰ ਕੇ ਖਪਾ ਦਿੱਤਾ.. ਤੇ ਕਹਾਣੀ ਆਹ ਬਣਾ ਧਰੀ ਅਖੇ ਜੀ ਫਰਾਰ ਹੋ ਗਿਆ.... ਅਸਲ ਵਿੱਚ ਵਾਪਰਦਾ ਵੀ ਇਹੋ ਕੁਝ ਸੀ....

ਗੁਰੀ ਦੇ ਬਾਪੂ ਨੂੰ ਵੀ ਤਕਰੀਬਨ ਪਤਾ ਈ ਸੀ ਬਈ ਪੁਲਿਸ ਦੀ

ਜ਼ਾਲਮਾਨਾ ਪੁੱਛ-ਪੜਤਾਲ ਦੌਰਾਨ ਗੁਸ਼ੇਰ ਦੀ ਮੌਤ ਹੋ ਗਈ ਹੋਵੇਗੀ ਤੇ ਮਗਰੋਂ ਪੁਲਿਸ ਨੇ ਆਹ ਕਹਾਣੀ ਬਣਾ ਧਰੀ ਜਿਹੜੀ ਅੱਜਕਲ੍ਹ ਬਹੁਤੇ ਸਿੱਖ ਗੱਭਰੂਆਂ ਨਾਲ ਆਮ ਵਾਪਰਦੀ ਸੀ....

ਉੱਧਰ ਗੀਤ ਤਾਂ ਜਵਾਂ ਈ ਰੁਲ਼ ਗਈ ਸੀ.... ਤਕਰੀਬਨ ਇੱਕ ਹਫ਼ਤਾ ਹੋ ਗਿਆ ਸੀ ਉਹਨੂੰ ਯੂਨੀਵਰਸਿਟੀ ਗਿਆਂ.... ਪੜ੍ਹਨ ਨੂੰ ਉੱਕਾ ਈ ਦਿਲ਼ ਨਹੀਂ ਕਰਦਾ ਸੀ....ਜੀਹਦੇ ਨਾਲ ਜ਼ਿੰਦਗੀ ਜਿਉਣ ਦੇ ਸੁਪਨੇ ਵੇਖੇ ਸਨ ਉਹ ਪਤਾ ਨੀਂ ਛੱਡ ਕੇ ਕਿੰਨੀ ਦੂਰ ਚਲਿਆ ਗਿਆ ਸੀ...ਗੀਤ ਦੇ ਮਨ ਵਿੱਚ ਵੀ ਇਹੋ ਡਰ ਸੀ ਕਿ ਕਿਤੇ ਗੁਰਸ਼ੇਰ ਨੂੰ ਮਾਰ ਨਾ ਦਿੱਤਾ ਹੋਵੇ ਪੁਲਿਸ ਵਾਲਿਆਂ ਨੇ....

ਡੀ.ਐਸ.ਪੀ. ਹਾਕਮ ਸਿੰਹੁ ਨੇ ਵੀ ਮਗਰਮੱਛ ਦੇ ਚਾਰ ਹੰਝੂ ਵਹਾਅ ਦਿੱਤੇ ਸਨ ਗੁਰਸ਼ੇਰ ਲਈ....

ਇੱਕ ਦਿਨ ਗੀਤ ਆਪਣੇ ਸੁਰੱਖਿਆ ਗਾਰਡ ਕਿਹਰ ਸਿੰਘ ਕੋਲ਼ ਭੁੱਬੀਂ ਰੋ ਪਈ... ਸ਼ਾਇਦ ਉਹ ਆਖ਼ਰੀ ਵਾਰ ਵੀ ਗੁਰੀ ਦਾ ਮੂੰਹ ਨਾ ਦੇਖ ਸਕਣ ਵਾਲੀ ਅਭਾਗਣ ਸਮਝ ਰਹੀ ਸੀ ਆਪਣੇ ਆਪ ਨੂੰ....

ਕਿਹਰ ਸਿੰਘ ਦਾ ਇਸ਼ਾਰਾ ਵੀ ਇਹੀ ਕਹਿ ਰਿਹਾ ਸੀ ਕਿ ਗੁਰਸ਼ੇਰ ਪਤਾ ਨਹੀਂ ਕਿਹੜੀ ਨਹਿਰ ਵਿੱਚ ਸਿੱਟਿਆ ਹੋਵੇਗਾ ਮਾਰ ਕੇ, ਇਹਨਾਂ ਅਮਨ ਦੇ ਦੂਤਾਂ ਨੇ....

ਉੱਧਰ ਗੁਰੀ ਦਾ ਬਾਪੂ ਬਖਸ਼ੀਸ਼ ਸਿੰਘ ਆਪਣੇ ਇਕਲੌਤੇ ਬੇਟੇ ਦੀ ਲਾਸ਼ ਲੈਣ ਲਈ ਥਾਣਿਆਂ ਵਿੱਚ ਜੁੱਤੀਆਂ ਘਸਾ ਰਿਹਾ ਸੀ....

'ਜਨਾਬ ਮੈਂ ਵੀ ਪੰਜਾਬ ਦਾ ਵਾਸੀ ਆਂ.... ਐਨਾ ਪੁੱਛਣ ਦਾ ਹੱਕ ਤਾਂ ਹੈ ਨਾ ਮੈਨੂੰ ਬਈ ਮੇਰੇ ਪੁੱਤ ਦੀ ਲਾਸ਼ ਕਿੱਥੇ ਗਈ...??? ਮੈਂ ਕੋਈ ਇਨਸਾਫ਼ ਨਹੀਂ ਮੰਗਦਾ ਸਿਰਫ਼ ਉਸ ਦੀ ਲਾਸ਼ ਮੰਗਦਾਂ....ਤਾਂ ਜੋ ਆਪਣੇ ਲਾਸ਼ ਬਨਣ ਤੋਂ ਪਹਿਲਾਂ-ਪਹਿਲਾਂ ਉਸ ਬਦਕਿਸਮਤ ਦੀਆਂ ਅੰਤਿਮ ਰਸਮਾਂ ਨਿਭਾ ਦਿਆਂ... ਗੁਰੀ ਦੇ ਬਾਪੂ ਨੇ ਤਰਲਾ ਕੀਤਾ...

"...ਚੁੱਪ ਕਰ ਓਏ ਚੌਰਿਆ... ਪੁਲਸ ਤੇ 'ਲਜਾਮ ਲਾਉਨਾ... ਤੇਰਾ ਮੁੰਡਾ ਪਾਕਸਤਾਨ ਚਲਾ ਗਿਆ ਅੱਤਵਾਦ ਦੀ ਟਰੇਨਿੰਗ ਲੈਣ... ਮਾਂਈ ਸਾਡਾ ਮੁਲਜ਼ਮ ਫਰਾਰ ਹੋ ਗਿਆ ਤੇ ਤੂੰ ਐਵੇਂ ਜੱਭਲੀਆਂ ਘੋਟੀ ਜਾਨਾ... ਆਪਣੀ ਇਜ਼ਤ ਲੈ ਕੇ ਦਫ਼ਾ ਹੋ ਜਾ ਇੱਥੋਂ... ਨਹੀਂ ਤਾਂ ਐਸਾ ਸਬਕ ਸਿਖਾਊਂਗਾ ਬਈ...!!! ਥਾਣੇਦਾਰ ਨੇ ਵੱਢ ਖਾਣ ਵਾਲਿਆਂ ਵਾਂਗ ਬਖਸ਼ੀਸ਼ ਸਿਉਂ ਨੂੰ ਆਖਿਆ...

ਸਬਕ ਤਾਂ ਤੁਸੀਂ ਸਿਖਾ ਈ ਦਿੱਤਾ ਐ...ਹੁਣ ਹੋਰ ਤੁਸੀਂ ਕੀ ਕਰੋਂਗੇ

ਪਾਪੀਓ... ਕਹਿੰਦਿਆਂ ਗੁਰੀ ਦਾ ਪਿਉ ਥਾਣੇ 'ਚੋਂ ਚਲਾ ਗਿਆ...

ਉੱਧਰ ਗੀਤ ਦੀ ਹਾਲਤ ਗੁਰੀ ਦੇ ਮਾਂ-ਪਿਉ ਨਾਲੋਂ ਵੀ ਮਾੜੀ ਸੀ.... ਸ਼ਵਿੰਦਰ, ਗੀਤ ਨੂੰ ਘਰ ਆਕੇ ਵੀ ਨਹੀਂ ਸੀ ਮਿਲ ਸਕਦਾ.... ਤੇ ਗੀਤ ਯੂਨੀਵਰਸਿਟੀ ਵੀ ਨਹੀਂ ਆ ਰਹੀ ਸੀ... ਨਾ ਰੋਟੀ, ਨਾ ਟੁੱਕ, ਨਾ ਨੀਂਦ, ਨਾ ਪੜ੍ਹਾਈ, ਸਭ ਗੁਰੀ ਦੇ ਨਾਲ ਈ ਚਲਿਆ ਗਿਆ ਸੀ... ਗੀਤ ਇਹੋ ਸੋਚਦੀ.... ਓ ਰੱਬਾ ਹੁਣ ਤਾਂ ਮੈਂ ਆਪਣੇ ਪਾਪਾ ਨੂੰ ਵੀ ਮਨਾ ਲਿਆ ਸੀ ਆਹ ਮੇਰੇ ਨਾਲ ਕੀ ਕਹਿਰ ਹੋਇਆ... ਆਹ ਤਕਦੀਰ ਨੇ ਕੀ ਲੋਹੜਾ ਮਾਰਿਆ....

*ਫੂਕੋ ਨੀਂ ਹੁਣ ਲੀਰ ਪਟੋਲ਼ੇ ਗੁੱਡੀਆਂ ਦੇ ਸਿਰ ਪਾੜੋ*
*ਮਾਰ ਦੁਹੱਥੜਾਂ ਪਿੱਟੋ ਨੀਂ ਹੁਣ ਮਰ ਗਏ ਮੇਰੇ ਹਾਣੀ*
*ਝੱਟ ਕਰੋ ਨੀਂ ਖਾ ਲਉ ਟੁੱਕਰ ਹੱਥ ਵਿੱਚ ਜੋ ਹੈ ਫੜਿਆ*
*ਔਹ ਵੇਖੋ ਨੀਂ! ਚੀਲ੍ਹ ਸਮੇਂ ਦੀ ਉੱਡ ਪਈ ਆਦਮ ਖਾਣੀ*

*(ਸ਼ਿਵ ਕੁਮਾਰ ਬਟਾਲਵੀ)*

----------------

# ਕਾਂਡ - 10

*ਹੋ ਗਿਆ ਅੱਤ ਬਦਨਾਮ ਜਦ, ਚੋਰ ਕਿਸੇ ਦਾ ਵੇਸ*
*ਚੋਰ ਪਹਿਨ ਫਿਰ ਨਿਕਲਿਆ, ਹੋਰ ਕਿਸੇ ਦਾ ਵੇਸ,*
*ਮਤ ਸਮਝੀਂ ਮੈਂ ਹਾਂ ਉਹੀ, ਰਹੀਂ ਜ਼ਰਾ ਹੁਸ਼ਿਆਰ,*
*ਮੇਰਾ ਚਿਹਰਾ ਪਹਿਨ ਕੇ, ਕਰੇ ਜੇ ਕਾਤਿਲ ਵਾਰ,*

*(ਪਾਤਰ)*

ਪੰਜਾਬ ਦੇ ਹਾਲਾਤ ਇਸ ਸਮੇਂ ਬੜੇ ਉੱਥਲ-ਪੁੱਥਲ ਵਾਲੇ ਸਨ, ਖਾੜਕੂ ਸਿੱਖ ਲਹਿਰ ਨੱਬੇਵਿਆਂ ਤੋਂ ਪਾਰ ਹੋ ਗਈ ਸੀ.... ਤੇ ਇਸ ਦੇ ਸਰੂਪ ਵਿਚ ਉੱਨੀ ਸੌ ਚੁਰਾਸੀ ਤੋਂ ਲੈ ਕੇ ਅੱਜ ਤੱਕ ਬਹੁਤ ਸਾਰੇ ਪਰਿਵਰਤਨ ਆ ਚੁੱਕੇ ਸਨ...

ਇਸ ਦਾ ਵੱਡਾ ਕਾਰਨ ਇਹ ਸੀ ਕਿ ਉੱਨੀ ਸੌ ਅਠਾਸੀ ਤੋਂ ਬਾਅਦ ਸਰਕਾਰੀ ਏਜੰਸੀਆਂ ਦੇ ਹੱਥਠੋਕੇ ਤੇ ਪੰਜਾਬ ਪੁਲਿਸ ਦੇ ਕੈਟ, ਸਿੰਘਾਂ ਦੇ ਭੇਸ ਵਿੱਚ ਵੱਖ-ਵੱਖ ਖਾੜਕੂ ਜਥੇਬੰਦੀਆਂ ਵਿੱਚ ਘੁਸਪੈਠ ਕਰ ਚੁੱਕੇ ਸਨ... ਤੇ ਕਈ ਨਾਮੀਂ ਖਾੜਕੂ ਯੋਧੇ ਇਨ੍ਹਾਂ ਕੈਟਾਂ ਦੀਆਂ ਸਾਜਿਸ਼ਾਂ ਵਿੱਚ ਘਿਰ ਕੇ ਸ਼ਹਾਦਤਾਂ ਦਾ ਜਾਮ ਪੀ ਰਹੇ ਸਨ...

ਸਿੰਘਾਂ ਨੂੰ ਸ਼ਹੀਦ ਕਰਵਾਉਣ ਤੋਂ ਵੀ ਵੱਡਾ ਨੁਕਸਾਨ ਜੋ ਇਹ ਕੈਟ ਕਰ ਰਹੇ ਸਨ ਉਹ ਸੀ ਲਹਿਰ ਨੂੰ ਸਿਧਾਂਤਕ ਤੌਰ 'ਤੇ ਸੱਟ ਮਾਰਨਾ... ਜਿੱਥੇ ਕਲਗੀਆਂ ਵਾਲੇ ਪਾਤਸ਼ਾਹ ਦੀ ਸੋਚ ਨੂੰ ਸਮਰਪਿਤ ਖਾੜਕੂ ਯੋਧੇ ਖਾਲਿਸਤਾਨ ਦੀ ਇਸ ਲੜਾਈ ਨੂੰ ਸਿੱਖੀ ਅਸੂਲਾਂ ਅਤੇ ਖਾਲਸਾਈ ਸਿਧਾਂਤਾਂ ਦੇ ਜ਼ਾਬਤੇ ਵਿੱਚ ਰਹਿ ਕੇ ਲੜ ਰਹੇ ਸਨ... ਉੱਥੇ ਇਹ ਕੈਟ, ਸਿੰਘਾਂ ਦੇ ਭੇਸ ਵਿੱਚ ਇਹੋ ਜਿਹੀਆਂ ਕਾਰਵਾਈਆਂ ਨੂੰ ਅੰਜ਼ਾਮ ਦੇ ਰਹੇ ਸਨ ਜੋ ਸਮੁੱਚੀਆਂ ਖਾੜਕੂ ਜੱਥੇਬੰਦੀਆਂ ਲਈ ਨਮੋਸ਼ੀ ਦਾ ਕਾਰਨ ਬਣ ਰਹੀਆਂ ਸਨ... ਇਹਨਾਂ ਕੈਟਾਂ ਦਾ ਮਕਸਦ ਖਾੜਕੂ ਯੋਧਿਆਂ ਤੇ ਖਾੜਕੂ ਜੱਥੇਬੰਦੀਆਂ ਨੂੰ ਲੋਕਾਂ ਵਿੱਚ ਬਦਨਾਮ ਕਰਕੇ... ਪੰਜਾਬ ਦੇ ਲੋਕਾਂ ਨੂੰ ਲਹਿਰ ਦੇ ਖਿਲਾਫ਼ ਕਰਨਾ ਸੀ... ਤੇ ਆਪਣੇ ਮਕਸਦ ਵਿੱਚ ਇਹਨਾਂ ਕੈਟਾਂ ਨੂੰ ਕਾਮਯਾਬੀ ਮਿਲਣੀ ਇਸੇ ਦੌਰ ਵਿੱਚ ਆਰੰਭ ਹੋਈ...

ਪੰਜਾਬ ਦਾ ਬਹੁਗਿਣਤੀ ਹਿੰਦੂ ਭਾਈਚਾਰਾ ਬੇਸ਼ੱਕ ਉੱਨੀ ਸੌ ਇਕਵੰਜਾ ਦੀ ਮਰਦਮਸ਼ੁਮਾਰੀ ਵਿੱਚ ਆਪਣੀ ਮਾਂ ਬੋਲੀ ਹਿੰਦੀ ਲਿਖਵਾਉਣ ਕਰਕੇ ਆਪਣੀ ਫਿਰਕੂ ਸੋਚ ਦਾ ਮੁਜ਼ਾਹਰਾ ਕਰ ਚੁੱਕਿਆ ਸੀ ਤੇ ਹੋਰ ਵੀ ਸਮੇਂ-ਸਮੇਂ ਇਸਨੇ ਪੰਜਾਬੀ ਸੂਬੇ ਮੋਰਚੇ ਦਾ ਵਿਰੋਧ ਕਰਕੇ, ਪੰਜਾਬੀ ਸੂਬੇ ਦਾ ਵਿਰੋਧ ਕਰਕੇ, ਉੱਨੀ ਸੌ ਅਠੱਤਰ ਵਿੱਚ ਨਿਰਦੋਸ਼ ਸਿੰਘਾਂ ਦਾ ਖ਼ੂਨ ਵਹਾਉਣ ਵਾਲੇ ਨਰਕਧਾਰੀ ਗੁਰਬਚਨੇ ਦੀ ਹਮਾਇਤ ਕਰਕੇ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਬਿਨਾਂ ਕਿਸੇ ਕਾਰਨ ਸਿਰਫ਼ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਵਿਰੋਧ ਕਰਕੇ, ਇੰਦਰਾ ਗਾਂਧੀ ਨੂੰ ਦਰਬਾਰ ਸਾਹਿਬ ਤੇ ਹਮਲੇ ਲਈ ਉਕਸਾਉਣਾ ਤੇ ਫਿਰ ਹਮਲੇ ਦੀ ਸ਼ਰੇਆਮ ਹਮਾਇਤ ਕਰਨਾ ਆਦਿ ਇਹੋ ਜਿਹੇ ਕਈ ਇਤਿਹਾਸਕ ਤੱਥ ਸਨ ਜੋ ਹਿੰਦੂ ਭਾਈਚਾਰੇ ਦੀ ਪੰਜਾਬ ਵਿਰੋਧੀ ਤੇ ਸਿੱਖ ਵਿਰੋਧੀ ਸੋਚ ਨੂੰ ਉਜਾਗਰ ਕਰਦੇ ਸਨ...

ਕੱਟੜ ਹਿੰਦੂ ਜਥੇਬੰਦੀਆਂ ਵੱਲੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਲੱਗੇ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਤੋੜਨਾ, ਆਪਣੇ ਇੱਕ ਜਲੂਸ ਵਿੱਚ ਗੁਰੂ ਰਾਮਦਾਸ ਸਾਹਿਬ ਦੀ ਫੋਟੋ 'ਤੇ ਸਿਗਰਟਾਂ ਸੁੱਟਣਾ, ਬੀੜੀ-ਸਿਗਰਟ ਪੀਏਂਗੇ ਬੜੀ ਸ਼ਾਨ ਜੇ ਜੀਏਂਗੇ, ਕੱਛ ਕੜਾ ਔਰ ਕ੍ਰਿਪਾਨ ਇਨਕੋ ਭੇਜੋ ਪਾਕਿਸਤਾਨ, ਵਰਗੇ ਨਾਅਰੇ ਲਾਉਣਾ ਇਸ ਭਾਈਚਾਰੇ ਦੀ ਸੋਚ ਦਾ ਪ੍ਰਗਟਾਵਾ ਕਰਨ ਲਈ ਕਾਫ਼ੀ ਸਨ।

ਜੇ ਪੰਜਾਬ ਦੀ ਕੋਈ ਇੱਕ ਵੀ ਹਿੰਦੂ ਜੱਥੇਬੰਦੀ, ਹਿੰਦੂਆਂ ਦੀਆਂ ਅਜਿਹੀਆਂ ਫਿਰਕੂ ਕਾਰਵਾਈਆਂ ਦੇ ਵਿਰੋਧ ਵਿੱਚ ਇੱਕ ਬਿਆਨ ਵੀ ਜ਼ਾਰੀ ਕਰ ਦਿੰਦੀ ਤਾਂ ਸ਼ਾਇਦ ਇਹ ਇਲਜ਼ਾਮ ਸਮੁੱਚੇ ਹਿੰਦੂਆਂ ਤੇ ਨਾ ਲਗਦਾ ਪਰ ਦੁਖਾਂਤ ਹੈ ਕਿ ਅੰਦਰਖਾਤੇ ਸਭ ਖੁਸ਼ ਸਨ... ਕੋਈ ਚੁੱਪ ਚੁਪੀਤੇ ਖੁਸ਼ ਸੀ ਤੇ ਕੋਈ ਲੱਡੂ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਿਹਾ ਸੀ... ਇਸੇ ਭਾਈਚਾਰੇ ਦੀ ਬੌਣੀ ਸੋਚ ਹੋਣ ਕਰਕੇ ਕੇਂਦਰ ਸਰਕਾਰ, ਸਿੱਖ ਖਾੜਕੂ ਲਹਿਰ ਨੂੰ ਦੁਨੀਆਂ ਦੀਆਂ ਨਜ਼ਰਾਂ ਵਿੱਚ ਫਿਰਕੂ ਰੰਗਤ ਦੇਣ ਵਿੱਚ ਸਫ਼ਲ ਹੋਈ....

ਕੋਈ ਪੁੱਛਣ ਵਾਲਾ ਹੋਵੇ ਅਨੰਦਪੁਰ ਦਾ ਮਤਾ... ਸਬੰਧਿਤ ਪੰਜਾਬ ਦੇ ਮਸਲਿਆਂ ਨਾਲ... ਮੰਗ ਕੀਤੀ ਕੇਂਦਰ ਸਰਕਾਰ ਤੋਂ.... ਹਿੰਦੂਆਂ ਦਾ ਕੋਈ ਨਾ ਧਾਰਮਿਕ ਨੁਕਸਾਨ ਹੋਣਾ ਸੀ ਨਾ ਰਾਜਨੀਤਿਕ ਨਾ ਸਮਾਜਿਕ.. ਫੇਰ ਇਸ ਭਾਈਚਾਰੇ ਦੇ ਢਿੱਡ 'ਚ ਪਤਾ ਨੀਂ ਕਿਉਂ ਪੀੜ ਹੋਣ ਲੱਗ ਪਈ ਤੇ ਇਹਨਾਂ ਨੇ ਉਹ ਪਾਖੰਡਬਾਜ਼ੀ ਕੀਤੀ ਉਹ ਹਾਲ-ਪਾਹਰਿਆ ਮਚਾਈ.... ਕਿ ਪੰਜਾਬ ਦੇ ਭਵਿੱਖ ਦਾ ਬੇੜਾ ਈ ਗਰਕ ਕਰਕੇ ਰੱਖ ਦਿੱਤਾ... ਇਹਨਾਂ ਦੀ

ਮਾਨਸਿਕ ਹਾਲਤ ਤੋਂ ਕੇਂਦਰ ਸਰਕਾਰ ਚੰਗੀ ਤਰ੍ਹਾਂ ਜਾਣੂ ਸੀ... ਸਰਕਾਰ ਨੂੰ ਪਤਾ ਸੀ ਕਿ ਹਿੰਦੂਆਂ ਨੂੰ ਸਿੱਖਾਂ ਦੇ ਅਤੇ ਖਾੜਕੂਆਂ ਦੇ ਖਿਲਾਫ਼ ਕਰਨਾ ਖੱਬੇ ਹੱਥ ਦੀ ਖੇਡ ਸੀ... ਕਿਉਂਕਿ ਸੋਚ ਤਾਂ ਪਹਿਲਾਂ ਈ ਫਿਰਕੂ ਸੀ....

ਇਸ਼ਾਰਾ ਕੇਂਦਰ ਸਰਕਾਰ ਦਾ ਸੀ.... ਸਹਿਯੋਗ ਪੰਜਾਬ ਪੁਲਿਸ ਤੇ ਉਹਦੇ ਕੈਟਾਂ ਦਾ... ਤੇ ਮਸਲੇ ਨੂੰ ਉਠਾਉਣ ਦੀ ਜ਼ਿੰਮੇਵਾਰੀ ਕੱਟੜ ਹਿੰਦੂ ਜੱਥੇਬੰਦੀਆਂ ਦੇ ਕਾਰਕੁੰਨਾਂ ਦੀ ਸੀ... ਸਾਰਿਆਂ ਨੇ ਰਲ਼ ਮਿਲ਼ ਕੇ ਇਕ ਸਾਜਿਸ਼ ਤਿਆਰ ਕਰ ਲਈ ਸੀ ਜਿਹੜੀ ਪੰਜਾਬ ਦੇ ਅਤੇ ਸਿੱਖ ਖਾੜਕੂ ਲਹਿਰ ਦੇ ਲਈ ਬੜੀ ਘਾਤਕ ਸਿੱਧ ਹੋਈ.....

ਦੂਸਰਾ ਇਹ ਦੌਰ ਖਾਖੀ ਵਰਦੀ ਵਾਲਿਆਂ ਲਈ ਪੈਸੇ ਬਣਾਉਣ ਵਾਲਾ ਤੇ ਸਟਾਰ ਲਵਾਉਣ ਵਾਲਾ ਸੀ.... ਸ਼ਰੀਫ ਘਰਾਂ ਦੇ ਗੁਰਸਿੱਖ ਮੁੰਡੇ ਪੁਲਸੀਆ ਕਹਿਰ ਦਾ ਸ਼ਿਕਾਰ ਇਸੇ ਕਰਕੇ ਹੋ ਰਹੇ ਸਨ ਕਿਉਂਕਿ ਉਹ ਅੰਮ੍ਰਿਤਧਾਰੀ ਸਨ.... ਜਿਥੇ ਕੁਝ ਵਿਚਾਰੇ ਪੈਸੇ-ਪੂਸੇ ਦੇ ਕੇ ਛੁੱਟ ਜਾਂਦੇ ਤੇ ਕਈ ਥਾਣਿਆਂ 'ਚ ਚੰਮ ਲਹਾਉਂਦੇ ਦਮ ਤੋੜ ਜਾਂਦੇ ਤੇ ਉਹਨਾਂ ਦੀਆਂ ਲਾਸ਼ਾਂ ਨੂੰ ਕਿਸੇ ਨਹਿਰ ਦੇ ਪੁਲ 'ਤੇ ਲਿਜਾ ਕੇ ਪੁਲਿਸ ਮੁਠਭੇੜ ਵਿਚ ਮਰਿਆ ਵਿਖਾਇਆ ਜਾਂਦਾ ਤੇ ਤਰੱਕੀਆਂ ਲੈਣ ਦਾ ਰਾਹ ਖੋਲ੍ਹਿਆ ਜਾਂਦਾ....

ਜਿਹੜੇ ਵਾਰ-ਵਾਰ ਦੇ ਇਸ ਕੁੱਟ-ਕੁਟਾਪੇ ਤੋਂ ਤੰਗ ਆ ਜਾਂਦੇ ਉਹ ਅੱਕ ਕੇ ਖਾੜਕੂ ਲਹਿਰ ਵਿੱਚ ਸ਼ਾਮਿਲ ਹੋ ਜਾਂਦੇ।

ਖਾੜਕੂ ਬਣਨ ਵਾਲੇ ਇਹ ਮੁੰਡੇ ਤਿੰਨ ਕਿਸਮ ਦੇ ਸਨ... ਇੱਕ ਉਹ ਜਿਹੜੇ ਅਣਖ ਤੇ ਇੱਜ਼ਤ ਦੀ ਰਾਖੀ ਲਈ ਘਰ ਛੱਡ ਕੇ ਤੁਰੇ ਸਨ... ਦੂਜੇ ਉਹ ਜਿਹੜੇ ਪੁਲਸੀਆ ਕਹਿਰ ਦੇ ਸਤਾਏ ਰੂਪੋਸ਼ ਹੋ ਗਏ ਸਨ ਤੇ ਇੱਕ ਤੀਜੀ ਕਿਸਮ ਸੀ ਜਿਹੜੀ ਕੈਟ ਅਖਵਾਉਂਦੀ ਸੀ ਇਹ ਉਹ ਸਨ ਜੋ ਪੁਲਿਸ ਦੇ ਇਸ਼ਾਰੇ 'ਤੇ ਜਾਂ ਕਿਸੇ ਲਾਲਚ ਵੱਸ ਲਹਿਰ ਦਾ ਹਿੱਸਾ ਬਣਦੇ ਸਨ...

ਖ਼ੈਰ ਜਿੱਥੇ ਇਹ ਦੌਰ ਸਿੱਖ ਸੰਘਰਸ਼ ਦਾ ਫੈਸਲਾਕੁੰਨ ਦੌਰ ਸੀ ਉਥੇ ਇਹ ਵੀ ਸੱਚਾਈ ਹੈ ਕਿ ਇਸ ਦੌਰ ਵਿੱਚ ਸਿੱਖ ਖਾੜਕੂ ਲਹਿਰ ਨੂੰ ਕੈਟਾਂ ਦੀ ਵਜ੍ਹਾ ਕਰਕੇ ਇੱਕ ਵੱਡੀ ਢਾਹ ਵੀ ਲੱਗ ਚੁੱਕੀ ਸੀ....

...............

ਰੀਤ ਕਈ ਦਿਨਾਂ ਬਾਅਦ ਅੱਜ ਯੂਨੀਵਰਸਿਟੀ ਆਈ ਸੀ, ਚਿਹਰੇ ਤੇ ਪਹਿਲਾਂ ਵਾਲੀ ਨਾ ਰੌਣਕ ਸੀ ਨਾ ਹੌਂਸਲਾ... ਵੇਖਕੇ ਏਦਾਂ ਲੱਗਦਾ ਸੀ ਜਿਵੇਂ ਕਿਸੇ ਨੂੰ ਜ਼ਿੰਦਾ ਰਹਿਣ ਦੀ ਸਜ਼ਾ ਮਿਲੀ ਹੋਵੇ ਤੇ ਉਹ ਮਜ਼ਬੂਰੀ ਵੱਸ ਇਹ ਸਜ਼ਾ ਭੁਗਤ ਰਿਹਾ ਹੋਵੇ....

ਚਿਹਰੇ ਤੇ ਇੱਕ ਬੇਰੁਖੀ ਜੀ ਛਾਈ ਹੋਈ ਸੀ.... ਪਲਕਾਂ ਵਿੱਚ ਸੁੱਕ ਚੁੱਕੇ ਹੰਝੂ ਸਾਫ਼ ਦੇਖੇ ਜਾ ਸਕਦੇ ਸਨ... ਚਿਹਰੇ ਦਾ ਰੰਗ ਪੀਲਾ ਜਰਦ ਹੋ ਚੁੱਕਿਆ ਸੀ... ਅੱਖਾਂ ਵਿੱਚ ਪਹਿਲਾਂ ਵਾਲੀ ਚਮਕ ਦੀ ਜਗ੍ਹਾ ਕੁਝ ਗੁਆਚੇ ਹੋਏ ਸੁਪਨੇ ਸਨ ਜਿਹੜੇ ਸਮੇਂ ਦੀ ਗ਼ਰਦਿਸ਼ ਵਿੱਚ ਦਫ਼ਨ ਹੋ ਚੁੱਕੇ ਸਨ.... ਸ਼ਾਇਦ ਅਦੀਬ ਨੇ ਉਸ ਬਦਕਿਸਮਤ ਬਾਰੇ ਹੀ ਲਿਖਿਆ ਹੋਵੇ:

*ਹੋ ਗਿਆ ਸੀ ਉਹ ਉਸ ਦਿਨ ਬਹੁਤ ਹੀ ਉਦਾਸ*
*ਉਸ ਉਦਾਸੀ ਦਾ ਕੋਈ ਕਿਨਾਰਾ ਨਾ ਸੀ*
*ਨਾ ਖੁਦਾ ਸੀ, ਨਾ ਰਹਿਬਰ, ਨਾ ਮਹਿਬੂਬ ਸੀ,*
*ਉਸਨੂੰ ਕੋਈ ਕਿਸੇ ਦਾ ਸਹਾਰਾ ਨਾ ਸੀ।*

*(ਪਾਤਰ)*

ਗੀਤ ਅਸਲੋਂ ਈ ਟੁੱਟ ਚੁੱਕੀ ਸੀ.........

"....ਕਿਦਾਂ ਹੈ ਤੂੰ ਹੁਣ ਗੀਤ....???ਕੁਛ ਮੰਗਾਵਾਂ ਚਾਹ ਵਗੈਰਾ...." ਸ਼ਵਿੰਦਰ ਨੇ ਪਾਰਕ ਵਿੱਚ ਬੈਠੀ ਗੀਤ ਦੇ ਕੋਲ਼ ਬੈਠਦਿਆਂ ਕਿਹਾ....ਜਿੱਥੇ ਕਦੇ ਇਹਨਾਂ ਨਾਲ ਗੁਰਸ਼ੇਰ ਵੀ ਘੰਟਿਆਂ ਬੱਧੀ ਬੈਠਾ ਰਹਿੰਦਾ ਸੀ......

"....ਨਹੀਂ ਵੀਰੇ... ਬੱਸ ਕੁਛ ਨੀਂ ਪੀਣਾ.... ਹੋਰ ਕਿਵੇਂ ਆਂ ਤੇਰੀ ਪੜ੍ਹਾਈ..." ਗੀਤ ਨੇ ਧੀਮੀ ਜੀ ਆਵਾਜ਼ ਵਿੱਚ ਪੁੱਛਿਆ....

ਪੜ੍ਹਾਈ ਤਾਂ ਕਾਹਦੀ ਆ ਭੈਣੇ... ਅਜੇ ਤਾਂ ਗੁਰਸ਼ੇਰ ਈ ਨੀਂ ਅੱਖਾਂ ਤੋਂ ਪਰੇ ਹੁੰਦਾ... ਸ਼ਵਿੰਦਰ ਨੇ ਭਾਵੁਕ ਹੁੰਦਿਆਂ ਕਿਹਾ....

ਉਸ ਚੰਦਰੇ ਨੇ ਤਾਂ ਜਵਾਂ ਈ ਕੱਖੋਂ ਹੌਲ਼ੇ ਕਰਤਾ.... ਜ਼ਿੰਦਗੀ ਵਿੱਚ ਇੱਕ ਤੂਫ਼ਾਨ ਦੀ ਤਰ੍ਹਾਂ ਆਇਆ ਤੇ ਹਨੇਰੀ ਦੀ ਤਰ੍ਹਾਂ ਚਲਿਆ ਗਿਆ... ਤੇ ਮੈਂ .... ਤੇ ਮੈਂ... ਇੱਕ ਟੁੱਟੇ ਪੱਤੇ ਵਾਂਗ ਉਹਦੇ ਨਾਲ ਉੱਡਦੀ ਚਲੀ ਗਈ ਤੇ ਅੱਜ .....!!!

ਗੀਤ ਦਾ ਰੋਣ ਨਿਕਲ ਗਿਆ, ਉਹਦੇ ਤੋਂ ਗੱਲ ਪੂਰੀ ਨਹੀਂ ਹੋ ਰਹੀ ਸੀ....

ਚਿੱਤ ਨਾ ਖ਼ਰਾਬ ਕਰ ਭੈਣੇ.... ਸ਼ਾਇਦ ਰੱਬ ਨੂੰ ਇਹੋ ਮੰਨਜ਼ੂਰ ਸੀ... ਊਂ ਮੈਨੂੰ ਪੁਲਿਸ ਵੱਲੋਂ ਘੜੀ ਗੁਰਸ਼ੇਰ ਦੀ ਫਰਾਰੀ ਵਾਲੀ ਕਹਾਣੀ ਬਿਲਕੁਲ ਝੂਠੀ ਲਗਦੀ ਆ.... ਪੁਲਿਸ ਹਿਰਾਸਤ 'ਚੋਂ ਭੱਜਣਾ ਬਹੁਤ ਔਖਾ ਭੈਣੇ.... ਹਾਂ ਕਈ ਵਾਰ ਏਦਾਂ ਤਾਂ ਹੋਇਆ ਬਈ ਮੁੰਡਿਆਂ ਨੂੰ ਖਾੜਕੂ ਛੁਡਾ ਲੈਂਦੇ ਆ

ਹਮਲਾ ਕਰਕੇ... ਪਰ ਗੁਰਸ਼ੇਰ ਦੇ ਤਾਂ ਕਿਸੇ ਨਾਲ ਕੋਈ ਸਬੰਧ ਹੀ ਨਹੀਂ ਸੀ... ਆਪਣੇ ਨਾਲ ਈ ਰਹਿੰਦਾ ਸੀ ਪਤਾ ਈ ਆ ਕਿੱਦਾਂ ਦਾ ਸੀ... ਮੈਨੂੰ ਤਾਂ ਲਗਦਾ ਪੁਲਿਸ ਹੱਥੋਂ ਇੰਟੈਰੋਗੇਸ਼ਨ ਦੌਰਾਨ ਉਹਦੀ...!!! ਗੀਤ ਦੇ ਰੋਣ ਦੇ ਡਰੋਂ ਸ਼ਵਿੰਦਰ ਚੁੱਪ ਕਰ ਗਿਆ...

ਹਾਂ ਵੀਰ... ਮੈਨੂੰ ਵੀ ਲੱਗਦਾ ਪੁਲਿਸ ਹੱਥੋਂ ਇੰਟੈਰੋਗੇਸ਼ਨ ਸੈਂਟਰ ਵਿਚ ਗੁਰਸ਼ੇਰ ਦੀ ਮੌਤ ਹੋ ਗਈ ਹੋਵੇਗੀ ਤੇ ਇਹਨਾਂ ਨੇ ਕੋਈ ਸਿਆਪਾ ਗਲ ਪੈਣ ਦੇ ਡਰੋਂ ਉਹਦੀ ਲਾਸ਼ ਕਿਤੇ ਸੁੱਟ ਦਿੱਤੀ ਹੋਵੇਗੀ ਤੇ ਆਹ ਕਹਾਣੀ ਪ੍ਰੈਸ ਨੂੰ ਸੁਣਾ ਦਿੱਤੀ ਬਈ ਉਹ ਫਰਾਰ ਹੋ ਗਿਆ...

ਗੀਤ ਨੇ ਸ਼ਵਿੰਦਰ ਦਾ ਇਸ਼ਾਰਾ ਸਮਝਦਿਆਂ.... ਪੱਥਰ ਜੇ ਦਿਲ ਨਾਲ ਆਪਣੇ ਅੰਦਰਲੇ ਡਰ ਨੂੰ ਪ੍ਰਗਟ ਕੀਤਾ...

"... ਤੂੰ ਆਪਣੀ ਅਗਲੀ ਜ਼ਿੰਦਗੀ ਬਾਰੇ ਕੀ ਸੋਚਿਆ ਭੈਣ...??? ਸ਼ਵਿੰਦਰ ਨੇ ਗੀਤ ਨੂੰ ਪੁੱਛਿਆ...

ਅਜੇ ਤਾਂ ਕੁਛ ਨੀਂ ਸੋਚਿਆ ਵੀਰ.... ਸੋਚਣਾ ਵੀ ਕੀ ਆ....!!! ਮੈਂ ਗੁਰਸ਼ੇਰ ਦੀਆਂ ਯਾਦਾਂ ਵਿੱਚ ਮੌਤ ਵਰਗੀ ਜ਼ਿੰਦਗੀ ਗੁਜ਼ਾਰ ਦਿਆਂਗੀ... ਗੀਤ ਨੇ ਹੌਂਕਾ ਲੈਂਦਿਆਂ ਕਿਹਾ...

ਭੈਣੇ ਮਰਨ ਵਾਲਿਆਂ ਦੇ ਨਾਲ ਮਰਿਆ ਨਹੀਂ ਜਾਂਦਾ... ਜਿਉਂਦਿਆਂ ਦੇ ਨਾਲ ਜਿਉਣਾ ਪੈਂਦਾ ਹੈ... ਇਹ ਸਮਝ ਲੈ ਕਿ ਉਹਦੇ ਨਾਲ ਸਾਂਝ ਐਨੀ ਕੁ ਸੀ... ਸ਼ਵਿੰਦਰ ਨੇ ਦਿਲਾਸਾ ਦਿੱਤਾ....

ਮੈਨੂੰ ਇੱਕੋ ਝੋਰਾ ਹੈ ਵੀਰ... ਮੈਂ ਆਖਰੀ ਵਾਰ ਗੁਰੀ ਨੂੰ ਵੇਖ ਵੀ ਨਾ ਸਕੀ... ਜੇ ਕਿਤੇ ਪੁਲਸ ਆਲੇ ਕਿਸੇ ਮੁਕਾਬਲੇ 'ਚ ਮਾਰਿਆ ਈ ਵਿਖਾ ਦਿੰਦੇ ਤਾਂ ਮੈਂ ਚੰਦਰੀ ਓਹਦੀ ਲਾਸ਼ ਤਾਂ ਵੇਖ ਲੈਂਦੀ... ਪਰ.... ਪੁਲਸ ਨੇ ਤਾਂ ਜਵਾਂ ਈ ਹੱਦ ਕਰਤੀ... ਕਹਿੰਦੇ ਭੱਜ ਗਿਆ ਗੁਰਸ਼ੇਰ... ਪਾਕਿਸਤਾਨ, ਅੱਤਵਾਦ ਦੀ ਟ੍ਰੇਨਿੰਗ ਲੈਣ... ਗੀਤ ਨੇ ਹੰਝੂ ਪੂੰਝਦਿਆਂ ਆਖਿਆ...

ਤੇਰੇ ਪਾਪਾ ਕੀ ਕਹਿੰਦੇ ਨੇ ਗੀਤ...??? ਸ਼ਵਿੰਦਰ ਨੇ ਪੁੱਛਿਆ...

ਪਾਪਾ ਵੀ ਦੁਖੀ ਨੇ ਵੀਰ... ਉਹ ਕਹਿੰਦੇ ਮੈਨੂੰ ਮਿਲਿਆ ਸੀ ਮੁੰਡਾ, ਚੰਗਾ ਲੱਗਦਾ ਸੀ ਦੇਖਣ ਨੂੰ ਤਾਂ... ਪਰ ਆਹ ਕੀ ਉਹਦੇ ਅੱਤਵਾਦੀਆਂ ਨਾਲ ਸਬੰਧ ਨਿਕਲੇ... ਉਹ ਛੁਡਾ ਕੇ ਲੈ ਗਏ ਉਹਨੂੰ... ਪਾਪਾ ਕਹਿੰਦੇ, ਗੀਤ ਮੈਂ ਤੈਨੂੰ ਪਹਿਲਾਂ ਅਗਾਹ ਕੀਤਾ ਸੀ ਬਈ ਗੁਰਸ਼ੇਰ ਕਿਸੇ ਅੱਤਵਾਦੀ ਜਥੇਬੰਦੀ ਦੇ ਇਸ਼ਾਰੇ 'ਤੇ ਵਰਗਲ਼ਾ ਨਾ ਰਿਹਾ ਹੋਵੇ... ਪਾਪਾ ਤਾਂ ਇਹ ਸੋਚਦੇ ਨੇ ਬਈ ਉਹ ਸੱਚਮੁੱਚ ਪਾਕਿਸਤਾਨ ਚਲਿਆ ਗਿਆ ਟ੍ਰੇਨਿੰਗ ਲੈਣ... ਪਰ ਮੈਨੂੰ ਪਤਾ

ਮੇਰਾ ਗੁਰੀ ਏਦਾਂ ਦਾ ਨਹੀਂ ਸੀ...

ਸਮਾਂ ਆਪਣੀ ਚਾਲ ਚੱਲਦਾ ਗਿਆ... ਮਹੀਨੇ ਕੁ ਬਾਅਦ ਪੰਜਾਬ ਪੁਲਿਸ ਵੱਲੋਂ ਇੱਕ ਬਿਆਨ ਛਪਿਆ ਜੀਹਨੂੰ ਪੜ੍ਹਕੇ ਲੋਕਾਂ ਦੇ ਬੁੱਲ੍ਹ ਟੁੱਕੇ ਗਏ...

"ਭਗੌੜਾ ਅੱਤਵਾਦੀ ਗੁਰਸ਼ੇਰ ਸਿੰਘ ਸਰਹੱਦ ਪਾਰੋਂ ਪੰਜਾਬ 'ਚ ਘੁਸਿਆ... ਖੁਫ਼ੀਆ ਸੂਤਰਾਂ ਮੁਤਾਬਿਕ ਗੁਰਸ਼ੇਰ ਸਿੰਘ ਨੇ ਇੱਕ ਅੱਤਵਾਦੀ ਜਥੇਬੰਦੀ ਵੀ ਬਣਾਈ"

ਅੱਗੇ ਖ਼ਬਰ ਦੀ ਤਫਸੀਲ ਸੀ ਕਿ ਪੰਜਾਬ ਪੁਲਿਸ ਨੂੰ ਕਈ ਕੇਸਾਂ ਵਿੱਚ ਲੋੜੀਂਦਾ ਅੱਤਵਾਦੀ ਗੁਰਸ਼ੇਰ ਸਿੰਘ ਪਾਕਿਸਤਾਨ ਤੋਂ ਟ੍ਰੇਨਿੰਗ ਲੈ ਕੇ ਪੰਜਾਬ ਪਰਤ ਆਇਆ ਹੈ... ਆਪਣੇ ਦੇਸ਼ ਵਿਰੋਧੀ ਖ਼ਤਰਨਾਕ ਮਨਸੂਬਿਆਂ ਨੂੰ ਅੰਜ਼ਾਮ ਦੇਣ ਲਈ ਉਸਨੇ ਆਪਣੀ ਅੱਤਵਾਦੀ ਜਥੇਬੰਦੀ 'ਦਸਮੇਸ਼ ਰਜਮੈਂਟ' ਬਣਾ ਲਈ ਹੈ, ਜੀਹਦੇ ਵਿੱਚ ਭੋਲ਼ੇ ਭਾਲ਼ੇ ਸਿੱਖ ਨੌਜਵਾਨਾਂ ਨੂੰ ਸ਼ਾਮਲ ਕਰਕੇ ਅੱਤਵਾਦੀ ਗਤੀਵਿਧੀਆਂ ਲਈ ਉਕਸਾਇਆ ਜਾ ਰਿਹਾ ਹੈ...

ਖ਼ਬਰ ਗੁਰਸ਼ੇਰ ਦੇ ਮਾਂ-ਪਿਓ ਨੇ ਵੀ ਪੜ੍ਹੀ, ਗੀਤ, ਸ਼ਵਿੰਦਰ ਹੁਰਾਂ ਨੇ ਵੀ..... ਕਹਾਣੀ ਵਿੱਚ ਨਵਾਂ ਮੋੜ ਆ ਗਿਆ ਸੀ.....

ਸ਼ਵਿੰਦਰ ਤੈਨੂੰ ਕੀ ਲੱਗਦਾ.....??? ਖਾੜਕੂ ਗੁਰੀ ਨੂੰ ਸੱਚਮੁੱਚ ਛੁਡਾ ਕੇ ਲੈ ਗਏ ਹੋਣਗੇ....!!! ਕੀ ਉਹਦੇ ਖਾੜਕੂਆਂ ਨਾਲ ਉਦੋਂ ਵੀ ਸੰਬੰਧ ਸੀ ਜਦੋਂ ਉਹ ਆਪਾਂ ਨੂੰ ਮਿਲਦਾ ਹੁੰਦਾ ਸੀ....??? ਗੀਤ ਡਾਢੀ ਪ੍ਰੇਸ਼ਾਨ ਸੀ....

ਪਤਾ ਨੀਂ ਭੈਣ ਮੈਂ ਤਾਂ ਆਪ ਹੈਰਾਨ ਹਾਂ.... ਉਦੋਂ ਗੁਰੀ ਦੇ ਕਿਸੇ ਨਾਲ ਕੋਈ ਸੰਬੰਧ ਨਹੀਂ ਸੀ, ਮੈਂ ਇਹਦੇ ਬਾਰੇ ਪੱਕਾ ਕਹਿ ਸਕਦਾ ਹਾਂ.... ਓਦਾਂ ਗੁਰੀ ਦੀ ਸੋਚ ਖਾੜਕੂਪੱਖੀ ਜਰੂਰ ਸੀ ਪਰ ਉਹਦਾ ਹਥਿਆਰਬੰਦ ਸੰਘਰਸ਼ ਨਾਲ ਵਾਹ-ਵਾਸਤਾ... ਮੈਨੂੰ ਤਾਂ ਆਪ ਹੈਰਾਨੀ ਹੁੰਦੀ ਆ.... ਹਾਂ ਇਹ ਹੋ ਸਕਦਾ ਬਈ ਗੁਰੀ ਪੁਲਿਸ ਦੀ ਜ਼ਾਲਮਾਨਾ ਕੁੱਟ ਤੋਂ ਤੰਗ ਆ ਕੇ ਕਿਸੇ ਤਰੀਕੇ ਭੱਜਣ 'ਚ ਕਾਮਯਾਬ ਹੋ ਗਿਆ ਹੋਵੇ ਤੇ ਬਾਅਦ 'ਚ ਖਾੜਕੂਆਂ 'ਚ ਰਲ਼ ਗਿਆ ਹੋਵੇ... ਸ਼ਵਿੰਦਰ ਨੇ ਅਖਬਾਰ ਦੀ ਸੁਰਖੀ ਤੇ ਨਜ਼ਰ ਗੱਡਦਿਆਂ ਕਿਹਾ....

ਸ਼ਵਿੰਦਰ ਜੇ ਓਹਦੇ ਕਿਸੇ ਨਾਲ ਸਬੰਧ ਹੁੰਦੇ ਵੀ ਤਾਂ ਉਹਨੇ ਮੇਰੇ ਕੋਲੋਂ ਨਹੀਂ ਛੁਪਾਉਣੇ ਸਨ... ਓਦਾਂ ਵੀ ਉਹ ਬੜੀ ਬੇਬਾਕੀ ਨਾਲ ਖਾੜਕੂ ਸੰਘਰਸ਼ ਦੀ ਹਮਾਇਤ ਕਰਦਾ ਸੀ ਤੇ, ਮੈਂ ਤੇ ਤੂੰ ਓਹਦੇ ਨਾਲ ਦਿਲੋਂ ਸਹਿਮਤ ਵੀ ਸੀ... ਫਿਰ ਉਹ ਕਿਉਂ ਛੁਪਾਉਂਦਾ....ਖਾਸ ਕਰਕੇ ਮੇਰੇ ਕੋਲੋਂ ਜੀਹਨੇ ਉਹਨੂੰ ਆਪਣਾ ਹਮਸਫ਼ਰ ਚੁਣ ਲਿਆ ਸੀ.... ਗੀਤ ਨੇ ਗੰਭੀਰ ਹੁੰਦਿਆਂ ਕਿਹਾ....

ਕਿਉਂ ਨੀਂ ਛੁਪਾ ਸਕਦਾ ਸੀ ਗੀਤ....??? ਆਖ਼ਰ ਤੂੰ ਡੀ.ਐਸ.ਪੀ. ਦੀ ਕੁੜੀ ਸੀ....!!! ਹੋ ਸਕਦਾ ਗੁਰੀ ਭੇਦ ਰੱਖ ਗਿਆ ਹੋਵੇ... ਸ਼ਵਿੰਦਰ ਨੇ ਗੀਤ ਦਾ ਚਿਹਰਾ ਪੜ੍ਹਦਿਆਂ ਆਖਿਆ...

ਨਹੀਂ ਸ਼ਵਿੰਦਰ ਗੁਰੀ ਵੀ ਮੈਨੂੰ ਓਨਾਂ ਈ ਪਿਆਰ ਕਰਦਾ ਸੀ ਜਿੰਨਾਂ ਮੈਂ ਉਹਨੂੰ... ਪਿਆਰ ਤੇ ਭੇਦ ਦਾ ਕੀ ਮੇਲ....!!! ਨਹੀਂ....ਗੁਰੀ ਦੇ ਉਸ ਸਮੇਂ ਕਿਸੇ ਖਾੜਕੂ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਸੀ, ਮੈਨੂੰ ਪੱਕਾ ਯਕੀਨ ਆਂ.... ਹਾਂ ਪੁਲਿਸ ਦੀ ਕੁੱਟ ਤੋਂ ਤੰਗ ਆ ਕੇ ਉਹਨੇ ਕੋਈ ਫੈਸਲਾ ਲੈ ਲਿਆ ਹੋਵੇ ਤਾਂ ਪਤਾ ਨੀਂ.... ਪਰ ਫਿਰ ਵੀ ਘੱਟੋ-ਘੱਟ ਉਹ ਮੈਨੂੰ ਕੋਈ ਸੁਨੇਹਾ ਤਾਂ ਭੇਜਦਾ.. ਕੀ ਉਹਨੂੰ ਅੰਦਾਜ਼ਾ ਨਹੀਂ ਹੋਣਾ.... ਮੇਰਾ ਉਹਦੇ ਬਿਨਾਂ ਕੀ ਹਸ਼ਰ ਐ... ਗੀਤ ਨੇ ਰਲਵਾਂ-ਮਿਲਵਾਂ ਪ੍ਰਤੀਕਰਮ ਕੀਤਾ....

............

ਪੰਜਾਬ ਦੇ ਹਾਲਾਤ ਕਾਫ਼ੀ ਖ਼ਰਾਬ ਹੋ ਚੁੱਕੇ ਸਨ... ਪੁਲਸ ਦੇ ਕੈਟ ਪੂਰੀ ਤਰ੍ਹਾਂ ਸਰਗਰਮ ਸਨ... ਪਰ ਅਜੇ ਇਹਨਾਂ ਕੈਟਾਂ ਦੀ ਮੌਜੂਦਗੀ ਬਾਰੇ ਪਤਾ ਸਿਰਫ਼ ਪੁਲਸ ਤੇ ਸਰਕਾਰ ਨੂੰ ਸੀ ਜਾਂ ਫਿਰ ਉਹਨਾਂ ਭਲੇਮਾਣਸਾਂ ਨੂੰ ਜੋ ਕੈਟ ਬਣੇ ਹੋਏ ਸਨ.... ਆਮ ਜਨਤਾ ਨੂੰ ਇਸ ਨਵੇਂ ਵਰਤਾਰੇ ਬਾਰੇ ਕੋਈ ਜਾਣਕਾਰੀ ਨਹੀਂ ਸੀ...... ਆਮ ਲੋਕਾਂ ਦੀ ਭਾਸ਼ਾ ਵਿੱਚ ਤਾਂ 'ਯਾਰ ਇਹ ਖਾੜਕੂ ਚੰਗੇ ਭਲੇ ਜੂਝਦੇ-ਜੂਝਦੇ ਕਿੱਧਰ ਪੁੱਠੇ ਰਾਹੀਂ ਪੈ ਤੁਰੇ' ਕਿਹਾ ਜਾਣ ਲੱਗਿਆ ਸੀ....

ਜਦੋਂ ਪੁਲਸ ਤੇ ਸਰਕਾਰ ਦੇ ਜ਼ੁਲਮਾਂ ਤੋਂ ਤੰਗ ਆ ਕੇ.... ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨਾਂ ਤੇ ਪਹਿਰਾ ਦੇ ਰਹੇ ਜੁਝਾਰੂ ਗਰੁੱਪਾਂ ਵੱਲ ਪੰਜਾਬ ਦੇ ਲੋਕਾਂ ਦੀ ਭੀੜ ਉਮੜੀ ਸੀ ਤਾਂ ਸਰਕਾਰ ਨੂੰ ਕਾਂਬਾ ਛਿੜ ਪਿਆ ਸੀ.... ਭਾਈ ਗੁਰਦੇਵ ਸਿੰਘ ਜੀ ਕਾਉਂਕੇ ਵਰਗੇ ਸਿੰਘ ਜਦੋਂ ਕਚਹਿਰੀ ਲਾ ਕੇ ਬੈਠਦੇ ਤੇ ਲੋਕਾਂ ਨੂੰ ਸਹੀ-ਸਹੀ ਇਨਸਾਫ਼ ਮਿਲਣ ਲੱਗਿਆ ਤਾਂ ਖਾਖੀ ਵਰਦੀ ਵਾਲੇ ਵਜੂਦ ਕੰਬ ਉਠੇ... ਜਦੋਂ ਵੀਹ-ਵੀਹ ਸਾਲਾਂ ਦੀਆਂ ਛੱਡੀਆਂ ਔਰਤਾਂ ਦਾਜ਼ ਦੇ ਲੋਭੀਆਂ ਦੇ ਘਰੀਂ ਦੁਬਾਰਾ ਵਸਾਈਆਂ ਸਿੰਘਾਂ ਨੇ.... ਜਿੰਨ੍ਹਾਂ ਲਈ ਪੁਲਸ ਨੇ ਹੱਥ ਖੜ੍ਹੇ ਕਰ ਦਿੱਤੇ ਸਨ ਤਾਂ ਪੰਜਾਬ ਦੇ ਲੋਕਾਂ ਨੇ ਸਿੰਘਾਂ ਦੀ ਖੁੱਲ੍ਹ ਕੇ ਹਮਾਇਤ ਕਰਨੀ ਆਰੰਭ ਕਰ ਦਿੱਤੀ ਸੀ... ਲੋਕ ਬੜੀ ਸ਼ਰਧਾ ਨਾਲ ਖਾੜਕੂਆਂ ਦੇ ਚਰਨ ਆਪਣੇ ਘਰਾਂ ਵਿੱਚ ਪੁਆਉਂਦੇ ਤੇ ਪ੍ਰਸ਼ਾਦਾ ਛਕਾਉਂਦੇ.... ਸਿੰਘਾਂ ਨੂੰ ਦਸਮੇਸ਼ ਪਿਤਾ ਦੇ ਬਹਾਦਰ ਪੁੱਤਰ ਕਹਿ ਕੇ ਵਡਿਆਉਂਦੇ....

.... ਤਾਂ ਸਰਕਾਰ ਨੂੰ ਕੁਝ ਸੋਚਣ ਲਈ ਮਜ਼ਬੂਰ ਹੋਣਾ ਪਿਆ....

ਜਦੋਂ ਖਾਖੀ ਵਰਦੀ ਬਦਨਾਮ ਹੋ ਗਈ ਤਾਂ ਫਿਰ ਵਾਰੀ.... ਵਰਦੀ ਲਾਹ ਕੇ ਚੋਲ਼ੇ ਪਾਉਣ ਦੀ ਆ ਗਈ... ਤਾਂ ਜੋ ਹੁਣ ਚੋਲ਼ਿਆਂ ਨੂੰ ਵੀ ਬਦਨਾਮ ਕੀਤਾ ਜਾ ਸਕੇ.... ਸਰਕਾਰ ਨੂੰ ਪੂਰਾ ਯਕੀਨ ਸੀ ਕਿ ਜਿਨ੍ਹਾਂ ਸਖਸ਼ਾਂ ਨੇ ਵਰਦੀ ਬਦਨਾਮ ਕਰ ਦਿੱਤੀ ਹੈ ਉਹ ਚੋਲ਼ੇ ਬਦਨਾਮ ਵੀ ਛੇਤੀ ਹੀ ਕਰ ਦੇਣਗੇ....

ਮੈਨੂੰ ਪਾਤਰ ਦੀ ਕਵਿਤਾ ਦੀਆਂ ਬੜੀਆਂ ਢੁਕਵੀਆਂ ਲਾਇਨਾਂ ਯਾਦ ਆ ਰਹੀਆਂ ਹਨ:

*ਹੋ ਗਿਆ ਅੱਤ ਬਦਨਾਮ ਜਦ ਚੋਰ ਕਿਸੇ ਦਾ ਵੇਸ*
*ਚੋਰ ਪਹਿਨ ਫਿਰ ਨਿਕਲਿਆ ਹੋਰ ਕਿਸੇ ਦਾ ਵੇਸ*
*ਮਤ ਸਮਝੀਂ ਮੈਂ ਉਹੀ ਹਾਂ ਰਹੀਂ ਜਰਾ ਹੁਸ਼ਿਆਰ*
*ਮੇਰਾ ਚਿਹਰਾ ਪਹਿਨ ਕੇ ਕਰੇ ਜੇ ਕਾਤਿਲ ਵਾਰ*

................

ਗੀਤ...!!! ਅੱਜ ਦੇ ਅਖ਼ਬਾਰ ਵਿਚ ਗੁਰਸ਼ੇਰ ਦਾ ਬਿਆਨ ਛਪਿਆ ਆਹ ਵੇਖ... ਸ਼ਵਿੰਦਰ ਨੇ ਅਖ਼ਬਾਰ ਗੀਤ ਨੂੰ ਵਿਖਾਉਂਦਿਆ ਕਿਹਾ...

ਕੀ ਬਿਆਨ ਛਪਿਆ ਸ਼ਵਿੰਦਰ...??? ਗੁਰੀ ਚੰਦਰਾ ਆਪਾਂ ਨੂੰ ਤਾਂ ਭੁੱਲ ਈ ਗਿਆ, ਕਿਤੇ ਉਹਨੂੰ ਮੇਰੀ ਯਾਦ ਨੀਂ ਆਉਂਦੀ ਹੋਵੇਗੀ... ਗੀਤ ਨੇ ਬਿਆਨ ਦੇਖਦਿਆਂ ਆਖਿਆ...

ਭੈਣੇ ਉਹਦੀ ਯਾਰੀ ਤਾਂ ਹੁਣ ਏ.ਕੇ. ਸੰਤਾਲੀ ਨਾਲ ਪੈ ਗਈ.... ਹੁਣ ਅਸੀਂ ਉਹਦੇ ਕੀ ਯਾਦ ਆਉਣਾ... ਬਿਆਨ 'ਚ ਛਪਿਆ ਬਈ...

'ਦਸਮੇਸ਼ ਰਜਮੈਂਟ ਨੇ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜ਼ਾਰੀ ਰੱਖਣ ਦਾ ਐਲਾਨ ਕੀਤਾ'

ਆਹ ਹੋਰ ਵੀ ਕਈ ਖ਼ਬਰਾਂ ਛਪੀਆਂ ਨੇ.... ਗੀਤ, ਮਾਹੌਲ ਜਾ ਵਾਹਵਾ ਵਿਗੜ ਗਿਆ...

ਆਹ ਵੇਖ...'ਫਲਾਣੇ ਮੰਦਰ ਵਿੱਚ ਗਾਂ ਦਾ ਸਿਰ ਮਿਲਿਆ, ਫਲਾਣੀ ਜਥੇਬੰਦੀ ਨੇ ਜ਼ੁੰਮੇਵਾਰੀ ਲਈ....'

'ਸਕੂਲ ਜਾਂਦਾ ਹਿੰਦੂਆਂ ਦਾ ਬੱਚਾ ਅਗਵਾ, ਖਾੜਕੂਆਂ ਨੇ ਵੀਹ ਲੱਖ ਰੁਪਏ ਫਿਰੌਤੀ ਦੀ ਮੰਗ ਕੀਤੀ, ਇਸ ਘਟਨਾ ਪਿੱਛੇ ਦਸਮੇਸ਼ ਰਜਮੈਂਟ ਦਾ ਹੱਥ ਹੋਣ ਦਾ ਸ਼ੱਕ....

ਸ਼ਵਿੰਦਰ... ਗੁਰੀ ਏਦਾਂ ਨਹੀਂ ਕਰ ਸਕਦਾ...!!! ਉਹ ਕਿਸੇ ਧਰਮ ਦੇ ਖਿਲਾਫ਼ ਨਹੀਂ ਸੀ... ਗੀਤ ਨੇ ਇਸ ਖ਼ਬਰ ਤੇ ਪ੍ਰਤੀਕਰਮ ਕੀਤਾ....

ਭੈਣੇ ਪੈਸਿਆਂ ਦੀ ਲੋੜ ਤਾਂ ਰਹਿੰਦੀ ਓਈ ਹੋਣੀ ਆਂ ਸੰਘਰਸ਼ 'ਚ....

ਕੀ ਪਤਾ ਰੱਬ ਨੂੰ ਈ ਪਤਾ... ਸ਼ਵਿੰਦਰ ਨੇ ਅਖ਼ਬਾਰ ਫਰੋਲ਼ਦਿਆਂ ਆਖਿਆ...

ਆਹ ਵੇਖ... ਕੋਟਕਪੂਰੇ ਤੋਂ ਖ਼ਬਰ ਛਪੀ ਆ 'ਦੋ ਹਿੰਦੂਆਂ ਦੀ ਹੱਤਿਆ, ਦਸਮੇਸ਼ ਰਜਮੈਂਟ ਦਾ ਜ਼ੁੰਮੇਵਾਰੀ ਪੱਤਰ ਵੀ ਮਿਲਿਆ'

ਸ਼ਵਿੰਦਰ ਸਾਰੀਆਂ ਜਥੇਬੰਦੀਆਂ 'ਚ ਗਲਤ ਅਨਸਰ ਰਲ਼ੇ ਲੱਗਦੇ ਆ... ਮੈਨੂੰ ਤਾਂ ਨੀਂ ਯਕੀਨ ਆਉਂਦਾ ਗੀਤ ਬੋਲੀ...

ਹਾਂ ਭੈਣ ਗੁਰੀ ਏਦਾਂ ਦਾ ਲਗਦਾ ਤਾਂ ਨੀਂ ਸੀ... ਪਰ ਉਹ ਇਹਨਾਂ ਖ਼ਬਰਾਂ ਦਾ ਖੰਡਨ ਕਿਉਂ ਨੀਂ ਕਰਦਾ... ਇਹੋ ਜੀਆਂ ਵਾਰਦਾਤਾਂ 'ਚ ਜ਼ਿਅਦਾ ਹੱਥ ਗੁਰੀ ਦੇ ਗਰੁੱਪ ਦਾ ਈ ਹੁੰਦਾ... ਸ਼ਵਿੰਦਰ ਨੇ ਅਖ਼ਬਾਰ ਬੰਦ ਕਰਦਿਆਂ ਆਖਿਆ...

ਪੰਜਾਬ 'ਚ ਸਿੱਖੀ ਸਿਧਾਤਾਂ ਤੋਂ ਉਲਟ ਘਟਨਾਵਾਂ ਦਾ ਵਾਪਰਨਾ ਆਮ ਗੱਲ ਹੋ ਗਈ...

ਵੈਸੇ ਤਾਂ ਕਈ ਖਾੜਕੂ ਜਥੇਬੰਦੀਆਂ ਦੇ ਸਿਰ ਇਹ ਇਲਜ਼ਾਮ ਲੱਗਦੇ... ਪਰ ਜ਼ਿਆਦਾਤਰ ਹੱਥ 'ਦਸਮੇਸ਼ ਰਜਮੈਂਟ' ਦਾ ਹੀ ਹੁੰਦਾ... ਕਦੇ ਕਦਾਈਂ ਖਾੜਕੂ ਗਰੁੱਪ ਇਨਾਂ ਘਟਨਾਵਾਂ ਦੀ ਨਿੰਦਾ ਕਰਕੇ ਆਪਣੀ ਸਫਾਈ ਦੇਣ ਦੀ ਕੋਸ਼ਿਸ਼ ਵੀ ਕਰਦੇ... ਪਰ ਉਹਨਾਂ ਦੇ ਇਹ ਬਿਆਨ ਕੱਟ-ਵੱਢ ਕੇ ਛਾਪੇ ਜਾਂਦੇ... ਅਖ਼ਬਾਰਾਂ 'ਤੇ ਸੈਂਸਰ ਦਾ ਡੰਡਾ ਉੱਠਿਆ ਹੋਇਆ ਸੀ... ਦਸਮੇਸ਼ ਰਜਮੈਂਟ ਵੱਲੋਂ ਗੁਰਸ਼ੇਰ ਕਈ ਵਾਰ ਘਟਨਾਵਾਂ ਦੀ ਜ਼ੁੰਮੇਵਾਰੀ ਵੀ ਲੈਂਦਾ ਤੇ ਕਈ ਵਾਰ ਖੁੱਲ੍ਹ ਕੇ ਇਨ੍ਹਾਂ ਦੀ ਨਿੰਦਾ ਵੀ ਕਰਦਾ...

ਲੋਕਾਂ ਵਿੱਚ ਖਾੜਕੂ ਗਰੁੱਪ ਬਦਨਾਮ ਹੁੰਦੇ ਜਾ ਰਹੇ ਸਨ.... ਅਖ਼ਬਾਰੀ ਬਿਆਨ ਰੋਜ਼ ਛਪਦੇ ਈ ਰਹਿੰਦੇ...

"ਜਿੰਨਾ ਚਿਰ ਪੰਜਾਬ ਦੀ ਧਰਤੀ ਤੇ ਇੱਕ ਵੀ ਹਿੰਦੂ ਰਹੇਗਾ, ਖਾਲਿਸਤਾਨ ਨਹੀਂ ਬਣ ਸਕੇਗਾ - ਦਸਮੇਸ਼ ਰਜਮੈਂਟ"

ਇਹ ਬਿਆਨ ਪੜ੍ਹਕੇ ਜਿੱਥੇ ਗੀਤ ਤੇ ਸ਼ਵਿੰਦਰ ਨੂੰ ਬਹੁਤ ਦੁੱਖ ਪਹੁੰਚਿਆ ਉਥੇ ਪੰਜਾਬ ਦੇ ਹਿੰਦੂ ਭਾਈਚਾਰੇ ਨੇ ਵੀ ਅਸਮਾਨ ਸਿਰ 'ਤੇ ਚੁੱਕ ਲਿਆ.... ਕੱਟੜ ਹਿੰਦੂ ਜਥੇਬੰਦੀਆਂ ਨੇ ਕੇਂਦਰ ਸਰਕਾਰ ਨੂੰ ਖਾੜਕੂਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਗੁਹਾਰ ਲਾਈ... ਪੰਜਾਬ ਪੁਲਿਸ ਦੇ ਨਾਲ-ਨਾਲ ਪੰਜਾਬ ਵਿੱਚ ਹਿੰਦੂਆਂ ਦੇ ਜਾਨ-ਮਾਲ ਦੀ ਰਾਖੀ ਲਈ ਸੀ.ਆਰ.ਪੀ. ਦੀ ਤਾਇਨਾਤੀ ਦੀ ਮੰਗ ਕੀਤੀ ਗਈ...

ਹੋਰ ਵੀ ਕਈ ਘਟਨਾਵਾਂ ਸਨ ਜਿਨ੍ਹਾਂ ਨੇ ਖਾੜਕੂ ਸੰਘਰਸ਼ ਨੂੰ ਢਾਹ ਲਾਈ ਜਿਵੇਂ:

"ਦਸਮੇਸ਼ ਰਜਮੈਂਟ ਦੇ ਖਾੜਕੂਆਂ ਵੱਲੋਂ ਇੱਕ ਘਰੇ ਪ੍ਰਸ਼ਾਦਾ ਛਕਣ ਤੋਂ ਬਾਅਦ ਬੀਬੀਆਂ ਨਾਲ ਕੀਤੀ ਬਦਸਲੂਕੀ"

"ਦਸਮੇਸ਼ ਰਜਮੈਂਟ ਵੱਲੋਂ ਰਾਹ ਜਾਂਦੇ ਵਪਾਰੀ ਤੋਂ ਚਾਰ ਲੱਖ ਲੁੱਟੇ"

"ਆਰੀਆ ਸਕੂਲ ਦੇ ਤਿੰਨ ਬੱਚੇ ਅਗਵਾ - ਦਸਮੇਸ਼ ਰਜਮੈਂਟ ਨੇ ਜ਼ਿੰਮੇਵਾਰੀ ਲਈ"

"ਜ਼ਰਦਾ ਲਾਉਣ ਵਾਲੇ ਨਸ਼ੇੜੀਆਂ ਦੇ ਅੰਗੂਠੇ ਵੱਢੇ - ਦਸਮੇਸ਼ ਰਜਮੈਂਟ ਨੇ ਜਿੰਮੇਵਾਰੀ ਲਈ"

"ਮੰਦਰਾਂ ਵਿੱਚ ਗਾਵਾਂ ਦੇ ਸਿਰ ਅਸੀਂ ਵੱਢ ਕੇ ਸੁੱਟੇ ਸਨ, ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ - ਦਸਮੇਸ਼ ਰਜਮੈਂਟ"

ਏਦਾਂ ਦੇ ਅਨੇਕਾਂ ਬਿਆਨ ਹਰ ਰੋਜ਼ ਅਖ਼ਬਾਰਾਂ ਵਿੱਚ ਛਪਦੇ... ਗੀਤ ਦਾ ਇਨ੍ਹਾਂ ਨੂੰ ਪੜ੍ਹਕੇ ਸਿਰ ਚਕਰਾ ਜਾਂਦਾ...

ਸ਼ਵਿੰਦਰ ਆਹ ਹਿੰਦੂਆਂ ਦੇ ਖਿਲਾਫ਼ ਵਾਲਾ ਬਿਆਨ ਤੇ ਹੋਰ ਵੀ ਸਾਰੇ ਬਿਆਨ ਇਹ ਗੁਰਸ਼ੇਰ ਦੇ ਵਿਚਾਰ ਨਹੀਂ ਹੋ ਸਕਦੇ... ਮੈਨੂੰ ਲੱਗਦਾ ਪੁਲਿਸ ਨੇ ਗੁਰਸ਼ੇਰ ਨੂੰ ਮਾਰ ਦਿੱਤਾ ਹੋਵੇਗਾ....ਤੇ ਉਹਦੇ ਨਾਮ 'ਤੇ ਕੋਈ ਜਥੇਬੰਦੀ ਬਣਾ ਕੇ ਖਾੜਕੂਆਂ ਨੂੰ ਬਦਨਾਮ ਕਰ ਰਹੀ ਹੈ ਹੁਣ... ਗੀਤ ਨੇ ਦੁਖੀ ਮਨ ਨਾਲ ਕਿਹਾ.....

ਇਹ ਵੀ ਹੋ ਸਕਦਾ ਗੀਤ ਕਿ ਗੁਰਸ਼ੇਰ ਪੁਲਿਸ ਤਸ਼ੱਦਦ ਅੱਗੇ ਝੁਕ ਗਿਆ ਹੋਵੇ ਤੇ ਉਹਨਾਂ ਦੇ ਇਸ਼ਾਰੇ 'ਤੇ ਹੀ ਇਹੋ ਜਿਹੀਆਂ ਕਾਰਵਾਈਆਂ ਕਰਦਾ ਹੋਵੇ... ਭਾਵ ਉਹ ਪੁਲਿਸ ਨਾਲ ਮਿਲ ਗਿਆ ਹੋਵੇ... ਸ਼ਵਿੰਦਰ ਨੇ ਤੌਖਲਾ ਪ੍ਰਗਟ ਕੀਤਾ...

ਨਹੀਂ ਸ਼ਵਿੰਦਰ....ਮੇਰਾ ਗੁਰਸ਼ੇਰ ਏਦਾਂ ਨਹੀਂ ਕਰ ਸਕਦਾ... ਜੇ ਸੱਚਮੁੱਚ ਇਹ ਗੁਰਸ਼ੇਰ ਹੀ ਹੈ ਤਾਂ ਇਹ ਮੇਰਾ ਨਹੀਂ ਹੈ....ਮੈਂ ਇਸ ਗੁਰਸ਼ੇਰ ਨੂੰ ਨਫ਼ਰਤ ਕਰਦੀ ਹਾਂ..."ਆਈ ਹੇਟ ਹਿਮ"...."ਆਈ ਰੀਅਲੀ ਹੇਟ ਹਿਮ"

ਜੇ ਉਹ ਆਪਣੀ ਪਹਿਲੀ ਸੋਚ ਮੁਤਾਬਿਕ ਜਾਂ ਸੰਤਾਂ ਦੀ ਸੋਚ ਮੁਤਾਬਿਕ ਖਾਲਿਸਤਾਨ ਦੀ ਲੜਾਈ ਲੜਨੀ ਚਾਹੁੰਦਾ ਸੀ ਜਾਂ ਹੁਣ ਲੜਦਾ ਤਾਂ ਮੈਂ ਉਹਦੀ ਹਮਾਇਤ ਕਰਦੀ.... ਮੈਂ ਉਹਦੇ ਨਾਲ ਇਸ ਜੰਗ ਵਿੱਚ ਕੁੱਦ ਜਾਂਦੀ... ਪਰ ਉਹ ਕੁਰਾਹੇ ਪੈ ਗਿਆ ਸ਼ਵਿੰਦਰ... ਕਹਿ ਕੇ ਗੀਤ ਜ਼ਾਰੋ-ਜ਼ਾਰ ਰੋ ਪਈ...

ਦੂਸਰੇ ਖਾੜਕੂ ਗਰੁੱਪ ਵੀ ਦਸਮੇਸ਼ ਰਜਮੈਂਟ ਦੀਆਂ ਗਤੀਵਿਧੀਆਂ ਦੀ ਆਲੋਚਨਾ ਕਰਦੇ ਪਰ ਉਹਨਾਂ ਦੇ ਬਿਆਨ ਅਖ਼ਬਾਰਾਂ ਦੇ ਕਿਸੇ ਖੱਲ-ਖੂੰਜੇ

ਰੁਲ਼ ਜਾਂਦੇ...

ਫਿਰੌਤੀਆਂ ਲੈਣਾ, ਕਤਲੋ-ਗਾਰਤ, ਧੀਆਂ ਭੈਣਾਂ ਦੀ ਇੱਜ਼ਤ ਨਾਲ ਖੇਡਣਾ, ਲੁੱਟ-ਮਾਰ, ਭੜਕਾਊ ਬਿਆਨਬਾਜ਼ੀ, ਇਹੋ ਜਿਹੀਆਂ ਸਭ ਗੱਲਾਂ ਦਾ ਸਬੰਧ ਗੁਰਸ਼ੇਰ ਸਿੰਘ ਜਾਂ ਦਸਮੇਸ਼ ਰਜਮੈਂਟ ਨਾਲ ਜੁੜ ਜਾਣਾ ਆਮ ਗੱਲ ਸੀ...

ਗੀਤ ਦੀ ਇਸ ਬਾਰੇ ਸਪੱਸ਼ਟ ਧਾਰਨਾ ਸੀ ਕਿ ਜਾਂ ਤਾਂ ਗੁਰਸ਼ੇਰ ਪੁਲਸ ਨਾਲ ਮਿਲ ਗਿਆ ਤਸ਼ੱਦਦ ਤੋਂ ਤੰਗ ਆ ਕੇ ....ਜਾਂ ਫਿਰ ਉਹ ਮਾਰਿਆ ਜਾ ਚੁੱਕਿਆ ਇਹ ਸਭ ਪੁਲਿਸ ਦੀ ਖੇਡ ਹੈ... ਕਿਉਂਕਿ ਜੇ ਗੁਰਸ਼ੇਰ ਪੁਲਿਸ ਨਾਲ ਨਾ ਮਿਲਿਆ ਹੁੰਦਾ ਤਾਂ ਘੱਟੋ ਘੱਟ ਇਹਨਾਂ ਘਟਨਾਵਾਂ ਬਾਰੇ ਸਪੱਸ਼ਟੀਕਰਨ ਤਾਂ ਦਿੰਦਾ...

ਏਨਾਂ ਸਦਮਾਂ ਤਾਂ ਗੀਤ ਨੂੰ ਉਦੋਂ ਵੀ ਨਹੀਂ ਸੀ ਲੱਗਿਆ ਜਦੋਂ ਪੁਲਿਸ ਨੇ ਗੁਰੀ ਦੇ ਹਿਰਾਸਤ 'ਚੋਂ ਫਰਾਰ ਹੋਣ ਬਾਰੇ ਖੁਲਾਸਾ ਕੀਤਾ ਸੀ... ਪੁਲਿਸ ਇੰਟੈਰੋਗੇਸ਼ਨ 'ਚ ਮਾਰੇ ਜਾਣ ਦੀ ਸੋਚ ਕੇ ਉਹਨੇ ਸਬਰ ਦਾ ਘੁੱਟ ਭਰ ਲਿਆ ਸੀ... ਪਰ ਗੁਰਸ਼ੇਰ ਦੇ ਨਾਂ ਨਾਲ ਜੁੜੀਆਂ ਹੌਲਨਾਕ ਘਟਨਾਵਾਂ, ਫਿਰੌਤੀਆਂ, ਲੁੱਟਮਾਰ, ਕਤਲੋਗਾਰਤ ਗੀਤ ਲਈ ਅਸਹਿ ਸੀ....

ਲੋਕ ਗੁਰਸ਼ੇਰ ਅਤੇ 'ਦਸਮੇਸ਼ ਰਜਮੈਂਟ' ਦੇ ਨਾਮ ਤੋਂ ਕੰਬਦੇ ਸਨ.... ਅਸਲ ਵਿਚ ਲੋਕਾਂ ਦੇ ਦਿਲਾਂ ਵਿੱਚ ਨਫ਼ਰਤ ਜਨਮ ਲੈ ਚੁੱਕੀ ਸੀ..ਲੋਕਾਂ ਦੀ ਬਣਾਈ ਲੋਕ ਲਹਿਰ... ਆਪਣੇ ਧੁਰੇ ਨਾਲੋਂ ਟੁੱਟਦੀ ਜਾ ਰਹੀ ਸੀ, ਇਹੋ ਜਿਹੀਆਂ ਕਾਰਵਾਈਆਂ ਕਰਨ ਕਰਕੇ...

ਗੀਤ ਨੂੰ ਅਜੇ ਵੀ ਯਕੀਨ ਸੀ ਕਿ ਗੁਰੀ ਮਾਰਿਆ ਜਾ ਚੁੱਕਿਆ ਹੈ ਕਿਉਂਕਿ ਇਹ ਕੰਮ ਜੋ ਉਹਦੇ ਨਾਮ ਤੇ ਹੋ ਰਹੇ ਹਨ ਇਹ ਉਹਦੀ ਸੋਚ ਦੇ ਐਨ ਉਲਟ ਹਨ..... ਪਰ ਉਹ ਕੀਹਨੂੰ-ਕੀਹਨੂੰ ਦੱਸਦੀ.... ਕੀਹਨੂੰ-ਕੀਹਨੂੰ ਸਮਝਾਉਂਦੀ... ਗੁਰਸ਼ੇਰ ਦੇ ਨਾਮ ਦੇ ਨਾਲ-ਨਾਲ ਸਿੱਖ ਲਹਿਰ ਦੀ ਹੋ ਰਹੀ ਬਦਨਾਮੀ ਗੀਤ ਲਈ ਇੱਕ ਹੋਰ ਅਸਹਿ ਸਦਮਾ ਸੀ... ਜਿਸਨੂੰ ਬਰਦਾਸ਼ਤ ਕਰਨਾ ਉਹਦੇ ਵੱਸੋਂ ਬਾਹਰ ਹੋ ਗਿਆ ਸੀ, ਰੋਜ਼-ਰੋਜ਼ ਦੀਆਂ ਖ਼ਬਰਾਂ ਉਹਦੇ ਦਿਲ 'ਚ ਛੁਰੀਆਂ ਵਾਂਗ ਖੁਭਦੀਆਂ ਸਨ...

ਜਿੱਥੇ ਇੱਕ ਪਾਸੇ ਪੁਲਿਸ ਤੇ ਸਰਕਾਰ ਖਾੜਕੂਆਂ ਦੀ ਵੈਰੀ ਹੀ ਸੀ... ਦੂਜੇ ਪਾਸੇ ਸਰਕਾਰ ਪੱਖੀ ਲੋਕ ਵੀ ਖੁੱਲ੍ਹ ਕੇ ਖਾੜਕੂਆਂ ਵਿਰੁੱਧ ਬੋਲਣ ਲੱਗੇ ਸਨ... ਖਾੜਕੂਆਂ ਦੇ ਨਾਮ 'ਤੇ ਹੋ ਰਹੀਆਂ ਸੰਘਰਸ਼ ਤੇ ਸਿੱਖ ਸੋਚ ਵਿਰੋਧੀ ਘਟਨਾਵਾਂ ਕਰਕੇ ਲੋਕਾਂ ਦੇ ਦਿਲਾਂ 'ਚੋਂ ਖਾੜਕੂਆਂ ਪ੍ਰਤੀ ਹਮਦਰਦੀ ਘਟਦੀ

ਜਾ ਰਹੀ ਸੀ....

ਗੁਰਸ਼ੇਰ, ਸਰਕਾਰ ਤੇ ਪੁਲਿਸ ਲਈ ਤਾਂ ਅਤਿ ਲੋੜੀਂਦਾ ਅੱਤਵਾਦੀ ਸੀ ਹੀ... ਹੁਣ ਤਾਂ ਲੋਕਾਂ ਲਈ ਵੀ ਉਹ ਬੇਰਹਿਮ ਤੇ ਬੇਕਿਰਕ ਵਰਗੇ ਲਫਜ਼ਾਂ ਦਾ ਧਾਰਨੀ ਬਣਦਾ ਜਾ ਰਿਹਾ ਸੀ.... ਗੀਤ ਨੂੰ ਯਾਦ ਆਇਆ ਜਦੋਂ ਇੱਕ ਵਾਰ ਗੁਰੀ ਨੇ ਉਹਨੂੰ ਇੱਕ ਸ਼ੇਅਰ ਸੁਣਾਇਆ ਸੀ:

*ਕਬੂਲ ਨ੍ਹੇਰਾ ਕਰੇਗਾ ਨਾ ਰੌਸ਼ਨੀ ਮੈਨੂੰ*
*ਅਜ਼ੀਬ ਮੋੜ 'ਤੇ ਮਾਰੇਗੀ ਜ਼ਿੰਦਗੀ ਮੈਨੂੰ*

... ਸੱਚਮੁੱਚ ਇਹ ਮੋੜ ਬਹੁਤ ਹੀ ਅਜ਼ੀਬ ਸੀ...

-------------------

## ਕਾਂਡ – 11

*ਲੋਕੀਂ ਮੈਨੂੰ ਦੱਸਦੇ ਆ ਕੇ ਉਸ ਦੀਆਂ ਨਵੀਆਂ ਰਾਹਵਾਂ*
*ਇੱਕ ਹਵਾ ਦੇ ਬੁਲ੍ਹੇ ਤੇ ਮੈਂ, ਨਾਂ ਲਿਖ ਕੇ ਪਛਤਾਵਾਂ*
*ਉੱਥੇ ਉਹ ਨਾ ਮਿਲਿਆ ਜਿਹੜਾ ਤੂੰ ਦੱਸਿਆ ਸਰਨਾਵਾਂ*
*ਵਿੱਚ ਖਲਾਵਾਂ ਭਟਕਦੀਆਂ ਨੇ ਨਾ-ਮਨਜ਼ੂਰ ਦੁਆਵਾਂ*

*(ਪਾਤਰ)*

ਗੀਤ, ਗੁਰਸ਼ੇਰ ਨਾਲ ਗੁਜ਼ਾਰੇ ਚੰਦ ਕੁ ਮਹੀਨਿਆਂ ਨੂੰ ਯਾਦ ਕਰ-ਕਰ ਹਉਂਕੇ ਭਰਦੀ ਰਹਿੰਦੀ.... ਨਾ ਦਿਨ ਨੂੰ ਚੈਨ ਆਉਂਦਾ ਨਾ ਰਾਤ ਨੂੰ ਆਰਾਮ... ਇਹੋ ਚਿੰਤਾ ਦਿਨ-ਰਾਤ ਖਾਂਦੀ ਰਹਿੰਦੀ ਕਿ ਗੁਰਸ਼ੇਰ ਬਾਰੇ ਕੋਈ ਸਪੱਸ਼ਟ ਜਾਣਕਾਰੀ ਮਿਲੇ....ਜੋ ਅੱਜਕੱਲ੍ਹ ਸੁਨਣ ਨੂੰ ਮਿਲ ਰਿਹਾ ਸੀ... ਗੀਤ ਦੇ ਮੁਤਾਬਿਕ ਉਹ ਸੱਚ ਨਹੀਂ ਸੀ....

ਗੀਤ ਨੂੰ ਲੱਗਦਾ ਸੀ ਜੇ ਗੁਰਸ਼ੇਰ ਸੱਚਮੁੱਚ ਜਿੰਦਾ ਐ... ਰੱਬ ਕਰਕੇ ਜੇ ਕਿਤੇ ਇੱਕ ਵਾਰ... ਸਿਰਫ਼ ਵਾਰ ਮੈਨੂੰ ਮਿਲ ਜਾਵੇ... ਮੈਂ ਉਹਨੂੰ ਪੁੱਛਾਂ "...ਆਹ ਕੀ ਹੋ ਰਿਹਾ ਐ...??? ਤੂੰ ਤਾਂ ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੁੰਦਾ ਸੀ... ਤੂੰ ਤਾਂ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੁੰਦਾ ਸੀ... ਤੂੰ ਅਨਿਆਂ ਦੇ ਖਿਲਾਫ਼ ਬੋਲਣ ਦਾ ਹੌਂਸਲਾ ਰੱਖਦਾ ਸੀ ਪਰ ਚੰਦਰਿਆ ਆਹ ਕੀ ਲੋਹੜਾ ਮਾਰਿਆ... ਆਹ ਅੱਜ ਕੀ ਹੋ ਰਿਹਾ ਤੇਰੇ ਨਾਮ ਤੇ... ਤੇ ਤੂੰ ਚੁੱਪ ਕਿਉਂ ਵੱਟ ਰੱਖੀ ਏ... ਤੂੰ ਬੋਲਦਾ ਕਿਉਂ ਨੀਂ... ਅੱਜ ਕਿੱਥੇ ਗਈ ਤੇਰੀ ਬੇਬਾਕੀ... ਤੇਰੇ ਮੂੰਹ ਨੂੰ ਜਿੰਦਰਾ ਕੀਹਨੇ ਮਾਰ ਦਿੱਤਾ....???

...ਜਾਂ ਫਿਰ... ਜਾਂ ਫਿਰ ਤੂੰ ਬਦਲ ਗਿਐਂ ਗੁਰੀ.... ਤੈਨੂੰ ਮੇਰੀ ਸੌਂਹ.... ਤੈਨੂੰ ਮੇਰੇ ਪਿਆਰ ਦੀ ਸੌਂਹ... ਅੱਜ ਤੈਨੂੰ ਦੱਸਣਾ ਪਵੇਗਾ.... ਉਹ ਕਿਹੜੀ ਸਾਜਿਸ਼ ਐ... ਜੀਹਨੇ ਤੈਨੂੰ ਇਸ ਮੋੜ 'ਤੇ ਲਿਆ ਖੜਾਇਆ.....ਬੋਲ ਗੁਰੀ... ਬੋਲ ਪਲੀਜ਼..."

ਗੀਤ ਕਿੰਨਾ-ਕਿੰਨਾ ਚਿਰ ਇਕੱਲੀ ਬੈਠੀ ਖਿਆਲਾਂ ਦੀਆਂ ਉਡਾਰੀਆਂ ਵਿੱਚ ਉਲਝੀ ਗੁਰੀ ਨਾਲ ਬਹਿਸ ਕਰਦੀ ਰਹਿੰਦੀ...

ਸ਼ਾਇਦ ਸ਼ਿਵ ਠੀਕ ਕਹਿੰਦਾ ਸੀ...

ਮੈਥੋਂ ਪੁੱਛੀ ਜਦੋਂ ਕਿਸੇ ਮੇਰੇ ਪਿਆਰ ਦੀ ਕਹਾਣੀ
ਗਿਆ ਫੁੱਲੀਂ ਬੈਠੇ ਭੌਰਿਆਂ ਦਾ ਬੁੱਲ੍ਹ ਟੁੱਕਿਆ
ਮੇਰੇ ਵਾਲ਼ਾਂ ਦੀਆਂ ਥੱਬੀਆਂ 'ਚ ਰਾਤ ਸੌਂ ਗਈ
ਮੇਰੇ ਨੈਣਾਂ ਦੀਆਂ ਬੌਲੀਆਂ 'ਚ ਨੀਰ ਮੁੱਕਿਆ
ਰੱਬ ਇੱਕ ਵਾਰੀ ਤੇਰਾ ਮੇਰਾ ਮੇਲ਼ ਜੋ ਕਰਾਏ
ਸੌਂਹ ਤੇਰੀ ਸਾਰੇ ਥਲਾਂ ਦੀ ਭੜਾਸ ਸੀਕ ਲਾਂ
ਮੇਰੀ ਮੌਤ ਸਾਹਵੇਂ ਖੜ੍ਹੀ ਨੂੰ ਮੈਂ ਗੋਲੀ ਮਾਰਦਿਆਂ
ਬੁਝੀ ਲੇਖਾਂ ਦੀ ਲਕੀਰ ਚੰਨਾਂ ਆਪ ਲੀਕ ਲਾਂ

ਗੀਤ ਨੂੰ ਇੱਕੋ ਝੋਰਾ ਸੀ ਜੇ ਗੁਰੀ ਸੱਚਮੁੱਚ ਜਿਉਂਦਾ ਹੈ ਤਾਂ ਇੱਕ ਵਾਰ ਮੈਨੂੰ ਜਰੂਰ ਮਿਲੇ... ਮੈਂ ਉਹਨੂੰ ਆਪਣੇ ਪਿਆਰ ਦਾ ਵਾਸਤਾ ਪਾਕੇ ਮੋੜ ਲਿਆਵਾਂ....

ਪੜ੍ਹਾਈ ਵਿੱਚ ਜਵਾਂ ਈ ਦਿਲ ਨਾ ਲਗਦਾ... ਗੁਰੀ ਦੀਆਂ ਯਾਦਾਂ 'ਚ ਗੀਤ ਖੋਈ ਰਹਿੰਦੀ... ਕਦੇ ਯਾਦ ਕਰਕੇ ਰੋਂਦੀ... ਕਦੇ ਗੁਰੀ ਨਾਲ ਗੁੱਸੇ ਹੁੰਦੀ... ਕਦੇ ਗੁਰੀ 'ਤੇ ਤਰਸ ਆਉਂਦਾ...

ਜਦੋਂ ਕਦੇ ਕੋਈ ਖ਼ਬਰ ਅਖ਼ਬਾਰ 'ਚ ਆਉਂਦੀ ਜਾਂ ਸ਼ਵਿੰਦਰ ਆ ਕੇ ਦੱਸਦਾ ਤਾਂ ਗੀਤ ਦੇ ਦੋ ਈ ਜਵਾਬ ਹੁੰਦੇ....

ਉਹ ਵਿਚਾਰਾ ਮਾਰ ਦਿੱਤਾ ਏਨਾਂ ਨੇ ਸ਼ਵਿੰਦਰ...ਹੁਣ ਉਹਦੀ ਲਾਸ਼ ਨੂੰ ਬਦਨਾਮ ਕਰਨ 'ਤੇ ਲੱਗੇ ਨੇ....

ਤੇ ਜਾਂ ਫਿਰ ਕਹਿੰਦੀ... ਹਾਏ...!!! ਗੁਰੀ ਚੰਦਰਾ ਕਿੰਨਾ ਬਦਲ ਗਿਆ...

.................

ਗੀਤ ਐਗਜ਼ਾਮ ਨੇੜੇ ਆ ਰਹੇ ਨੇ... ਮਈ ਮਹੀਨਾ ਚੜ੍ਹ ਆਇਆ ਏ... ਮੈਨੂੰ ਲੱਗਦਾ ਤੇਰਾ ਧਿਆਨ ਪੜ੍ਹਾਈ 'ਚ ਨ੍ਹੀਂ ਹੈ... ਇੱਕ ਦਿਨ ਸ਼ਵਿੰਦਰ ਨੇ ਗੀਤ ਨੂੰ ਆਖਿਆ...

ਹਾਂ ਵੀਰੇ... ਐਗਜ਼ਾਮ ਨੇੜੇ ਆਈ ਜਾਂਦੇ ਨੇ... ਪਰ.... ਪਰ ਮੈਂ ਕੀ ਕਰਾਂ ਵੀਰੇ...??? ਵੀਰੇ ਦਿਲ ਈ ਨੀਂ ਕਰਦਾ ਪੜ੍ਹਨ ਨੂੰ.... ਦਿਲ 'ਚ ਬੇਚੈਨੀ ਜੀ ਹੋਈ ਪਈ ਆ.... ਰੋਜ਼ ਕੋਈ ਨਾ ਕੋਈ ਚੰਦਰੀ ਖ਼ਬਰ ਮੱਥੇ ਲਗਦੀ ਆ...

ਗੁਰੀ ਨੇ ਆਹ ਕਰਤਾ... ਗੁਰੀ ਨੇ ਔਹ ਕਰਤਾ... ਏਹਦੀ ਜੁੰਮੇਵਾਰੀ ਲੈ ਲਈ... ਔਹਨੂੰ ਧਮਕੀ ਦੇ ਦਿੱਤੀ....

ਮੈਂ... ਮੈਂ ਬਹੁਤ ਦੁਖੀ ਆਂ ਵੀਰੇ... ਮੈਥੋਂ ਨਹੀਂ ਸੁਣਿਆ ਜਾਂਦਾ.... ਮੈਥੋਂ ਨਹੀਂ ਬਰਦਾਸ਼ਤ ਹੁੰਦਾ ... ਜੇ ਗੁਰੀ ਸੱਚਮੁੱਚ ਜਿੰਦਾ ਐ ਤਾਂ ਉਹ ਮੇਰੇ ਨਾਲ ਠੀਕ ਨਹੀਂ ਕਰ ਰਿਹਾ... ਜੇ ਵਾਕਿਆ ਈ ਉਹ ਮਰ ਗਿਆ ਤਾਂ ਫਿਰ... ਫਿਰ ਮੇਰਾ ਵੀ ਜੀਅ ਕਰਦਾ ਵੀਰੇ...ਮੈਂ ਵੀ ਇਹ ਦੁਨੀਆਂ ਛੱਡ ਕੇ ਗੁਰੀ ਦੀ ਦੁਨੀਆਂ 'ਚ ਚਲੀ ਜਾਵਾਂ...ਗੀਤ ਨੇ ਡਾਹਢੇ ਦੁਖੀ ਮਨ ਨਾਲ ਕਿਹਾ...

ਨਾ ਭੈਣੇ ਏਦਾਂ ਨਾਲ ਬੋਲ.... ਪਤਾ ਨੀਂ ਕਿਸਮਤ ਨੂੰ ਕੀ ਮਨਜ਼ੂਰ ਸੀ.... ਤੂੰ ਇਸ ਸਦਮੇ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ... ਤੂੰ ਆਪਣੀ ਜ਼ਿੰਦਗੀ ਨੂੰ ਨਵੇਂ ਸਿਰਿਓਂ ਜਿਉਣ ਦੀ ਕੋਸ਼ਿਸ਼ ਕਰ... ਸ਼ਵਿੰਦਰ ਨੇ ਦਿਲਾਸਾ ਦਿੰਦਿਆਂ ਕਿਹਾ...

ਪਰ ਗੀਤ ਤੇ ਕਿਸੇ ਵੀ ਗੱਲ ਦਾ ਕੋਈ ਖਾਸ ਅਸਰ ਨਾ ਹੁੰਦਾ... ਨਾ ਯੂਨੀਵਰਸਿਟੀ 'ਚ ਦਿਲ ਲਗਦਾ ਤੇ ਨਾ ਘਰੇ ਚੈਨ ਆਉਂਦਾ...

ਵੀਰਾਂ ਬਹੁਤ ਦਿਲਾਸੇ ਦਿੰਦੀ... ਬੜਾ ਸਮਝਾਉਂਦੀ... ਕਿਹਰ ਸਿੰਘ ਵੀ ਕੋਸ਼ਿਸ਼ ਕਰਦਾ... ਪਰ ਗੀਤ ਦੀ ਹਾਲਤ 'ਚ ਕੋਈ ਫ਼ਰਕ ਨਾ ਪਿਆ... ਗੀਤ ਜ਼ਿੰਦਗੀ ਦੇ ਅਜਿਹੇ ਰਾਹ 'ਤੇ ਤੁਰ ਰਹੀ ਸੀ, ਜੀਹਦੀ ਕੋਈ ਮੰਜ਼ਿਲ ਨਹੀਂ ਦਿਸਦੀ ਸੀ... ਤੇ ਜਦੋਂ ਰਾਹੀ ਨੂੰ ਇਹ ਵੀ ਨਾ ਪਤਾ ਹੋਵੇ ਕਿ ਉਹਨੇ ਪਹੁੰਚਣਾ ਕਿੱਥੇ ਐ ਤਾਂ ਫਿਰ ਤੁਰਨਾ ਮੁਹਾਲ ਹੋ ਜਾਂਦਾ ਐ... ਤੇ ਇਹੋ ਹਾਲਤ ਗੀਤ ਦੀ ਸੀ...

ਤੇ ਉੱਧਰ ਡੀ.ਐਸ.ਪੀ. ਹਾਕਮ ਸਿੰਹੁ ਆਪਣੇ ਅਮਰੀਕਾ ਰਹਿੰਦੇ ਇੱਕ ਮਿੱਤਰ ਪਰਮਰਾਜ ਸਿੰਘ ਦੇ ਬੇਟੇ ਨਾਲ ਗੀਤ ਦਾ ਰਿਸ਼ਤਾ ਪੱਕਾ ਕਰਨ ਬਾਰੇ ਸੋਚ ਰਿਹਾ ਸੀ...

ਡੀ.ਐਸ.ਪੀ. ਨੂੰ ਏਦਾਂ ਸੀ ਕਿ ਗੀਤ ਜਾਂ ਤਾਂ ਗੁਰਸ਼ੇਰ ਨੂੰ ਭੁੱਲ ਚੁੱਕੀ ਹੋਣੀ ਐ ਤੇ ਜਾਂ ਫਿਰ ਉਹਨੂੰ ਨਫ਼ਰਤ ਕਰਨ ਲੱਗੀ ਹੋਣੀ ਐ ਕਿਉਂਕਿ ਰੋਜ਼ ਦੀਆਂ ਘਟਨਾਵਾਂ ਤੇ ਖ਼ਬਰਾਂ ਤੋਂ ਬਾਅਦ ਤਾਂ ਖਾੜਕੂਆਂ ਦੇ ਚੰਗੇ-ਚੰਗੇ ਸਮਰਥਕ ਉਨ੍ਹਾਂ ਤੋਂ ਕੰਨੀਂ ਕਤਰਾਉਣ ਲੱਗੇ ਨੇ...ਤੇ ਗੀਤ ...ਗੀਤ ਤਾਂ ਫੇਰ ਮੇਰੀ ਧੀ ਐ... ਇੱਕ ਪੁਲਿਸ ਅਫ਼ਸਰ ਦੀ ਧੀ ਐ...

ਪਰ ਉੱਧਰ... ਗੀਤ... ਗੀਤ ਤਾਂ ਬੱਸ...

*ਤੜਪ-ਤੜਪ ਕੇ ਮਰ ਗਈ ਅੜਿਆ ਮੇਲ ਤੇਰੇ ਦੀ ਹਸਰਤ ਵੇ*
*ਐਸੇ ਇਸ਼ਕ ਦੇ ਜ਼ੁਲਮੀ ਰਾਜੇ ਬਿਰਹੋਂ ਬਾਣ ਚਲਾਏ ਵੇ*
*ਚੁਗ-ਚੁਗ ਰੋੜ ਗਲੀ ਤੇਰੀ ਦੇ ਘੁੰਗਣੀਆਂ ਵੱਤ ਚੱਬ ਲਏ ਵੇ*

ਕੱਠੇ ਕਰ-ਕਰ ਕੇ ਮੈਂ ਤੀਲੇ ਬੁੱਕਲ ਵਿੱਚ ਧੁਖਾਏ ਵੇ

(ਸ਼ਿਵ ਕੁਮਾਰ ਬਟਾਲਵੀ)

....................

ਸ਼ਵਿੰਦਰ ਦਾ ਬਾਪੂ ਨਾਇਬ ਸਿੰਘ ਗਰੇਵਾਲ ਆਪਣੀ ਲੀਡਰੀ ਦੀ ਭੁੱਖ ਪੂਰੀ ਕਰਨ ਲਈ ਤਰਲੋ-ਮੱਛੀ ਹੋ ਰਿਹਾ ਸੀ... ਉਨੀ ਸੌ ਉਨਾਨਵੇਂ ਦੀਆਂ ਲੋਕ ਸਭਾ ਚੋਣ ਵਿੱਚ ਸਰਦਾਰ ਸਿਮਰਨਜੀਤ ਸਿੰਘ ਮਾਨ ਤੇ ਉਹਨਾਂ ਦੇ ਹਮਾਇਤੀਆਂ ਦੀ ਹੂੰਝਾ ਫੇਰ ਜਿੱਤ....ਪੁਲਿਸ, ਸਰਕਾਰ ਤੇ ਖੁਫ਼ੀਆ ਏਜੰਸੀਆਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਸੀ....

ਇਸ ਜਿੱਤ ਪਿੱਛੇ ਸਭ ਤੋਂ ਵੱਡਾ ਕਾਰਨ ਪੰਜਾਬ ਦੇ ਲੋਕਾਂ ਦੀ ਖਾੜਕੂ ਜਥੇਬੰਦੀਆਂ ਤੇ ਸੰਘਰਸ਼ਸ਼ੀਲ ਸਿੰਘਾਂ ਨਾਲ ਹਮਦਰਦੀ ਵਜੋਂ ਵੇਖਿਆ ਜਾ ਰਿਹਾ ਸੀ.... ਕੁਰਬਾਨੀ ਦੇ ਪੁੰਜ ਸਰਦਾਰ ਮਾਨ ਤੇ ਉਹਨਾਂ ਦੇ ਸਾਥੀਆਂ ਨੂੰ ਖਾੜਕੂ ਗਰੁੱਪਾਂ ਦੀ ਹਮਾਇਤ ਹੋਣ ਕਰਕੇ....ਲੋਕਾਂ ਦਾ ਝੁਕਾਅ ਇਹਨਾਂ ਵੱਲ ਹੋ ਗਿਆ ਤੇ ਇਹਨਾਂ ਨੇ ਵੋਟ ਰਾਜ ਵਿੱਚ ਹੂੰਝਾ ਫੇਰ ਜਿੱਤ ਦੇ ਨਵੇਂ ਕੀਰਤੀਮਾਨ ਪੈਦਾ ਕੀਤੇ....

ਪਰ ਸਰਕਾਰ ਲਈ ਇਹ ਜਿੱਤ ਹਜ਼ਮ ਕਰਨੀ ਬਹੁਤ ਔਖੀ ਸੀ... ਅਜਿਹੇ ਹਾਲਾਤ ਭਵਿੱਖ ਵਿਚ ਪੈਦਾ ਨਾ ਹੋਣ ਇਸ ਬਾਰੇ ਸਰਕਾਰੀ ਏਜੰਸੀਆਂ ਵੱਲੋਂ ਇੱਕ ਗਹਿਰੀ ਸਾਜਿਸ਼ ਰਚੀ ਗਈ... ਪੁਲਸ ਕੈਟਾਂ ਰਾਹੀਂ ਖਾੜਕੂ ਜਥੇਬੰਦੀਆਂ ਦੀ ਬਦਨਾਮੀਂ ਕਰਕੇ.... ਲੋਕਾਂ ਨੂੰ ਇਸ ਖਾੜਕੂ ਲਹਿਰ ਤੋਂ ਦੂਰ ਕਰਨਾ ਇਸੇ ਸਾਜਿਸ਼ ਦਾ ਹਿਸਾ ਸੀ.... ਤਾਂ ਜੋ ਅਗਾਂਹ ਤੋਂ ਖਾੜਕੂ ਸੋਚ ਵਾਲੇ ਲੀਡਰ ਲੋਕਾਂ ਦੇ ਨੁਮਾਇੰਦੇ ਨਾ ਬਣ ਸਕਣ....

ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਰਾਸ਼ਟਰਪਤੀ ਰਾਜ ਹੀ ਲਾਗੂ ਰਿਹਾ ਸੀ.... ਪੰਜਾਬ ਦੀ ਵੋਟਾਂ ਰਾਹੀਂ ਚੁਣੀ ਸਰਕਾਰ ਕੇਂਦਰ ਵੱਲੋਂ ਬਰਖਾਸਤ ਕੀਤੀ ਹੋਈ ਸੀ.... ਪਰ ਹੁਣ ਕਾਂਗਰਸ ਪਾਰਟੀ ਉਨੀ ਸੌ ਇਕਾਨਵੇਂ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਰੁਝ ਗਈ ਸੀ....

ਨਾਇਬ ਸਿੰਘ ਗਰੇਵਾਲ ਵਰਗੇ ਕਈ ਬੌਣੀ ਸੋਚ ਦੇ ਬੰਦੇ ਇਨ੍ਹਾਂ ਚੋਣਾ ਦੌਰਾਨ ਇਸ ਪਾਰਟੀ ਦੇ ਉਮੀਦਵਾਰ ਬਨਣ ਦੇ ਸੁਪਨੇ ਅੱਖਾਂ ਵਿੱਚ ਸੰਜੋਈ ਬੈਠੇ ਸਨ.... ਇਸ ਕਰਕੇ ਉਹ ਪਾਰਟੀ ਨਾਲ ਆਪਣੀ ਵੱਧ ਤੋਂ ਵੱਧ ਵਫਾਦਾਰੀ ਸਿੱਧ ਕਰਨ ਲਈ ਅਤੇ ਸਰਕਾਰ ਦੀਆਂ ਨਜ਼ਰਾਂ ਵਿੱਚ ਵੱਡੇ ਦੇਸ਼ ਭਗਤ ਬਣਨ ਦੇ ਚੱਕਰ ਵਿੱਚ ਖਾੜਕੂ ਗਰੁੱਪਾਂ ਖਿਲਾਫ਼ ਖੁੱਲ੍ਹ ਕੇ ਬਿਆਨਬਾਜ਼ੀ ਤੇ ਉਤਰ ਆਏ ਸਨ...

ਤੇ ਇੱਕ ਦਿਨ ਸ਼ਵਿੰਦਰ ਦੇ ਬਾਪੂ ਨਾਇਬ ਸਿੰਘ ਗਰੇਵਾਲ ਦਾ ਬਿਆਨ ਛਪਿਆ:

"ਸਾਡੀ ਸਰਕਾਰ ਬਣਨ ਤੇ ਗੁਰਸ਼ੇਰ ਸਿੰਘ ਵਰਗੇ ਅੱਤਵਾਦੀਆਂ ਨੂੰ ਨੱਥ ਪਾਈ ਜਾਵੇਗੀ"

ਪਤਾ ਨੀਂ ਇਹ ਬਿਆਨ ਸ਼ਵਿੰਦਰ ਦੇ ਬਾਪੂ ਨੇ ਆਂਪਣੀ ਮਰਜ਼ੀ ਨਾਲ ਦਿੱਤਾ ਸੀ ਜਾਂ ਫਿਰ ਕਿਸੇ ਦੇ ਕਹਿਣ ਤੇ.... ਪਰ ਹੁਣ ਉਹ ਆਪਣੇ ਆਪ ਨੂੰ ਪਹਿਲੀ ਕਤਾਰ ਦਾ ਲੀਡਰ ਤੇ ਟਿਕਟ ਦਾ ਪ੍ਰਮੁੱਖ ਦਾਅਵੇਦਾਰ ਸਮਝਣ ਲੱਗ ਪਿਆ ਸੀ....

ਅਦੀਬ ਨੇ ਵੀ ਠੀਕ ਈ ਫੁਰਮਾਇਆ:

*ਡੂੰਘੇ ਵੈਣਾਂ ਦਾ ਕੀ ਮਿਣਨਾ*
*ਤਖ਼ਤ ਦੇ ਪਾਵੇ ਮਿਣੀਏ*
*ਜਦ ਤੱਕ ਉਹ ਲਾਸ਼ਾਂ ਗਿਣਦੇ ਨੇ*
*ਆਪਾਂ ਵੋਟਾਂ ਗਿਣੀਏ*

*ਚੋਣ ਨਿਸ਼ਾਨ ਸਿਵਾ ਹੈ ਸਾਡਾ*
*ਇਸਨੂੰ ਬੁਝਣ ਨਾ ਦੇਈਏ*
*ਚੁੱਲ੍ਹਿਆਂ ਵਿਚੋਂ ਕੱਢ-ਕੱਢ ਲੱਕੜਾਂ*
*ਇਸ ਦੀ ਅੱਗ ਵਿੱਚ ਚਿਣੀਏ*

*(ਪਾਤਰ)*

ਤੇ ਦੂਜੇ ਦਿਨ 'ਦਸਮੇਸ਼ ਰਜਮੈਂਟ' ਵੱਲੋਂ ਨਾਇਬ ਸਿੰਘ ਗਰੇਵਾਲ ਨੂੰ ਸੋਧਾ ਲਾਉਣ ਦੀ ਧਮਕੀ ਦੇ ਦਿੱਤੀ ਗਈ।

---------------

## ਕਾਂਡ – 12

*ਕੋਈ ਕੌਂਪਲ ਨਵੀਂ ਫੁੱਟੀ ਕਿ ਕੋਈ ਡਾਲ਼ ਹੈ ਟੁੱਟੀ*
*ਕਿ ਆਈ ਜਾਨ ਵਿੱਚ ਮੁੱਠੀ, ਕਿਸੇ ਦੀ ਤਾਰ ਆਈ ਹੈ*
*ਲਗਾਈ ਸੀ ਜੋ ਤੀਲਾਂ ਨਾਲ, ਬੁਝਦੀ ਨਾ ਅਪੀਲਾਂ ਨਾਲ*
*ਨਹੀਂ ਮੁੜਦੀ ਦਲੀਲਾਂ ਨਾਲ ਅਗਨ ਜੁ ਦੁਆਰ ਆਈ ਹੈ*

*(ਪਾਤਰ)*

ਨਾਇਬ ਸਿੰਘ ਗਰੇਵਾਲ ਅਖ਼ਬਾਰ ਰਾਹੀਂ ਮਿਲੀ ਧਮਕੀ ਤੋਂ ਬੇਸ਼ੱਕ ਬੇਹੱਦ ਡਰ ਗਿਆ ਸੀ... ਪਰ ਫਿਰ ਵੀ ਉਹ ਚਾਪਲੂਸਾਂ ਤੋਂ ਮਿਲੀ ਹੱਲਾਸ਼ੇਰੀ ਦੀ ਵਜ੍ਹਾ ਕਰਕੇ ਇਸ ਧਮਕੀ ਨੂੰ ਕੈਸ਼ ਕਰਨ ਵਿੱਚ ਰੁੱਝ ਗਿਆ...

ਜਿਥੇ ਉਸਨੇ ਸਰਕਾਰ ਤੋਂ ਸੁਰੱਖਿਆ ਗਾਰਡਾਂ ਦੀ ਮੰਗ ਕੀਤੀ ਉਥੇ ਪਾਰਟੀ ਦੀਆਂ ਨਜ਼ਰਾਂ ਵਿੱਚ ਇਕ ਨਿਡਰ ਤੇ ਨਿਧੜਕ ਆਗੂ ਹੋਣ ਦੇ ਨਾਲ-ਨਾਲ ਇਲਾਕੇ ਵਿੱਚ ਪਾਰਟੀ ਦੀ ਟਿਕਟ ਲਈ ਇਕਲੌਤਾ ਯੋਗ ਆਗੂ ਬਨਣ ਦੀ ਕੋਸ਼ਿਸ਼ ਵੀ ਕੀਤੀ... ਨਾਇਬ ਸਿੰਘ ਨੇ ਲੋਕਾਂ ਦੀ ਹਮਦਰਦੀ ਪ੍ਰਾਪਤ ਕਰਨ ਲਈ ਕਈ ਠੋਕਵੇਂ ਬਿਆਨ ਜ਼ਾਰੀ ਕੀਤੇ....

ਅਸੀਂ ਅੱਤਵਾਦ ਅੱਗੇ ਝੁਕਾਂਗੇ ਨਹੀਂ... ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਆਪਣੀ ਜਾਨ ਵਾਰ ਦਿਆਂਗੇ... ਸਾਡੀ ਪਾਰਟੀ ਪੰਜਾਬ ਦੀ ਅਮਨ-ਸ਼ਾਂਤੀ ਲਈ ਵਚਨਵੱਧ ਹੈ...

ਗੱਲ ਕੀ.... ਨਾਇਬ ਸਿਉਂ ਜੀ ਅੱਜਕੱਲ੍ਹ ਪੂਰੇ ਛਾਏ ਹੋਏ ਸਨ ਜਿਨ੍ਹਾਂ ਨੂੰ ਕੋਈ ਪੂਰੇ ਬਲਾਕ ਵਿੱਚ ਵੀ ਨਹੀਂ ਜਾਣਦਾ ਸੀ ਅੱਜ-ਕੱਲ੍ਹ ਉਹ ਪੰਜਾਬ ਦੀ ਸਿਆਸਤ ਤੇ ਛਾਏ ਹੋਏ ਸਨ... ਤੇ ਉਪਰੋਂ ਪਾਰਟੀ ਨੇ ਵੀ ਇੱਕ ਦੋ ਬਿਆਨ ਜਾਰੀ ਕਰ ਦਿੱਤੇ ਨਾਇਬ ਸਿੰਘ ਦੀ ਸਪੋਟ ਵਿੱਚ....

ਬੱਸ ਫਿਰ ਕੀ ਸੀ.. ਗਰੇਵਾਲ ਸਾਹਬ ਦੀ ਲੀਡਰੀ ਚਮਕ ਪਈ ਤੇ ਅਗਲੇ ਨੇ ਆਪਣੇ ਇਲਾਕੇ ਵਿੱਚ ਚੋਣਾਂ ਦਾ ਬਿਗਲ ਵਜਾਉਂਦਿਆਂ ਤਿਆਰੀਆਂ ਆਰੰਭ ਦਿੱਤੀਆ...

ਸਥਿਤੀ ਇੱਕ ਵਾਰ ਉਦੋਂ ਹਾਸੋ-ਹੀਣੀ ਬਣ ਗਈ ਜਦੋਂ- ਨਾਇਬ ਸਿਉਂ ਹੁਰੀਂ ਸੌ ਕੁ ਬੰਦੇ ਦੇ ਇੱਕ ਜਲਸੇ ਵਿੱਚ, ਉਹਨਾਂ ਨੂੰ ਮਿਲੀ ਧਮਕੀ ਬਾਰੇ

ਸੁਆਦ ਲੈ-ਲੈ ਕੇ ਦੱਸ ਰਹੇ ਸਨ ਤੇ ਅਜੇ ਦੇਸ਼ ਦੀ ਖਾਤਰ ਜਾਨ ਵਾਰ ਦਿਆਂਗੇ ਕਹਿਣ ਈ ਲੱਗੇ ਸੀ ਕਿ ਇੱਕ ਸ਼ਰਾਰਤੀ ਬੱਚੇ ਨੇ ਪਟਾਕਾ ਚਲਾ ਦਿੱਤਾ... ਤੇ ਗਰੇਵਾਲ ਸਾਹਬ ਨੂੰ ਗੋਲ਼ੀ ਚੱਲਣ ਦਾ ਭੁਲੇਖਾ ਪੈ ਗਿਆ....

ਜਨਾਬ ਦੇ ਹੱਥੋਂ ਮਾਇਕ ਛੁੱਟ ਗਿਆ.... ਤੇ ਲੀਡਰ ਸਾਹਬ ਨੇ ਸਟੇਜ਼ ਦੇ ਪਿਛਲੇ ਪਾਸੇ ਛਾਲ ਮਾਰ ਦਿੱਤੀ....

ਉਹ ਤਾਂ ਸੁਰੱਖਿਆ ਗਾਰਡਾਂ ਨੇ ਕਿਹਾ ਕਿ ਪ੍ਰਧਾਨ ਸਾਹਬ ਇਹ ਤਾਂ ਕਿਸੇ ਜੁਆਕ ਨੇ ਦੀਵਾਲੀ ਦੇ ਬਚੇ-ਖੁਚੇ ਪਟਾਕਿਆਂ ਨੂੰ ਅੱਗ ਲਾਈ ਆ... ਤੁਸੀਂ ਘਬਰਾਉ ਨਾ.....

ਅੱਛਾ....!!! ਤਾਂ ਫਿਰ ਕੋਈ ਨੀਂ... ਮੈਂ ਡਰਿਆ ਥੋੜ੍ਹੋ ਆਂ... ਮੈਂ ਤਾਂ ਸਾਵਧਾਨੀ ਵਰਤੀ ਆ.....ਕਹਿੰਦਿਆਂ ਗਰੇਵਾਲ ਸਾਹਬ ਨੇ ਬੜੀ ਬੇਸ਼ਰਮੀ ਨਾਲ ਫੇਰ ਮਾਇਕ ਸੰਭਾਲ ਲਿਆ...

"ਹਾਂ... ਤੇ ਮੈਂ ਦੇਸ਼ ਦੀ ਅਮਨ-ਸ਼ਾਂਤੀ ਲਈ ਆਪਣੀ ਜਾਨ ਵਾਰ ਦਿਆਂਗਾ ਪਰ ਇਹਨਾਂ ਅੱਤਵਾਦੀਆਂ ਅੱਗੇ ਨਹੀਂ ਝੁਕਾਂਗਾ....

ਤੇ ਲਾਈਲੱਗ ਲੋਕਾਂ ਨੇ ਗਰੇਵਾਲ ਸਾਹਬ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਆਰੰਭ ਕਰ ਦਿੱਤੇ....

ਨਾਇਬ ਸਿੰਘ ਹੁਰਾਂ ਦੇ ਹੋਸ਼-ਹਵਾਸ ਉਦੋਂ ਗੁੰਮ ਹੋ ਗਏ ਜਦੋਂ ਉਹਨਾਂ ਨੂੰ ਇੱਕ ਦਿਨ ਇਕ ਚਿੱਠੀ ਪ੍ਰਾਪਤ ਹੋਈ...

ਇਹ ਚਿੱਠੀ 'ਦਸਮੇਸ਼ ਰਜਮੈਂਟ' ਦੇ ਲੈਟਰਪੈਡ ਤੇ ਹੱਥ ਨਾਲ ਲਿਖੀ ਹੋਈ ਸੀ ਤੇ ਥੱਲੇ ਗੁਰਸ਼ੇਰ ਸਿੰਘ ਦੇ ਹਸਤਾਖ਼ਰ ਸਨ....

ਇਸ ਚਿੱਠੀ ਰਾਹੀਂ 'ਦਸਮੇਸ਼ ਰਜਮੈਂਟ' ਨੇ ਨਾਇਬ ਸਿੰਘ ਕੋਲੋਂ ਦਸ ਲੱਖ ਰੁਪਏ ਦੀ ਮੰਗ ਕੀਤੀ... ਤੇ ਮੰਗ ਪੂਰੀ ਨਾ ਹੋਣ ਦੀ ਸੂਰਤ ਵਿੱਚ ਉਹਨੂੰ ਤੇ ਉਸਦੇ ਬੇਟੇ ਸ਼ਵਿੰਦਰ ਸਿੰਘ ਨੂੰ ਜਾਨੋਂ ਮਾਰ ਦੇਣ ਦੀ ਧਮਕੀ ਦਿੱਤੀ ਗਈ ਸੀ....

ਚਿੱਠੀ ਪੜ੍ਹਨ ਤੋਂ ਬਾਅਦ ਰੋਜ਼ ਜਲਸਿਆਂ ਵਿੱਚ ਰੁਝਿਆ ਰਹਿਣ ਵਾਲਾ ਨਿਧੜਕ ਲੀਡਰ ਨਾਇਬ ਸਿਉਂ... ਮੂਤਣ ਵੀ ਸੁਰੱਖਿਆ ਗਾਰਡਾਂ ਦੀ ਨਿਗਰਾਨੀ ਹੇਠ ਜਾਂਦਾ ਸੀ...

ਨਾਇਬ ਸਿਉਂ ਨੇ ਆਪਣੇ ਬੇਟੇ ਸ਼ਵਿੰਦਰ ਨੂੰ ਵੀ ਯੂਨੀਵਰਸਿਟੀ ਨਾ ਜਾਣ ਦੀ ਹਦਾਇਤ ਕਰ ਦਿੱਤੀ...

ਪਰ ਸ਼ਵਿੰਦਰ ਜਿੱਥੇ ਇਸ ਚਿੱਠੀ ਨੂੰ ਵੇਖ ਕੇ ਹੈਰਾਨ-ਪ੍ਰੇਸ਼ਾਨ ਸੀ ਉਥੇ ਗੁਰਸ਼ੇਰ ਨਾਲ ਬਿਤਾਏ ਉਨ੍ਹਾਂ ਦੋਸਤੀ ਦੇ ਦਿਨਾਂ ਨੂੰ ਵੀ ਯਾਦ ਕਰ ਰਿਹਾ ਸੀ

ਜਦੋਂ ਯੂਨੀਵਰਸਿਟੀ ਕੈਂਪਸ ਵਿੱਚ ਉਹ, ਸ਼ਵਿੰਦਰ ਦੇ ਨਾਲ ਇੱਕੋ ਕਮਰੇ ਵਿੱਚ ਠਹਿਰਦਾ ਸੀ... ਸ਼ਵਿੰਦਰ ਲਈ ਇਹ ਯਕੀਨ ਕਰਨਾ ਮੁਸ਼ਕਲ ਸੀ ਕਿ ਗੁਰੀ ਇਸ ਹੱਦ ਤੱਕ ਵੀ ਜਾ ਸਕਦਾ ਹੈ... ਕਦੇ-ਕਦੇ ਉਹਨੂੰ ਲਗਦਾ ਕਿ ਪੰਗਾ ਪਹਿਲਾਂ ਬਾਪੂ ਨੇ ਈ ਲਿਆ ਹੈ ਪਤੰਦਰਾਂ ਦੇ ਖਿਲਾਫ਼ ਬਿਆਨ ਦੇ ਕੇ...

ਉਹਨੇ ਨਾਇਬ ਸਿਉਂ ਨਾਲ ਗੱਲ ਕੀਤੀ ਕਿ ਕਿਉਂ ਨਾ ਇਹ ਚਿੱਠੀ ਪੁਲਿਸ ਨੂੰ ਵਿਖਾਈ ਜਾਵੇ... ਪਰ ਨਾਇਬ ਸਿਉਂ ਅਸਲੋਂ ਈ ਸਾਹ-ਸਤ ਮੁਕਾਈ ਬੈਠਾ ਸੀ.. ਕਿਉਂਕਿ ਚਿੱਠੀ ਵਿੱਚ ਇਕ ਲਾਈਨ ਇਹ ਵੀ ਸੀ ਕਿ ਜੇਕਰ ਪੁਲਿਸ ਨੂੰ ਖ਼ਬਰ ਕੀਤੀ ਤਾਂ ਉਹ ਹਾਲ ਕਰਾਂਗੇ ਕਿ ਤੇਰੀਆਂ ਸੱਤ ਪੁਸ਼ਤਾਂ ਯਾਦ ਰੱਖਣਗੀਆਂ... ਇਸ ਕਰਕੇ ਹੁਣ ਉਹ ਤਾਂ... ਸਾਰਾ ਕੁਝ ਭੁੱਲ-ਭੁਲਾ ਕੇ ਦਸ ਲੱਖ ਦੇ ਇੰਤਜ਼ਾਮ ਵਿੱਚ ਰੁਝ ਗਿਆ...

ਪਰ ਸ਼ਵਿੰਦਰ ਦੇ ਦਿਲ ਵਿੱਚ ਗੁਰਸ਼ੇਰ ਪ੍ਰਤੀ ਗੁੱਸੇ ਦੀ ਲਹਿਰ ਦੌੜ ਗਈ... ਉਹਨੇ ਮਨ ਵਿੱਚ ਇਹ ਧਾਰ ਲਈ ਸੀ ਕਿ ਕੀ ਪਤਾ... ਮੈਨੂੰ ਮਾਰਨ ਦੇ ਬਹਾਨੇ ਹੀ ਸਹੀ ਇੱਕ ਵਾਰ ਗੁਰਸ਼ੇਰ ਮਿਲ ਤਾਂ ਜਾਵੇ ਤੇ ਮੈਂ ਉਹਨੂੰ ਖੜਾ ਕੇ ਪੁੱਛਾਂ... ਕਿ ਆਹ ਕਿਹੜਾ ਸੰਘਰਸ਼ ਹੈ ਜੋ ਤੂੰ ਲੜ ਰਿਹਾ ਏਂ...

.................

"...ਕੀ ਗੱਲ ਆ ਵੀਰੇ... ਬੜਾ ਚਿੰਤਾ ਜੀ 'ਚ ਡੁੱਬਿਆ ਲਗਦਾਂ...??? ਸ਼ਵਿੰਦਰ ਨੂੰ ਉਦਾਸ ਵੇਖ ਕੇ ਗੀਤ ਨੇ ਪੁੱਛਿਆ..."

ਕੁਛ ਨੀਂ ਭੈਣੇ.... ਬੱਸ ਗੱਲ ਈ ਏਦਾਂ ਦੀ ਆ... ਜੇ ਸੁਣ ਲਈ ਤੇਰਾ ਹਾਲ ਪਤਾ ਨੀਂ ਕੀ ਹੋਣਾ... ਸ਼ਵਿੰਦਰ ਨੇ ਜਵਾਬ ਦਿੱਤਾ...

ਐਹੋ ਜਾ ਕੀ ਹੋ ਗਿਆ ਵੀਰ....??? ਖ਼ੈਰ-ਸੁੱਖ ਤਾਂ ਹੈ....!!! ਘਰ ਸਭ ਰਾਜ਼ੀ ਖੁਸ਼ੀ ਆ... ਗੀਤ ਨੇ ਮੋੜਵਾਂ ਸਵਾਲ ਕੀਤਾ...

ਗੀਤ....!!!! ਸਾਨੂੰ ਗੁਰਸ਼ੇਰ ਨੇ ਇੱਕ ਚਿੱਠੀ ਪਾ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਆ, ਨਾਲੇ ਦਸ ਲੱਖ ਰੁਪਈਆ ਵੀ ਮੰਗਿਆ... ਸ਼ਵਿੰਦਰ ਨੇ ਨੀਵੀਂ ਪਾਉਂਦਿਆਂ ਦੱਸਿਆ...

ਹੈਂ...!!! ਕੀ ਆਖਿਆ...!!! ਧਮਕੀ ਦਿੱਤੀ ਆ ਗੁਰੀ ਨੇ...??? ਗੀਤ ਦੇ ਹੱਥੋਂ ਕਿਤਾਬਾਂ ਛੁੱਟ ਗਈਆਂ...

ਹਾਂ ਭੈਣੇ, ਧਮਕੀ ਦਿੱਤੀ ਆ... ਉਹ ਵੀ ਗੁਰੀ ਨੇ... ਸ਼ਵਿੰਦਰ ਨੇ ਦੁਬਾਰਾ ਦੱਸਿਆ...

ਸ਼ਵਿੰਦਰ ਤੂੰ ਘਬਰਾ ਨਾ... ਮੈਂ ਕਦੇ ਸੁਪਨੇ 'ਚ ਵੀ ਨੀਂ ਸੋਚਿਆ ਸੀ ਕਿ ਗੁਰੀ ਏਨਾ ਗਿਰ ਜਾਵੇਗਾ.... ਪਰ ਕੀ ਤੈਨੂੰ ਪੱਕਾ ਯਕੀਨ ਆਂ ਬਈ

ਇਹ ਕੰਮ ਗੁਰੀ ਨੇ ਹੀ ਕੀਤਾ... ਗੀਤ ਨੇ ਪੁੱਛਿਆ...

ਭੈਣੇ.....ਨਾ ਯਕੀਨ ਕਰਨ ਦਾ ਤਾਂ ਹੁਣ ਕੋਈ ਕਾਰਨ ਈ ਨੀਂ ਹੈ... ਉਹਦੀ ਜਥੇਬੰਦੀ ਦੇ ਲੈਟਰਪੈਡ ਤੇ ਚਿੱਠੀ ਲਿਖੀ ਆ, ਥੱਲੇ ਉਹਦੇ ਸਾਈਨ ਵੀ ਨੇ... ਸ਼ਵਿੰਦਰ ਨੇ ਜਵਾਬ ਦਿੱਤਾ...

ਪਰ ਸ਼ਵਿੰਦਰ ......!!!!

ਅਜੇ ਗੀਤ ਬੋਲ ਹੀ ਰਹੀ ਸੀ ਕਿ ਚਾਰ ਕੁ ਪੁਲਿਸ ਵਾਲੇ ਸ਼ਵਿੰਦਰ ਨੂੰ ਲੈਣ ਆ ਗਏ...

ਹਾਂ ਬਈ ਕਾਕਾ... ਥੋਨੂੰ ਜਿਹੜੀ ਧਮਕੀ ਮਿਲੀ ਆ... ਉਹਦੇ ਸਬੰਧ 'ਚ ਪੁਛਗਿੱਛ ਕਰਨੀਂ ਆਂ.... ਗਰੇਵਾਲ ਸਾਹਬ ਥਾਣੇ ਬੈਠੇ ਆ... ਤੈਨੂੰ ਵੀ ਬੁਲਾਇਆ ਵੱਡੇ ਸਾਹਬ ਨੇ... ਇੱਕ ਸਿਪਾਹੀ ਨੇ ਆਖਿਆ....

ਤੇ ਸ਼ਵਿੰਦਰ ਉਠ ਕੇ ਉਹਨਾਂ ਨਾਲ ਗੱਡੀ 'ਚ ਬੈਠ ਗਿਆ....

"... ਪਰ ਜਨਾਬ ਥੋਨੂੰ ਕਿਵੇਂ ਪਤਾ ਲੱਗਿਆ... ??? ਕੀ ਮੇਰੇ ਡੈਡੀ ਨੇ 'ਕੰਪਲੇਂਟ' ਕੀਤੀ ਆ... ਸ਼ਵਿੰਦਰ ਨੇ ਹੌਲਦਾਰ ਨੂੰ ਪੁੱਛਿਆ...

ਨਹੀਂ...!!! ਮਹਿਕਮੇ ਨੂੰ ਤਾਂ ਖੁਫ਼ੀਆ ਏਜੰਸੀਆਂ ਤੋਂ ਸੂਹ ਮਿਲੀ ਆ... ਬਈ ਗਰੇਵਾਲ ਸਾਹਬ ਨੂੰ ਧਮਕੀ ਮਿਲੀ ਆ... ਹੌਲਦਾਰ ਨੇ ਜਵਾਬ ਦਿੱਤਾ...

ਤੇ ਥਾਣੇ ਵਿੱਚ ਪੰਜ-ਸੱਤ ਪੱਤਰਕਾਰ ਬੁਲਾ ਕੇ ਪੁਲਿਸ ਵਾਲਿਆਂ ਨੇ ਚਿੱਠੀ ਹੱਥ 'ਚ ਫੜਾ ਕੇ ਨਾਇਬ ਸਿਉਂ ਨੂੰ ਵਿਚਾਲੇ ਬਿਠਾ ਲਿਆ...

ਤੇ ਅਗਲੇ ਦਿਨ ਅਖ਼ਬਾਰਾਂ 'ਚ ਖ਼ਬਰਾਂ ਛਪੀਆਂ:

"ਇੱਕ ਸੀਨੀਅਰ ਕਾਂਗਰਸੀ ਲੀਡਰ ਨੂੰ ਅੱਤਵਾਦੀਆਂ ਵੱਲੋਂ ਜਾਨੋਂ ਮਾਰਨ ਦੀ ਧਮਕੀ... ਫਿਰੌਤੀ ਦੀ ਵੀ ਕੀਤੀ ਮੰਗ..."

ਤੇ ਅੱਗੇ ਖ਼ਬਰ ਦੀ ਤਫਸੀਲ ਵਿੱਚ ਗੁਰਸ਼ੇਰ ਸਿੰਘ ਤੇ 'ਦਸਮੇਸ਼ ਰਜਮੈਂਟ' ਦੀ ਬੜੀ ਬਦਨਾਮੀ ਕੀਤੀ ਗਈ...

ਓਦਾਂ ਸ਼ਵਿੰਦਰ ਬੜਾ ਹੈਰਾਨ ਸੀ ਕਿ ਖ਼ੁਫੀਆ ਏਜੰਸੀਆਂ ਏਨੀਆਂ ਕਿਨੀਆਂ ਕੁ ਤੇਜ਼ ਹੋ ਗਈਆਂ ਬਈ ਕੱਲ੍ਹ ਸ਼ਾਮੀਂ ਚਿੱਠੀ ਮਿਲੀ ਆ ਤੇ ਅੱਜ ਗਿਆਰਾਂ ਵਜਦੇ ਨੂੰ ਮੈਨੂੰ ਤੇ ਬਾਪੂ ਨੂੰ ਪੱਤਰਕਾਰਾਂ ਦੇ ਸਾਹਮਣੇ ਬਿਠਾ ਲਿਆ... ਉਹਨੂੰ ਦਾਲ਼ 'ਚ ਕੁਝ-ਕੁਝ ਕਾਲ਼ਾ ਨਜ਼ਰ ਆਇਆ... ਪਰ ਉਸਨੇ ਫਿਲਹਾਲ ਚੁੱਪ ਕਰਨਾ ਹੀ ਠੀਕ ਸਮਝਿਆ...

ਉੱਧਰ ਗੀਤ ਨੂੰ ਜਦੋਂ ਅਖ਼ਬਾਰ ਮਿਲਿਆ ਤਾਂ ਉਹਨੇ ਅਖ਼ਬਾਰ ਵਿੱਚ 'ਸਕੈਨ' ਕਰਕੇ ਛਾਪੀ ਗਈ ਚਿੱਠੀ ਵੀ ਵੇਖੀ... ਉਹਨੇ ਸ਼ਵਿੰਦਰ ਨੂੰ ਕਿਹਾ...

"...ਵੀਰੇ ਪਲੀਜ਼... ਮੈਂ ਉਹ ਚਿੱਠੀ ਵੇਖਣਾ ਚਾਹੁੰਦੀ ਹਾਂ..."

"...ਪਰ ਭੈਣੇ.... ਉਹ ਚਿੱਠੀ ਤਾਂ ਮੈਨੂੰ ਲਗਦਾ ਬਾਪੂ ਤੋਂ ਪੁਲਸ ਵਾਲਿਆਂ ਨੇ ਫੜ ਲਈ ਤਫਦੀਸ਼ ਕਰਨ ਲਈ... ਸ਼ਵਿੰਦਰ ਨੇ ਜਵਾਬ ਦਿੱਤਾ...

"...ਵੀਰੇ 'ਐਕਚੁਅਲੀ' ਮੈਨੂੰ ਸ਼ੱਕ ਹੈ ਕਿ ਆਹ ਲਿਖਾਈ ਜੋ ਦਿਸਦੀ ਆ ਇਹ ਗੁਰਸ਼ੇਰ ਦੀ ਨਹੀਂ ਹੋ ਸਕਦੀ... ਮੈਂ ਉਹਦੀ ਲਿਖਾਈ ਚੰਗੀ ਤਰ੍ਹਾਂ ਪਛਾਣਦੀ ਆਂ... ਉਹਨੇ ਮੇਰੇ ਜਨਮ ਦਿਨ 'ਤੇ ਮੈਨੂੰ 'ਗਰੀਟਿੰਗ ਕਾਰਡ' ਦਿੱਤਾ ਸੀ.... ਮੈਂ ਚਿੱਠੀ ਵਾਲੀ ਲਿਖਾਈ ਉਹਦੇ ਨਾਲ ਮਿਲਾ ਕੇ ਵੇਖਣਾ ਚਾਹੁੰਦੀ ਆਂ.... 'ਬੱਟ ਆਈ ਐਮ ਸ਼ਿਉਰ ਸ਼ਵਿੰਦਰ....ਇਟਸ ਨਾੱਟ ਹਿਜ਼ ਰਾਈਟਿੰਗ" ..... ਇਹ ਲਿਖਾਈ ਗੁਰੀ ਦੀ ਨਹੀਂ ਹੈ... ਮੈਨੂੰ ਇਸ ਵਿੱਚ ਕੋਈ ਸਾਜਿਸ਼ ਨਜ਼ਰ ਆਉਂਦੀ ਏ.. ਗੀਤ ਨੇ ਅਖ਼ਬਾਰ ਵੇਖਦਿਆਂ ਆਖਿਆ....

ਪਰ ਇਹ ਵੀ ਤਾਂ ਹੋ ਸਕਦਾ ਭੈਣੇ ਕਿ ਗੁਰੀ ਨੇ ਚਿੱਠੀ ਕਿਸੇ ਹੋਰ ਤੋਂ ਲਿਖਵਾ ਦਿੱਤੀ ਹੋਵੇ... ਕਿਉਂਕਿ ਜਥੇਬੰਦੀ ਤਾਂ ਗੁਰਸ਼ੇਰ ਦੀ ਹੈ ਜੀਹਦਾ ਲੈਟਰਪੈਡ ਮਿਲਿਆ ਹੈ 'ਦਸਮੇਸ਼ ਰਜਮੈਂਟ' ਸ਼ਵਿੰਦਰ ਨੇ ਜਵਾਬ ਦਿੱਤਾ...

ਹਾਂ ਇਹ ਵੀ ਹੋ ਸਕਦਾ... ਗੀਤ ਨੇ ਉਦਾਸੀ ਜੀ ਨਾਲ ਜਵਾਬ ਦਿੱਤਾ...

ਤੇ ਅਗਲੇ ਦਿਨ ਪੰਜਾਬ ਪੁਲਸ ਨੇ ਅਖ਼ਬਾਰਾਂ ਲਈ ਇੱਕ ਇਸ਼ਤਿਹਾਰ ਜ਼ਾਰੀ ਕੀਤਾ...

"ਖ਼ਤਰਨਾਕ ਅੱਤਵਾਦੀ ਗੁਰਸ਼ੇਰ ਸਿੰਘ ਦੇ ਸਿਰ 'ਤੇ ਪੰਜ ਲੱਖ ਦਾ ਨਕਦ ਇਨਾਮ"... ਨਾਲ ਗੁਰਸ਼ੇਰ ਦੀ ਫੋਟੋ ਵੀ ਛਾਪੀ ਗਈ ਸੀ...

ਇਸ ਖ਼ਬਰ ਤੇ ਫੋਟੋ ਦੇ ਛਪ ਜਾਣ ਤੋਂ ਬਾਅਦ ਗੀਤ ਦੇ ਦਿਲ ਵਿੱਚੋਂ ਗੁਰਸ਼ੇਰ ਦੇ ਮਾਰੇ ਜਾਣ ਦਾ ਭਰਮ ਨਿਕਲ ਗਿਆ... ਕਿਉਂਕਿ ਇਹ ਫੋਟੋ ਹੁਣ ਦੀ ਸੀ... ਤੇ ਫੋਟੋ ਵਿੱਚ ਗੁਰਸ਼ੇਰ ਦੇ ਮਗਰ ਪਈ ਏ.ਕੇ. ਸੰਤਾਲੀ ਸਾਫ਼ ਵੇਖੀ ਜਾ ਸਕਦੀ ਸੀ...

ਗੀਤ ਦੀਆਂ ਭੁੱਬਾਂ ਨਿਕਲ ਗਈਆਂ... ਹੁਣ ਗੱਲਾਂ ਦੋ ਈ ਸਨ ਜਾਂ ਤਾਂ ਗੁਰਸ਼ੇਰ ਪੁਲਸ ਨਾਲ ਮਿਲਿਆ ਹੋਇਆ ਸੀ ਤੇ ਜਾਂ ਉਸ ਦੀ ਸੋਚ ਫਿਰਕੂ ਬਣ ਚੁੱਕੀ ਸੀ... ਉਹਦੇ ਸਿਰ 'ਤੇ ਸਵਾਰ ਹੋਏ ਜਨੂੰਨ ਨੇ, ਉਹਦੇ ਦਿਲ ਵਿਚੋਂ ਸੰਤ ਭਿੰਡਰਾਂਵਾਲਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ 'ਹਲੇਮੀ ਰਾਜ' ਵਾਲੇ ਸਿਧਾਂਤ ਤੋਂ ਸੇਧ ਲੈ ਕੇ... ਸਿੱਖੀ ਸਿਧਾਂਤਾਂ ਦੀ ਰੌਸ਼ਨੀ ਵਿੱਚ ਆਰੰਭੇ ਸਿੱਖ ਸੰਘਰਸ਼ ਦੀ ਛਾਪ ਮਿਟਾ ਦਿੱਤੀ ਸੀ... ਤੇ ਉਹ ਸੱਚਮੁੱਚ ਕੁਰਾਹੇ ਪੈ

ਗਿਆ ਸੀ...

ਅੱਜ... ਗੁਰਸ਼ੇਰ ਗੀਤ ਲਈ ਸੱਚਮੁੱਚ ਮਰ ਚੁੱਕਿਆ ਸੀ.... ਇਹ ਜਿਸ ਦੀ ਫੋਟੋ ਅਖ਼ਬਾਰ ਵਿੱਚ ਛਪੀ ਸੀ ਇਹ ਗੁਰਸ਼ੇਰ ਗੀਤ ਦਾ ਗੁਰਸ਼ੇਰ ਨਹੀਂ ਸੀ... ਉਹ ਤਾਂ ਖਾਲਸਾਈ ਸਿਧਾਂਤਾਂ ਦਾ ਧਾਰਨੀ ਸੀ ਤੇ ਅੱਜ ਵਾਲੀ ਫੋਟੋ ਗੀਤ ਨੂੰ ਬੇਗਾਨੀ-ਬੇਗਾਨੀ ਜੀ ਲੱਗਦੀ ਸੀ... ਬੇਸ਼ੱਕ ਗੀਤ ਨੇ ਗੁਰਸ਼ੇਰ ਦੇ ਜ਼ਿੰਦਾ ਹੋਣ ਦਾ ਪੁਖ਼ਤਾ ਸਬੂਤ... ਉਹਦੀ ਤਾਜ਼ਾ ਤਸਵੀਰ ਵੇਖ ਲਈ ਸੀ... ਪਰ ਗੀਤ ਦੀਆਂ ਅੱਖਾਂ ਮੂਹਰਿਓਂ, ਅਖ਼ਬਾਰਾਂ ਵਿੱਚ ਛਪੇ ਉਹ ਸਾਰੇ ਬਿਆਨ, ਵਾਰਦਾਤਾਂ, ਜ਼ੁੰਮੇਵਾਰੀਆਂ, ਘੁੰਮ ਗਈਆਂ ਜਿਹੜੀਆਂ ਗੁਰਸ਼ੇਰ ਦੇ ਨਾਂ ਨਾਲ ਜੁੜੀਆਂ ਸਨ ਤੇ ਖਾੜਕੂ ਲਹਿਰ ਦੇ ਅਸਲ ਮਕਸਦ ਤੋਂ ਕੋਹਾਂ ਦੂਰ ਵੀ ਸਨ।

"... ਹਾਏ ਚੰਦਰਿਆ...!!! ਆਹ ਤੂੰ ਕੀ ਲੋਹੜਾ ਮਾਰਿਆ... ਤੂੰ ਤਾਂ ਖਾੜਕੂਆਂ ਦੇ ਨਾਂ ਨੂੰ ਈ ਲਾਜ ਲਾ ਦਿੱਤੀ... ਤੂੰ ਕੁਝ ਵੀ ਹੋ ਸਕਦਾਂ ਗੁਰੀ... ਪਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਆਰੰਭੇ ਸੰਘਰਸ਼ ਦਾ ਸਿਪਾਹੀ ਨਹੀਂ ਹੋ ਸਕਦਾ... ਮੇਰੇ ਲਈ ਅੱਜ ਤੂੰ ਮਰ ਗਿਆ ਹੈਂ... ਚੰਗਾ ਹੁੰਦਾ ਤੂੰ ਇੰਟੈਰੋਗੇਸ਼ਨ ਸੈਂਟਰ ਵਿੱਚ ਈ ਮਾਰਿਆ ਜਾਂਦਾ... ਆਹ ਨਮੋਸ਼ੀ ਨਾ ਝੱਲਣੀ ਪੈਂਦੀ ਖਾੜਕੂਆਂ ਨੂੰ ਤੇਰੀਆਂ ਕਰਤੂਤਾਂ ਕਰਕੇ...

ਹੇ ਰੱਬਾ...!!! ਚੱਕ ਲਾ ਮੈਨੂੰ ਵੀ, ਮੈਂ ਨਹੀਂ ਜਿਉਣਾ ਚਾਹੁੰਦੀ... ਮੈਂ ਨਹੀਂ ਜਿਉਣਾ ਚਾਹੁੰਦੀ.. ਆਖਦਿਆਂ ਗੀਤ ਦੀ ਧਾਹ ਨਿਕਲ ਗਈ..."

*ਸਹੀਓ ਰੁੱਖ ਹਯਾਤੀ ਦੇ ਨੂੰ ਕੀ ਪਾਵਾਂ ਮੈਂ ਪਾਣੀ ਨੀਂ*
*ਸਿਉਂਕ ਇਸ਼ਕ ਦੀ ਫੋਕੀ ਕਰ ਗਈ ਇਹਦੀ ਹਰ ਇੱਕ ਟਾਹਣੀ ਨੂੰ*
*ਯਾਦਾਂ ਦਾ ਕਰ ਲੱਗੜ ਕੌਸਾ ਕੀ ਮੈਂ ਕਰਾਂ ਟਕੋਰਾਂ ਨੀਂ*
*ਪਈ ਬਿਰਹੋਂ ਦੀ ਸੋਜ ਕਲੇਜ਼ੇ ਮੋਇਆਂ ਬਾਝ ਨਾ ਜਾਣੀ ਨੀਂ*
*ਡੋਲ੍ਹ ਇਤਰ ਮੇਰੀ ਜੁਲਫੀਂ ਮੈਨੂੰ ਲੈ ਚੱਲੋ ਕਬਰਾਂ ਵੱਲੇ ਨੀ*
*ਖੌਰੇ ਭੂਤ-ਭੁਤਾਣੇ ਹੀ ਬਣ ਚੰਬੜ ਜਾਵਣ ਹਾਣੀ ਨੀਂ।*

*(ਸ਼ਿਵ ਕੁਮਾਰ ਬਟਾਲਵੀ)*

---------------

## ਕਾਂਡ – 13

*ਸਿਰ 'ਤੇ ਬਣੀ ਏ ਸੱਜਣਾ ਪਿਆਰਿਆਂ ਦੇ*
*ਅਗਾਂਹ ਵਧ ਕੇ ਹੱਥ ਵੰਡਾ ਮਰੀਏ*
*ਕੀਹ ਤੱਕਣੀ ਆਸ ਬੇਗਾਨਿਆਂ ਦੀ*
*ਹੱਥੀਂ ਆਪਣੀ ਖ਼ੈਰ ਕਮਾ ਮਰੀਏ*

*(ਉਸਤਾਦ ਦਾਮਨ)*

ਗੀਤ ਦੀਆਂ ਅੱਖਾਂ ਮੂਹਰੇ ਪੁਲਿਸ ਵੱਲੋਂ ਜ਼ਾਰੀ ਕੀਤੇ ਇਨਾਮੀ ਇਸ਼ਤਿਹਾਰ ਤੇ ਉਹਦੇ ਵਿੱਚ ਲੱਗੀ ਗੁਰਸ਼ੇਰ ਦੀ ਪਿੱਛੇ ਪਈ ਏ.ਕੇ. ਸੰਤਾਲੀ ਵਾਲੀ ਫੋਟੋ ਦੇ ਨਾਲ-ਨਾਲ ਹੁਣ ਤੱਕ ਗੁਰਸ਼ੇਰ ਤੇ ਉਹਦੀ ਜਥੇਬੰਦੀ 'ਦਸਮੇਸ਼ ਰਜਮੈਂਟ' ਵੱਲੋਂ ਕੀਤੀਆਂ ਘਟਨਾਵਾਂ ਤੇ ਲਈਆਂ ਜ਼ੁੰਮੇਵਾਰੀਆਂ ਘੁੰਮੀ ਜਾ ਰਹੀਆਂ ਸਨ...

ਉਹ ਸੋਚ-ਸੋਚ ਕੇ ਡਾਹਢੀ ਪਰੇਸ਼ਾਨ ਸੀ ਕਿ ਜਦੋਂ ਪਟਿਆਲੇ ਸਦਰ ਬਜ਼ਾਰ ਵਿੱਚ ਦੋ ਹਿੰਦੂਆਂ ਨੂੰ ਮਾਰ ਦਿੱਤਾ ਗਿਆ ਸੀ ਤਾਂ ਗੁਰਸ਼ੇਰ ਨੇ ਇਹਦੇ ਪਿਛੇ ਪੁਲਿਸ ਤੇ ਸਰਕਾਰ ਦਾ ਹੱਥ ਹੋਣ ਦਾ ਖਦਸ਼ਾ ਪ੍ਰਗਟਾਇਆ ਸੀ ਤੇ ਇਹਨਾਂ ਨਿਰਦੋਸ਼ਾਂ ਦੇ ਕਤਲ ਦੀ ਨਿੰਦਾ ਵੀ ਕੀਤੀ ਸੀ...

ਗੀਤ ਨੂੰ ਯਾਦ ਆਇਆ ਕਿ ਗੁਰੀ ਨੇ ਇਸ ਗੱਲ 'ਤੇ ਵੀ ਦੁੱਖ ਪ੍ਰਗਟਾਇਆ ਸੀ ਕਿ ਹਰ ਰੋਜ਼ ਕਿੰਨੇ ਸਿੱਖ ਨੌਜਵਾਨ ਵੀ ਸ਼ੱਕ ਦੇ ਆਧਾਰ 'ਤੇ ਹੀ ਜਾਣ ਬੁੱਝ ਕੇ ਮਾਰ ਦਿੱਤੇ ਜਾਂਦੇ ਹਨ ਪਰ ਕਿਸੇ ਦੇ ਕਤਲ ਦੀ ਖ਼ਬਰ ਵੀ ਮਸਾਂ ਈ ਲੱਗਦੀ ਆ ਪਰ ਇਨ੍ਹਾਂ ਹਿੰਦੂਆਂ ਦੇ ਕਤਲ ਦਾ ਰੌਲ਼ਾ ਦਿੱਲੀ ਦਰਬਾਰ ਤੱਕ ਪਹੁੰਚਿਆ ਹੈ...

ਰੱਬ ਨਾ ਕਰੇ ਹੋ ਸਕਦਾ ਗੁਰਸ਼ੇਰ ਵੀ ਕਿਸੇ ਸਾਜਿਸ਼ ਦਾ ਸ਼ਿਕਾਰ ਹੋ ਗਿਆ ਹੋਵੇ... ਉਹਦੇ ਵਿਚਾਰ ਐਨੇ ਤਾਂ ਨਹੀਂ ਬਦਲ ਸਕਦੇ...!!! ਪਰ ਜੇ ਪੁਲਿਸ ਉਹਦੇ ਨਾਂ ਨੂੰ ਬਦਨਾਮ ਕਰ ਰਹੀ ਐ ਤਾਂ ਉਹ ਸਪੱਸ਼ਟੀਕਰਨ ਕਿਉਂ ਨੀਂ ਦਿੰਦਾ....ਕਿਸੇ ਨਾ ਕਿਸੇ ਤਰੀਕੇ ਤਾਂ ਗੁਰਸ਼ੇਰ ਨੂੰ ਆਪਣਾ ਪੱਖ ਰੱਖਣਾ ਚਾਹੀਦਾ ਹੈ....

ਪਰ ਗੀਤ ਬੰਦੇ ਦੇ ਮਨ ਦਾ ਵੀ ਕੀ ਭਰੋਸਾ ਕਦੋਂ ਡੋਲ ਜਾਵੇ... ਹੋ ਸਕਦਾ ਗੁਰਸ਼ੇਰ ਸੱਚਮੁੱਚ ਬਦਲ ਗਿਆ ਹੋਵੇ... ਗੀਤ ਦੇ ਦਿਲੀ ਖ਼ਿਆਲ ਰੇਤ

ਦੇ ਮਹਿਲਾਂ ਵਾਂਗ ਉਸਰਦੇ-ਢਹਿੰਦੇ ਗਏ.... ਸੋਚਾਂ ਸੋਚਦਿਆਂ ਕਾਫ਼ੀ ਰਾਤ ਹੋ ਗਈ ਸੀ.... ਪਤਾ ਨੀਂ ਕਦੋਂ ਗੀਤ ਦੀ ਅੱਖ ਲੱਗੀ....

ਸਵੇਰੇ ਸਾਜ਼ਰੇ ਗੀਤ ਦੀ ਜਾਗ ਖੁੱਲ੍ਹ ਗਈ.... ਉੱਠੀ....ਨਹਾ ਕੇ ਪਾਠ ਕਰਨ ਲੱਗ ਪਈ.... ਜਪੁਜੀ ਸਾਹਿਬ ਦਾ ਪਾਠ ਕੀਤਾ ਪਰ ਅੱਜ ਪਾਠ 'ਚ ਮਨ ਨਹੀਂ ਸੀ ਲੱਗ ਰਿਹਾ... ਦਿਲ ਵਿਚ ਅਜੀਬ ਜੀ ਬੇਚੈਨੀ ਛਾਈ ਹੋਈ ਸੀ...

ਗੀਤ ਦਾ ਸੁਰੱਖਿਆ ਗਾਰਡ ਕਿਹਰ ਸਿੰਘ ਕਿਧਰੇ ਦਿਸ ਨਹੀਂ ਸੀ ਰਿਹਾ... ਹੋ ਸਕਦਾ ਇੱਕ-ਦੋ ਦਿਨ ਛੁੱਟੀ ਕੱਟਣ ਚਲਿਆ ਗਿਆ ਹੋਵੇ ਆਪਣੇ ਪਿੰਡ.... ਉਹਦਾ ਪਿੰਡ ਵੀ ਲਾਗੇ ਈ ਸੀ ਓਦਾਂ ਤਾਂ... ਕਈ ਵਾਰ ਇੱਕ-ਅੱਧਾ ਦਿਨ ਪਿੰਡ ਲਾ ਆਉਂਦਾ ਸੀ....

ਗੀਤ ਯੂਨੀਵਰਸਿਟੀ ਜਾਣ ਦੀ ਤਿਆਰੀ ਕਰ ਰਹੀ ਸੀ.. ਡੀ.ਐਸ.ਪੀ. ਹਾਕਮ ਸਿੰਹੁ ਅਜੇ ਸੁੱਤਾ ਪਿਆ ਸੀ... ਦੇਰ ਰਾਤ ਕਿਤੇ ਰੇਡ 'ਤੇ ਗਿਆ ਹੋਣਾ... ਸ਼ਰਾਬ ਨਾ ਡੱਕ ਕੇ ਸੌਂ ਜਾਂਦਾ ਤੇ ਫਿਰ ਸਵੇਰੇ ਅੱਖ ਔਖੀ ਓਈ ਖੁੱਲਦੀ ਆ....

ਗੀਤ ਕਿਤਾਬਾਂ ਚੁੱਕ ਕੇ ਆਪਣੇ ਕਮਰੇ 'ਚੋਂ ਬਾਹਰ ਆ ਗਈ ਤੇ ਆਪਣੇ ਡਰਾਇਵਰ ਨੂੰ ਬੋਲੀ....

"... ਡਰਾਇਵਰ...!!!ਅੱਜ ਬਾਬਾ ਜੀ ਨੀਂ ਦਿਸਦੇ ...???

"... ਡਰਾਇਵਰ ਸਮਝ ਗਿਆ ਕਿ ਗੀਤ ਕਿਹਰ ਸਿੰਘ ਨੂੰ ਬਾਬਾ ਜੀ ਕਹਿੰਦੀ ਆ....

ਮੇਮ ਸਾਹਬ ਉਹ ਪਿੰਡ ਚਲਿਆ ਗਿਆ ਸੀ ਕੱਲ੍ਹ, ਅੱਜ ਸ਼ਾਮ ਤੱਕ ਆਜੂਗਾ... ਤੁਹਾਡੇ ਨਾਲ ਯੂਨੀਵਰਸਿਟੀ ਜਾਣ ਲਈ ਦੂਜੇ ਸਿਪਾਹੀ ਦੀ ਡਿਊਟੀ ਲਾਈ ਆ... ਡਰਾਇਵਰ ਨੇ ਗੱਡੀ ਕੱਢਦਿਆਂ ਆਖਿਆ...

ਅੱਛਾ... ਔਹ ਜਿਪਸੀ 'ਚ ਏਨੀਆਂ ਰਫਲਾਂ ਪਈਆਂ... ਕਿੱਥੋਂ ਫੜੀਆਂ ਇਹ....??? ਗੀਤ ਨੇ ਦੂਰ ਖੜ੍ਹੀ ਜਿਪਸੀ ਵੱਲ ਇਸ਼ਾਰਾ ਕੀਤਾ ਜਿਸ 'ਤੇ ਇੱਕ ਸਿਪਾਹੀ ਤਰਪਾਲ ਪਾ ਕੇ ਰਫਲਾਂ ਨੂੰ ਢਕ ਰਿਹਾ ਸੀ...

ਮੇਮ ਸਾਹਬ ਇਹ ਅਸਲਾ ਕਿਸੇ ਅੱਤਵਾਦੀ ਦੀ ਨਿਸ਼ਾਨਦੇਹੀ ਤੇ ਰਾਤ ਸਾਹਬ ਨੇ ਜ਼ਬਤ ਕੀਤਾ... ਹੁਣ ਮੁੰਡੇ ਠਾਣੇ ਛੱਡਣ ਚੱਲੇ ਆ....

ਆਹ ਲਉ ਥੁਆਡੀ ਗੱਡੀ ਆ ਗਈ ਬੈਠੋ... ਡਰਾਇਵਰ ਨੇ ਗੀਤ ਦੀ ਗੱਡੀ ਵੱਲ ਇਸ਼ਾਰਾ ਕਰਦਿਆਂ ਕਿਹਾ.. ਜਿਸਤੇ ਉਹ ਹਰ ਰੋਜ਼ ਯੂਨੀਵਰਸਿਟੀ ਜਾਂਦੀ ਹੁੰਦੀ ਸੀ...

ਪਰ ਗੀਤ ਦੀ ਨਿਗ੍ਹਾ... ਅਸਲੇ ਵਾਲੀ ਜਿਪਸੀ ਦੀ ਮੂਹਰਲੀ ਸੀਟ

ਤੇ ਪਏ ਲਿਫਾਫੇ 'ਤੇ ਪਈ ਜਿਸ ਵਿੱਚ ਵੀਹ-ਪੱਚੀ ਛੋਟੀਆਂ ਕ੍ਰਿਪਾਨਾਂ ਤੇ ਗਾਤਰੇ ਰੱਖੇ ਹੋਏ ਸਨ ਤੇ ਇੱਕ ਹੋਰ ਲਿਫਾਫੇ ਵਿੱਚ ਚਿੱਟੇ ਤੇ ਨੀਲੇ ਰੰਗ ਦੇ ਕੁਝ ਕੱਪੜੇ ਵੀ ਦਿਖਾਈ ਦੇ ਰਹੇ ਸਨ... ਗੀਤ ਨੇ ਭਾਵੇਂ ਚੋਰ ਅੱਖ ਨਾਲ ਸਭ ਕੁਝ ਵੇਖ ਲਿਆ ਸੀ ਪਰ ਉਹਨੇ ਡਰਾਇਵਰ ਨੂੰ, ਨਾ ਕੁਝ ਮਹਿਸੂਸ ਹੋਣ ਦਿੱਤਾ ਤੇ ਨਾ ਹੀ ਕੁਝ ਹੋਰ ਪੁੱਛਿਆ....

"... ਡਰਾਇਵਰ ਤੂੰ ਏਦਾਂ ਕਰ... ਅੱਜ ਬਾਬਾ ਜੀ ਤਾਂ ਹੈਨੀ ਗੇ, ਤੁਸੀਂ ਵੀ ਘਰ ਅਰਾਮ ਕਰ ਲਵੋ... ਨਾਲੇ ਮੇਰਾ ਦਿਲ ਕਰਦਾ ਡਰਾਈਵ ਕਰਨ ਨੂੰ... ਤੂੰ ਏਦਾਂ ਕਰ ਮੇਰੇ ਵਾਲੀ ਗੱਡੀ 'ਰੈਡੀ' ਕਰ ਦੇ... ਮੈਂ ਪਾਪਾ ਲਈ ਚਾਹ ਬਣਾ ਕੇ ਰੱਖ ਦਿਆਂ ਓਨਾਂ ਚਿਰ... ਵੀਰਾਂ ਅੱਜ ਆਈ ਨੀਂ ਅਜੇ ਤੱਕ... ਗੀਤ ਨੇ ਡਰਾਇਵਰ ਨੂੰ ਉਹਦੇ ਵਾਲੀ 'ਫੀਅਟ' ਕਾਰ ਬਾਹਰ ਕੱਢਣ ਦਾ ਇਸ਼ਾਰਾ ਕੀਤਾ ਜਿਸਨੂੰ ਗੀਤ ਕਦੇ-ਕਦੇ ਸ਼ੌਂਕੀਆ ਚਲਾਇਆ ਕਰਦੀ ਸੀ....

ਗੀਤ ਦੇ ਮਨ ਵਿੱਚ ਜਿਪਸੀ ਵਿੱਚ ਪਈਆਂ ਦਸ ਕੁ ਬੰਦੂਕਾਂ ਤੇ ਕੁਝ ਕਕਾਰ ਤੇ ਚੋਲ਼ੇ ਵਗੈਰਾ ਵੇਖ ਕੇ ਸ਼ੱਕ ਜਾ ਹੋ ਗਿਆ... ਕਿਉਂਕਿ ਅਸਲਾ ਤਾਂ ਚਲ ਮੰਨ ਲਈ ਗੱਲ ਬਰਾਮਦ ਕਰ ਲਿਆ ਪਰ ਜਿਹੜੀਆਂ ਕ੍ਰਿਪਾਨਾਂ, ਗਾਤਰੇ ਤੇ ਚੋਲ਼ੇ ਰੱਖੇ ਆ ਅਗਲੀ ਸੀਟ ਤੇ ਉਹ ਕਿੱਥੋਂ ਜ਼ਬਤ ਕੀਤੇ ਆ....

ਜਬਤ ਕੀਤੇ ਆ ਜਾਂ ਮੰਗਵਾਏ ਗਏ ਆ....!!!! ਗੀਤ ਜ਼ਰੂਰ ਕੁਝ ਦਾਲ਼ 'ਚ ਕਾਲ਼ਾ ਹੈ....!!!! ਗੀਤ ਨੇ ਆਪਣੇ ਮਨ ਨੂੰ ਸਵਾਲ ਕੀਤਾ...

ਗੀਤ 'ਕਿਚਨ' ਵਿੱਚ ਚਾਹ ਬਣਾਉਂਦਿਆਂ-ਬਣਾਉਂਦਆਂ....ਅਸਲੇ ਵਾਲੀ ਜਿਪਸੀ ਦੇ ਤੁਰਨ ਦੀ ਉਡੀਕ ਕਰਨ ਲੱਗੀ ਤਾਂ ਜੋ ਉਹਦਾ ਪਿੱਛਾ ਕਰ ਸਕੇ....

ਦਸ ਕੁ ਮਿੰਟ ਬਾਅਦ ਸਿਪਾਹੀਆਂ ਨੇ ਗੱਡੀ ਨੂੰ ਚੰਗੀ ਤਰ੍ਹਾਂ ਤਰਪਾਲ ਨਾਲ ਕਵਰ ਕਰਕੇ ਰਫਲਾਂ ਲਕੋ ਲਈਆਂ ਤੇ ਡੀ.ਐਸ.ਪੀ. ਵੱਲੋਂ ਦੱਸੀ ਮੰਜ਼ਿਲ ਵੱਲ ਤੁਰ ਪਏ....

ਏਨੇ ਨੂੰ ਗੀਤ ਵੀ ਬਾਹਰ ਆ ਗਈ ਸੀ...

"... ਲਿਆਉ ਡਰਾਇਵਰ... ਮੈਂ ਲੇਟ ਹੋ ਰਹੀ ਆਂ..."

ਕੋਈ ਨਾ ਕੀ ਹੁੰਦਾ ਇਹਦੀ ਸਫਾਈ ਨੂੰ.... ਬੱਸ ਇਕੱਲਾ ਹੈਡ ਸੀਸਾ ਸਾਫ਼ ਕਰਦੇ... ਗੀਤ ਨੇ ਕਾਹਲੀ ਨਾਲ ਕਿਤਾਬਾਂ ਗੱਡੀ 'ਚ ਰੱਖਦਿਆਂ ਆਖਿਆ...

ਗੀਤ ਨੇ ਸੁਰੱਖਿਅਤ ਫਾਸਲੇ ਨਾਲ ਆਪਣੀ 'ਫੀਅਟ' ਕਾਰ... ਸਿਪਾਹੀਆਂ ਦੀ ਅਸਲੇ ਵਾਲੀ ਜਿਪਸੀ ਦੇ ਮਗਰ ਲਾ ਲਈ ਸੀ...

ਦੇਖਦਿਆਂ-ਦੇਖਦਿਆਂ ਜਿਪਸੀ ਸ਼ਹਿਰ ਤੋਂ ਬਾਹਰ ਸੁੰਨਸਾਨ ਰਾਹਾਂ

ਤੇ ਤੁਰ ਪਈ.... ਪਹਿਲਾਂ ਤਾਂ ਗੀਤ ਡਰ ਗਈ ਕਿਉਂਕਿ ਉਹਦੀ ਗੱਡੀ ਪਛਾਣੀ ਜਾ ਸਕਦੀ ਸੀ.... ਪਰ ਫੇਰ ਉਹਨੇ ਹੌਂਸਲਾ ਜਾ ਕਰਕੇ ਪਿੱਛਾ ਕਰਨਾ ਜਾਰੀ ਰੱਖਿਆ.... ਅੱਧੇ ਕੁ ਘੰਟੇ ਬਾਅਦ ਜਿਪਸੀ ਲਿੰਕ ਰੋਡ ਤੋਂ ਸੱਜੇ ਪਾਸੇ ਜਾਂਦੀ ਕੱਚੀ ਪਹੀ ਤੇ ਉਤਰ ਕੇ ਧੂੜ ਉਡਾਉਂਦੀ ਹੋਈ.... ਚਾਰ ਕੁ ਕਿੱਲੇ ਅਗਾਂਹ ਬਣੇ ਇੱਕ ਘਰ ਮੂਹਰੇ ਜਾ ਰੁਕ ਗਈ.....

ਉੱਡਦੀ ਧੂੜ ਵਿੱਚ ਗੀਤ ਨੂੰ ਬਹੁਤ ਮੱਧਮ ਜਾ ਵਿਖਾਈ ਦੇ ਰਿਹਾ ਸੀ.... ਸੁਭਾਵਿਕ ਸੀ ਕਿ ਸਿਪਾਹੀਆਂ ਨੂੰ ਵੀ ਕੁਝ ਖਾਸ ਦਿਖਾਈ ਨਹੀਂ ਦਿੰਦਾ ਹੋਵੇਗਾ .... ਇਸੇ ਹੌਂਸਲੇ ਵਿੱਚ ਗੀਤ ਨੇ ਆਪਣੀ ਕਾਰ ਕੱਚੇ ਪਹੇ ਵੱਲ ਮੋੜਨ ਦੀ ਬਜਾਏ ਉਸੇ ਲਿੰਕ ਰੋਡ ਤੇ ਕਿਲੋ ਕੁ ਮੀਟਰ ਦੇ ਫਾਸਲੇ ਤੇ ਅੱਗੇ ਜਾ ਕੇ ਰੋਕ ਲਈ....

ਉਦੋਂ ਤੱਕ ਧੂੜ ਵੀ ਸ਼ਾਂਤ ਹੋ ਗਈ... ਸਿਪਾਹੀਆਂ ਨੇ ਆਪਣੀ ਗੱਡੀ ਉਸ ਘਰ ਦੇ ਅੰਦਰ ਵਾੜ ਲਈ ਸੀ... ਤਕਰੀਬਨ ਵੀਹ ਕੁ ਮਿੰਟ ਬਾਅਦ.... ਦੋਵੇਂ ਸਿਪਾਹੀ ਤੇ ਹੋਰ ਤਿੰਨ-ਚਾਰ ਬੰਦੇ ਉਸੇ ਗੱਡੀ ਰਾਹੀਂ ਵਾਪਸ ਚੱਲ ਪਏ....

ਗੀਤ ਓਨਾਂ ਸਮਾਂ ਚੁੱਪ-ਚਾਪ ਖੜ੍ਹੀ ਵੇਖਦੀ ਰਹੀ ਜਿੰਨਾ ਚਿਰ ਪੁਲਿਸ ਦੀ ਜਿਪਸੀ ਅੱਖਾਂ ਤੋਂ ਓਹਲੇ ਨਹੀਂ ਹੋ ਗਈ...

ਥੋੜ੍ਹੇ ਸਮੇਂ ਬਾਅਦ ਗੀਤ ਨੇ ਹੌਂਸਲਾ ਜਾ ਕਰਕੇ ਗੱਡੀ ਮੋੜ ਲਈ ਤੇ ਉਸੇ ਘਰ ਵੱਲ ਚੱਲ ਪਈ.... ਗੀਤ ਨੂੰ ਬਹੁਤ ਜ਼ਿਆਦਾ ਡਰ ਲੱਗ ਰਿਹਾ ਸੀ... ਕੋਈ ਅਣਹੋਣੀ ਹੋਣ ਦੀ ਸੂਰਤ ਵਿੱਚ ਉਹਨੇ ਪਹਿਲਾਂ ਹੀ ਬਹਾਨਾ ਸੋਚ ਲਿਆ... "ਕਿ ਕਹਿ ਦਿਆਂਗੀ ਮੇਰੀ ਗੱਡੀ ਗਰਮ ਹੋ ਗਈ ਹੈ... ਮੈਂ ਪਾਣੀ ਲੈਣ ਲਈ ਇੱਥੇ ਰੁਕੀ ਹਾਂ...."

ਸੋਚਦਿਆਂ-ਸੋਚਦਿਆਂ ਗੀਤ ਘਰ ਵੱਲ ਜਾ ਰਹੀ ਸੀ ਪਰ ਰੁਕਣ ਦਾ ਹੌਂਸਲਾ ਨਹੀਂ ਪੈ ਰਿਹਾ ਸੀ... ਗੀਤ ਨੇ ਸੋਚਿਆ ਕਿਉਂ ਨਾ ਇੱਕ ਵਾਰ ਸਿੱਧੀ ਲੰਘ ਜਾਵਾਂ ਤੇ ਬਹਾਨੇ ਨਾਲ ਵੇਖ ਲਵਾਂ ਕਿ ਘਰ ਵਿੱਚ ਕੌਣ-ਕੌਣ ਸਾਹਮਣੇ ਹੈ... ਪਰ ਸਿੱਧਾ ਲੰਘ ਕੇ ਦੁਬਾਰਾ ਵਾਪਸ ਆ ਕੇ ਰੁਕਣਾ ਤਾਂ ਹੋਰ ਵੀ ਸ਼ੱਕ ਦੇ ਘੇਰੇ ਵਿੱਚ ਆਉਣ ਵਾਲੀ ਗੱਲ ਸੀ....

ਕੁਝ ਸੋਚ ਕੇ ਗੀਤ ਨੇ ਆਪਣੀ ਗੱਡੀ ਲਿੰਕ ਰੋਡ ਦੇ ਨਾਲ ਹੀ ਕੱਚੇ ਪਹੇ 'ਤੇ ਰੋਕ ਦਿੱਤੀ ਤੇ ਆਪ ਹੌਲੀ-ਹੌਲੀ ਉਸ ਘਰ ਵੱਲ ਤੁਰ ਪਈ...

ਗੀਤ ਘਰ ਦੇ ਐਨ ਸਾਹਮਣੇ ਪਹੁੰਚ ਚੁੱਕੀ ਸੀ... ਘਰ ਦਾ ਲੱਕੜ ਦਾ ਦਰਵਾਜਾ ਬੰਦ ਕੀਤਾ ਹੋਇਆ ਸੀ... ਗੀਤ ਨੇ ਵਿਰਲਾਂ ਵਿੱਚ ਦੀ ਨੇੜੇ ਹੋ ਕੇ ਵੇਖਿਆ ਸਾਹਮਣੇ ਕਮਰੇ ਵਿੱਚ ਦੋ ਜਣੇ ਬੈਠੇ ਗੱਲਾਂ ਕਰ ਰਹੇ ਸਨ...

ਦਰਵਾਜ਼ਾ ਜਿਹੜਾ ਸਿਰਫ਼ ਭੇੜਿਆ ਈ ਹੋਇਆ ਸੀ ਗੀਤ ਦਾ ਮੋਢਾ ਲੱਗਣ ਦੇ ਨਾਲ ਥੋੜ੍ਹਾ ਜਾ ਖੁੱਲ੍ਹ ਗਿਆ ਤੇ ਜੰਗਾਲੇ ਹੋਏ ਕਬਜ਼ਿਆਂ 'ਚੋਂ ਚਿਰਰ...ਰ...ਰ...ਰ...ਰ...ਅ...ਅ...ਅ ਦੀ ਅਵਾਜ਼ ਆਈ... ਗੱਲਾਂ ਕਰਨ ਵਾਲਿਆਂ 'ਚੋਂ ਇੱਕ ਨੇ ਕੰਨ ਚੁੱਕ ਲਏ...

ਕੌਣ ਆਂ ਬਈ ਓਏ...???

ਹੁਣ ਤੱਕ ਗੀਤ ਭੱਜ ਕੇ ਦਰਵਾਜ਼ੇ ਦੇ ਓਹਲੇ ਹੋ ਚੁੱਕੀ ਸੀ...

"... ਹੋਣਾ ਕੀਹਨੇ ਆਂ ਯਾਰ... ਆਹ ਵੇਖ ਸਾਲ਼ਾ ਕਤੀੜ..." ਦੂਸਰੇ ਨੇ ਵਿਹੜੇ ਵਿੱਚ ਫਿਰਦੇ ਕਾਲ਼ੇ ਕੁੱਤੇ ਵੱਲ ਇਸ਼ਾਰਾ ਕਰਕੇ ਕਿਹਾ...

... ਨਾਲੇ ਸੌਂ ਜਾ ਭਰਾਵਾ ਹੁਣ ਚੁੱਪ ਕਰਕੇ... ਸਾਲ਼ੀ ਅੱਖਾਂ 'ਚ ਨੀਂਦ ਰੜਕੀ ਜਾਂਦੀ ਆ... ਭੈਣ ਈ ਜਾਵੇ ਦੀ ਮੂਹਰੇ ਫੇਰ ਰਾਤ ਆਉਂਦੀ ਆ... ਅਜੇ ਤਾਂਈਂ ਢੂਈ ਥੱਲੇ ਨੀਂ ਲਾ ਕੇ ਵੇਖੀ... ਸਾਲ਼ਾ ਜੱਭਖਾਨਾ ਗਲ਼ ਪਿਆ... ਦੂਸਰੇ ਬੰਦੇ ਨੇ ਪਾਸਾ ਲੈ ਕੇ ਮੂੰਹ ਕੰਬਲੀ ਦੇ ਪੱਲੇ ਨਾਲ ਢਕਦਿਆਂ ਆਖਿਆ...

ਊਂ...ਯਾਰ ਤੈਨੂੰ ਕੀ ਲੱਗਦਾ ਬਈ ਗਰੇਵਾਲ ਦੇਦੂਗਾ ਦਸ ਲੱਖ ਕ ਨਈਂ...??? ਪਹਿਲੇ ਨੇ ਅੱਗੇ ਗੱਲ ਤੋਰੀ... ਲੱਗਦਾ ਉਹਨੂੰ ਅਜੇ ਨੀਂਦ ਨੀਂ ਆਉਂਦੀ ਸੀ...

ਹੈਂ...!!! ਗਰੇਵਾਲ...!!! ਦਸ ਲੱਖ...!!! ਲਗਦਾ ਸ਼ਵਿੰਦਰ ਦੇ ਡੈਡੀ ਦੀ ਗੱਲ ਕਰਦੇ ਆ... ਗੀਤ ਕੰਨ੍ਹ ਲਾ ਕੇ ਗਹੁ ਨਾਲ ਦੋਵਾਂ ਦੀਆਂ ਗੱਲਾਂ ਸੁਣਨ ਲੱਗ ਪਈ... ਨਾਲੇ ਡਰ ਵੀ ਰਹੀ ਸੀ ਕਿ ਬਾਹਰੋਂ ਕੋਈ ਆ ਨਾ ਜਾਵੇ... ਹੱਥ ਵਿੱਚ ਇੱਕ ਖਾਲੀ ਬੋਤਲ ਫੜ੍ਹੀ ਹੋਈ ਸੀ ਕਿ ਜੇ ਕੋਈ ਆਇਆ ਤਾਂ ਕਹਿ ਦਊਂਗੀ... ਪਾਣੀ ਲੈਣ ਆਈ ਸੀ ਗੱਡੀ 'ਚ ਪਾਉਣ ਵਾਸਤੇ...

"... ਦੇਊ ਕਿਵੇਂ ਨੀਂ... ਸਾਲ਼ੇ ਨੂੰ ਟੰਗ ਦਿਆਂਗੇ... ਸਾਡੇ ਕਿਹੜਾ ਮਾਮੇ ਦਾ ਪੁੱਤ ਆ... ਊਂ ਮੈਨੂੰ ਲੱਗਦਾ ਪੰਜ ਸੱਤ ਤਾਂ ਝਾੜ ਈ ਦੇਊਗਾ..." ਦੂਜੇ ਨੇ ਜਵਾਬ ਦਿੱਤਾ...

ਹੂੰਅ.... ਅ....ਅ...!!! ਬਾਈ ਮੈਂ ਕਿਤੇ ਕਿਤੇ ਸੋਚਦਾਂ ਬਈ ਆਪਾਂ ਸਾਲ਼ੇ ਕੀ ਆਂ...??? ਨਾ ਤਾਂ ਮਹਿਕਮੇ ਦੇ ਬੰਦੇ ਆਂ ਤੇ ਨਾ ਲੋਕਾਂ ਦੇ... ਆਪਾਂ ਕਾਹਦੇ 'ਚ ਆਉਣੇ ਆਂ... ਜੇ ਕੋਈ ਆਪਣੇ 'ਚੋਂ ਫੜਿਆ ਜਾਂਦਾ ਜਾਂ ਮਾਰਿਆ ਜਾਂਦਾ... ਭੈਣ ਈ ਦੇਣਾ ਮਹਿਕਮਾ ਵੀ ਪੱਲ਼ਾ ਝਾੜ ਲੈਂਦਾ ਤੇ ਲੋਕਾਂ ਨੂੰ ਤਾਂ ਦੋਸ਼ ਈ ਕੀ ਆ... ਪਹਿਲੇ ਨੇ ਗਿਲ਼ਾ ਪ੍ਰਗਟ ਕੀਤਾ...

ਨਈਂ ਬਾਈ... ਇਉਂ ਨੀਂ ਗੱਲ... ਬੰਦੇ ਤਾਂ ਆਪਾਂ ਮਹਿਕਮੇ ਦੇ ਈ ਆਂ... ਆਪਣੀ ਨਾ ਟਰੇਨਿੰਗ ਚੱਲਦੀ ਆ... ਕੁਛ ਮਹੀਨਿਆਂ ਬਾਅਦ ਫੇਰ

ਆਪਾਂ ਨੂੰ ਵਰਦੀ ਮਿਲਜੂਗੀ... ਅੱਗੇ ਜੋਗਾ ਤੇ ਰੰਘੜ ਵੀ ਆਈਂ ਸੀ... ਹੁਣ ਮਹਿਕਮੇ 'ਚ ਚਲੇ ਗਏ ਆ... ਦੂਜੇ ਨੇ ਦਿਲਾਸਾ ਦਿੱਤਾ...

ਹੂੰਅ... ਅ...ਅ...!!! ਬਾਈ ਤੈਨੂੰ ਪਤਾ ਕੇਰਾਂ ਫਲਾਣੇ ਪਿੰਡ ਰੰਘੜ ਫੜ ਲੈਣਾ ਸੀ... ਮਾਂ ਈਂ ਜ੍ਹਾਵੀ ਜਨਤਾ ਨੇ... ਉਹ ਤਾਂ ਤੇਲ ਤੂਲ ਚੰਗਾ ਮਲ਼ਿਆ ਸੀ ਪਿੰਡੇ ਨੂੰ... ਤੇ ਪਾਈਆ ਕੁ ਮਿਰਚਾਂ ਸੀ ਕੋਲ਼ੇ... ਜਦੋਂ ਰੰਘੜ ਦੀ ਲੱਤ ਨੂੰ ਪਏ ਦੋ ਜਾਣੇ ਉਹਨੇ ਮਾਰੀ ਮੁੱਠੀ ਭਰ ਕੇ ਮਿਰਚਾਂ ਦੀ... ਛੁਡਾ ਕੇ ਔਹ ਗਿਆ ਔਹ ਗਿਆ... ਰੰਘੜ ਉਦੋਂ ਕਾਲ਼ੇ ਕੱਛਿਆਂ ਆਲ਼ਿਆਂ 'ਚ ਸੀ... ਪਹਿਲੇ ਨੇ ਗੱਲ ਸੁਣਾਈ...

ਗੀਤ ਪੂਰੇ ਧਿਆਨ ਨਾਲ ਦੋਵਾਂ ਦੀਆਂ ਗੱਲਾਂ ਸੁਣੀ ਜਾ ਰਹੀ ਸੀ...

"... ਯਾਰ ਸਰਕਾਰ ਵੀ ਕਮਾਲ ਕਰਦੀ ਆ... ਕਦੇ ਕਾਲ਼ੇ ਕੱਛੇ ਪੁਆ ਕੇ ਘੱਲ ਦਿੰਦੀ ਆ... ਤੇ ਕਦੇ ਚਿੱਟੇ ਚੋਲ਼ੇ ਪੁਆ ਕੇ... ਭੈਣ ਦੇਣਾ ਸਿਆਪਾ... ਊਂ ਬਾਈ ਕਾਲ਼ੇ ਕੱਛਿਆਂ ਆਲ਼ਿਆਂ ਮਗਰ ਤਾਂ ਲੋਕ ਸਾਲ਼ੇ ਪੈ ਨਿਕਲਦੇ ਆ ਹੁਣ... ਚਿੱਟੇ ਚੋਲ਼ਿਆਂ ਤੋਂ ਅਜੇ ਡਰਦੇ ਆ... ਬੱਸ ਭਰਾਵਾ ਮਹੀਨਾ ਕੁ ਰਹਿ ਗਿਆ ਮੇਰਾ ਤਾਂ... ਪੀਰ ਬਾਰਾ ਸੁੱਖ ਰੱਖੇ..." ਦੂਜੇ ਨੇ ਜਵਾਬ ਦਿੱਤਾ...

ਗੀਤ ਨੂੰ ਚਾਰ ਗੱਲਾਂ ਪੂਰੀਆਂ ਸਪੱਸ਼ਟ ਹੋ ਗਈਆਂ ਸਨ ਇੱਕ ਤਾਂ ਇਹ... ਕਿ ਖਾੜਕੂਆਂ ਦੇ ਭੇਸ ਵਿੱਚ ਪੁਲਸ ਵਾਲੇ ਵੀ ਵਿਚਰ ਰਹੇ ਨੇ, ਦੂਜਾ ਕਾਲ਼ੇ ਕੱਛਿਆਂ ਵਾਲਿਆਂ ਪਿੱਛੇ ਵੀ ਸਰਕਾਰੀ ਏਜੰਸੀਆਂ ਦਾ ਹੱਥ ਆ, ਤੀਜਾ ਸਰਕਾਰ ਤੇ ਪੁਲਸ ਨੇ ਕੁਝ ਗੁੰਡਾ ਗਿਰੋਹਾਂ ਨੂੰ ਪੁਲਸ 'ਚ ਭਰਤੀ ਕਰਨ ਦਾ ਲਾਲਚ ਦੇ ਕੇ ਇਸ ਪਾਸੇ ਤੋਰਿਆ ਹੋਇਆ ਏ ਤੇ ਚੌਥੀ ਗੱਲ ਸ਼ਵਿੰਦਰ ਦੇ ਡੈਡੀ ਨੂੰ ਪਾਈ ਗਈ ਫਿਰੌਤੀ ਵਾਲੀ ਚਿੱਠੀ ਇਹਨਾਂ ਪੁਲਸ ਕੈਟਾਂ ਦੀ ਕਰਤੂਤ ਐ... ਗੁਰਸ਼ੇਰ ਤਾਂ ਵਿਚਾਰਾ ਐਵੇਂ ਈ ਬਦਨਾਮ ਆਂ...

ਗੁਰਸ਼ੇਰ ਦਾ ਖ਼ਿਆਲ ਆਉਂਦਿਆਂ ਈ ਗੀਤ ਦਾ ਹਿਰਦਾ ਕੰਬ ਗਿਆ... ਪਤਾ ਨੀਂ ਮਾੜੇ ਕਰਮਾਂ ਆਲੇ ਨਾਲ ਕੀ ਅਣਹੋਣੀ ਹੋਈ ਹੋਊਗੀ....

"...ਊਂ ਯਾਰ ਇੱਕ ਗੱਲ...!!!

"...ਓ ਸੌਂ ਜਾ ਫੇਰੇ ਦੇਣਿਆ... ਕਿਤੇ ਇੱਕ ਗੱਲ ਕਿਤੇ ਦੂਜੀ ਗੱਲ... ਸੌਂ ਜਾ ਹੁਣ ਚੁੱਪ ਕਰਕੇ... ਨੇੜ੍ਹੇ ਹੋਏ ਸੋਚਾਂਗੇ, ਕੀ ਪਾਉਣਾ ਅੱਜ... ਕੱਛਾ ਕੁ ਚੋਲਾ... ਦੂਜੇ ਬੰਦੇ ਨੇ ਪਹਿਲੇ ਦੀ ਗੱਲ ਕੱਟਦਿਆਂ ਖਿਝ ਕੇ ਆਖਿਆ....

ਤੇ ਦੋਵੇਂ ਜਾਣੇ ਆਪਣੀਆਂ-ਆਪਣੀਆਂ ਕੰਬਲ਼ੀਆਂ 'ਚ ਮੂੰਹ ਦੇ ਕੇ ਪੈ ਗਏ....

ਗੀਤ ਪਹਿਲਾਂ ਤਾਂ ਉਹਨਾਂ ਦੀਆਂ ਗੱਲਾਂ ਸੁਣਕੇ ਵਾਪਸ ਮੁੜਨ ਲੱਗੀ... ਪਰ ਫੇਰ ਕੁਝ ਸੋਚ ਕੇ ਇੱਕ ਵਾਰ ਅੰਦਰ ਜਾਣ ਦਾ ਇਰਾਦਾ ਬਣਾ ਲਿਆ...

ਦਸ ਕੁ ਮਿੰਟ ਬਾਅਦ... ਜਦੋਂ ਦੋਵੇਂ ਜਾਣੇ ਘੁਰਾੜੇ ਮਾਰਨ ਲੱਗ ਪਏ.... ਗੀਤ ਦੱਬੇ ਪੈਰੀਂ ਘਰ ਦੇ ਅੰਦਰ ਲੰਘ ਗਈ....

ਇੱਕ ਵੱਡਾ ਸਾਰਾ ਵਰਾਂਡਾ ਸੀ... ਉਹਦੇ ਇੱਕ ਪਾਸੇ ਤਿੰਨ ਕਮਰੇ ਸਨ.... ਵਿਚਕਾਰਲੇ ਕਮਰੇ ਵਿੱਚ ਗੀਤ ਨੂੰ ਕਿਸੇ ਹੋਰ ਦੇ ਹੋਣ ਦੀ ਆਹਟ ਸੁਣਾਈ ਦਿੱਤੀ.... ਇੱਕ ਵਾਰ ਤਾਂ ਗੀਤ ਅਸਲੋਂ ਈ ਡਰ ਗਈ ਫੇਰ ਹੌਂਸਲਾ ਜਾ ਕਰਕੇ... ਗੋਲ਼ ਸਰੀਆਂ ਦੀ ਬਣੀ ਹੋਈ ਗਰਿੱਲ ਵਾਲੀ ਬਾਰੀ ਵਿਚੋਂ... ਟੇਢੀ ਅੱਖ ਨਾਲ ਵੇਖਣ ਦੀ ਕੋਸ਼ਿਸ਼ ਕਰਨ ਲੱਗੀ...

ਗੀਤ ਨੇ ਵੇਖਿਆ... ਇੱਕ ਪੀਲ਼ੇ ਰੰਗ ਦੀ ਗੋਲ਼ ਦਸਤਾਰ ਵਾਲਾ ਆਦਮੀ ਜਿਸਦੀ ਗੀਤ ਵੱਲ ਪਿੱਠ ਸੀ... ਦਰਦਨਾਕ ਹਾਲਤ ਵਿੱਚ ਰੱਸਿਆਂ ਨਾਲ ਬੰਨ੍ਹਕੇ ਇਸ ਕਮਰੇ ਵਿੱਚ ਬਿਠਾਇਆ ਹੋਇਆ ਸੀ... ਕਮਰੇ ਵਿਚੋਂ ਆ ਰਹੀ ਟੱਟੀ-ਪਿਸ਼ਾਬ ਦੀ ਦੁਰਗੰਧ ਉਸ ਬਦਨਸੀਬ ਦੀ ਹਾਲਤ ਬਿਆਨ ਕਰਨ ਲਈ ਕਾਫ਼ੀ ਸੀ...

ਗੀਤ ਨੇ ਹੌਂਸਲਾ ਜਾ ਕਰਕੇ ਜਦੋਂ ਕਮਰੇ ਅੰਦਰ ਪੈਰ ਰੱਖਿਆ... ਤਾਂ ਵੇਖਕੇ ਉਹਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ.... ਹੱਥ 'ਚ ਫੜੀ ਖਾਲੀ ਬੋਤਲ ਕੜਾਕ ਕਰਕੇ ਥੱਲੇ ਡਿੱਗ ਪਈ... ਗੀਤ ਦੀ ਧਾਹ ਨਿਕਲਣ ਲੱਗੀ ਸੀ.... ਪਰ ਉਹਨੇ ਬਾਹਰ ਪਏ ਬੰਦਿਆਂ ਦੇ ਜਾਗਣ ਦੇ ਡਰੋਂ ਆਪਣੇ ਖੱਬੇ ਹੱਥ ਨਾਲ ਆਪਣਾ ਮੂੰਹ ਬੰਦ ਕਰਦਿਆਂ... ਜਜ਼ਬਾਤਾਂ ਤੇ ਜਿਵੇਂ-ਕਿਵੇਂ ਕਾਬੂ ਪਾਇਆ...

ਪਰ ਹੱਥ 'ਚੋਂ ਡਿੱਗੀ ਬੋਤਲ ਦੇ ਖੜਕੇ ਨਾਲ ਉਹਨਾਂ 'ਚੋਂ ਇੱਕ ਜਾਣਾ ਕੰਬਲੀ 'ਚੋਂ ਮੂੰਹ ਕੱਢ ਕੇ ਬਿੜਕ ਲੈਣ ਲੱਗਾ, ਕੌਣ ਆ ਓਏ...???

ਪਾ...ਅ...ਅ...ਣੀ....ਣੀ...ਣੀ...!!!

ਗੀਤ ਦੇ ਸਾਹਮਣੇ ਬੈਠੇ ਰੱਸਿਆਂ 'ਚ ਜਕੜੇ ਗੁਰਸ਼ੇਰ ਨੇ ਆਵਾਜ਼ ਦਿੱਤੀ...

ਸਾਲ਼ਿਆ ਪਾਣੀ ਦਿਆ... ਹੁਣੇ ਲਾਵਾਂ ਤੈਨੂੰ ਛਬੀਲ... ਕਿਵੇਂ ਬੋਤਲਾਂ ਰੋੜੀ ਜਾਂਦਾ... ਸੌ ਲੈਣ ਦੇ ਦੋ ਘੜੀ ਪ੍ਰਹੁਣਿਆਂ ਨੂੰ.... ਆਖਕੇ ਉਠਣ ਵਾਲੇ ਨੇ ਫੇਰ ਕੰਬਲੀ ਦਾ ਪੱਲਾ ਦੱਬ ਲਿਆ....

ਗੀਤ ਇਕਦਮ ਸੁੰਨ ਜੀ ਹੋ ਗਈ ਸੀ... ਮੇਲ ਵੀ ਹੋਇਆ ਕਿਹੋ ਜੇ ਮਾਹੌਲ ਵਿੱਚ... ਗਲ਼ ਲੱਗ ਕੇ ਧਾਹੀਂ ਰੋ ਵੀ ਨਹੀਂ ਸਕਦੀ ਸੀ... ਜਿਹੜੀ

ਗੀਤ ਸੋਚਦੀ ਰਹਿੰਦੀ ਸੀ ਕਿ ਜੇ ਕਿਤੇ ਗੁਰਸ਼ੇਰ ਇੱਕ ਵਾਰ ਮਿਲ ਜਾਵੇ ਮੈਂ ਆਹ ਪੁੱਛ ਲਵਾਂ... ਮੈਂ ਔਹ ਪੁੱਛ ਲਵਾਂ.. ਅੱਜ ਜਵਾਂ ਈ ਪੱਥਰ ਦੀ ਮੂਰਤ ਬਣੀ ਖੜ੍ਹੀ ਸੀ... ਪੁੱਛਣ ਲਈ ਕੁਝ ਬਾਕੀ ਈ ਨਈਂ ਬਚਿਆ ਸੀ... ਹਾਲਾਤ ਸਾਰਾ ਕੁਛ ਬਿਆਨ ਕਰ ਰਹੇ ਸਨ...

ਗੀਤ ਦੇ ਮੂੰਹੋਂ ਏਨਾਂ ਈ ਨਿਕਲ ਸਕਿਆ... ਤੂੰ ਕਿੱਥੇ ਚਲਿਆ ਗਿਆ ਸੀ ਗੁਰੀ...??? ਤੇ ਹੰਝੂ ਤ੍ਰਿਪ-ਤ੍ਰਿਪ ਉਹਦੀਆਂ ਅੱਖਾਂ 'ਚੋਂ ਵਹਿ ਤੁਰੇ...

*ਮੇਰੇ ਸੀਨੇ ਲੱਗ ਕੇ ਮੈਨੂੰ ਜ਼ਾਰੋ-ਜ਼ਾਰ ਰੁਆ ਹੀ ਦੇਹ*
*ਦਾਮਨ ਤੇਰਾ ਭਿੱਜ ਵੀ ਜਾਊ ਤਾਂ ਬਹੁਤਾ ਨੁਕਸਾਨ ਨਹੀਂ*
*ਤੂੰ ਵੀ ਕੁਝ-ਕੁਝ ਯਾਦ ਕਰਾ ਕੋਈ ਸੋਚ ਸੁਝਾ ਕੋਈ ਲਫਜ਼ ਹੀ ਦੇਹ*
*ਮੇਰਾ ਦੁੱਖ ਮੇਰੇ ਤੋਂ ਹੁੰਦਾ ਪੂਰੀ ਤਰ੍ਹਾਂ ਬਿਆਨ ਨਹੀਂ*

*(ਪਾਤਰ)*

----------------

# ਕਾਂਡ - 14

*ਮੇਰੇ ਮਨ ਵਿੱਚ ਖ਼ੌਫ ਬਹੁਤ ਨੇ, ਥੋੜ੍ਹੀ-ਥੋੜ੍ਹੀ ਆਸ ਵੀ ਹੈ*
*ਕਾਲ਼ੀ ਰਾਤ ਹੈ ਪਰ ਇੱਕ ਨਿੰਮ੍ਹੇ ਦੀਵੇ ਦੀ ਧਰਵਾਸ ਵੀ ਹੈ*
*ਮੇਰੀ ਕਵਿਤਾ ਮੇਰੇ ਮਨ ਦੇ ਹਰ ਮੌਸਮ ਦੀ ਵਿਥਿਆ ਹੈ*
*ਬਹੁਤਾ ਮੇਰਾ, ਥੋੜ੍ਹਾ-ਥੋੜ੍ਹਾ ਸਮਿਆਂ ਦਾ ਇਤਿਹਾਸ ਵੀ ਹੈ*

*(ਪਾਤਰ)*

ਚੁੱਪ ਕਰ ਜਾ ਗੀਤ... ਪਲੀਜ਼... ਵੇਖੀਂ ਕਿਤੇ ਤੇਰੇ ਰੋਣ ਦੀ ਅਵਾਜ਼ ਉਹਨਾਂ ਦੇ ਕੰਨੀਂ ਨਾ ਪੈ ਜਾਵੇ... ਉਹਨਾਂ ਜ਼ਾਲਮਾਂ ਨੇ ਤੈਨੂੰ ਵੀ ਇੱਥੇ ਪਲ-ਪਲ ਮਰਨ ਲਈ ਮਜ਼ਬੂਰ ਕਰ ਦੇਣਾ ਮੇਰੇ ਵਾਂਗ... ਪਲੀਜ਼ ਚੁੱਪ ਕਰ ਜਾ... ਤੇ ਛੇਤੀ ਇਥੋਂ ਨਿਕਲ ਜਾ... ਇਸ ਤੋਂ ਪਹਿਲਾਂ ਕੇ ਇਹਨਾਂ ਦੇ ਸਾਥੀ ਵਾਪਸ ਆ ਜਾਣ, ਰੱਬ ਦਾ ਵਾਸਤਾ ਤੂੰ ਚਲੀ ਜਾ ਗੀਤ... ਗੁਰਸ਼ੇਰ ਨੇ ਹਾੜੇ ਕੱਢਦਿਆਂ ਆਖਿਆ...

ਹੁਣ ਕਿਹੜਾ ਮੈਂ ਜਿਉਂਦੀ ਆਂ ਗੁਰੀ...??? ਮੈਂ ਵੀ ਪਲ-ਪਲ ਮਰ ਈ ਰਹੀ ਹਾਂ... ਤਿੰਨ ਮਹੀਨੇ ਹੋ ਚੱਲੇ ਨੇ ਤੇਰੇ ਨਾ ਥੱਲੇ ਫੈਲ ਰਹੇ ਸਰਕਾਰੀ ਅੱਤਵਾਦ ਨੂੰ... ਉਹ ਕਿਹੜੀ ਚੰਦਰੀ ਘੜੀ ਸੀ ਗੁਰੀ.... ਜਦੋਂ ਤੂੰ ਇਨ੍ਹਾਂ ਜ਼ਾਲਮਾਂ ਦੇ ਹੱਥ ਆ ਗਿਆ... ਗੀਤ ਹੁਬਕੀਂ ਰੋਈ ਜਾ ਰਹੀ ਸੀ...

ਤਿੰਨ ਮਹੀਨੇ...!!! ਤਿੰਨਾ ਮਹੀਨਿਆਂ ਤੋਂ ਇਹਨਾਂ ਨੇ ਮੈਨੂੰ ਇਥੇ ਕੈਦ ਕੀਤਾ ਹੋਇਆ ਗੀਤ...!!! ਮੈਨੂੰ ਅੰਦਾਜ਼ਾ ਤਾਂ ਹੈ ਕਿ ਪੁਲਸ ਨੇ ਮੈਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ... ਪਰ ਇਹ ਨਹੀਂ ਪਤਾ ਇਹ ਕਰ ਕੀ ਰਹੇ ਨੇ ਮੇਰੇ ਨਾ ਥੱਲੇ... ਗੁਰੀ ਨੇ ਹੌਲੀ ਜੀ ਅਵਾਜ਼ ਵਿੱਚ ਗੱਲ ਸ਼ੁਰੂ ਕੀਤੀ...

ਲੋਕਾਂ ਦੀਆਂ ਨਜ਼ਰਾਂ ਵਿੱਚ ਤੈਨੂੰ ਖ਼ਤਰਨਾਕ ਅੱਤਵਾਦੀ ਬਣਾ ਦਿੱਤਾ ਗਿਆ ਗੁਰੀ.... ਤੇਰੇ ਨਾ ਥੱਲੇ ਫਿਰੌਤੀਆਂ ਲਈਆਂ ਜਾ ਰਹੀਆਂ... ਕਤਲ ਕੀਤੇ ਜਾ ਰਹੇ ਨੇ... ਜੁੰਮੇਵਾਰੀਆਂ ਲਈਆਂ ਜਾ ਰਹੀਆਂ ਨੇ... ਫਿਰਕੂ ਬਿਆਨਬਾਜ਼ੀ ਕੀਤੀ ਜਾ ਰਹੀ ਆ... ਬਹੁਤ ਸਾਰੇ ਲੋਕ ਖਾੜਕੂ ਲਹਿਰ ਨਾਲੋਂ ਤੋੜ ਦਿੱਤੇ ਗਏ ਨੇ... ਅਸਲ ਖਾੜਕੂ ਗਰੁੱਪਾਂ ਦੀ ਤੇਰੇ ਖਿਲਾਫ਼ ਬਿਆਨਬਾਜ਼ੀ ਵੀ ਕਿਤੇ ਨਾ ਕਿਤੇ ਛਪ ਈ ਜਾਂਦੀ ਆ... ਦੁਨੀਆਂ ਤੇਰੀ ਵੈਰੀ ਬਣਾ

ਦਿੱਤੀ ਗਈ ਆ ਗੁਰੀ... ਜਿੱਥੇ ਇੱਕ ਪਾਸੇ ਸਰਕਾਰ ਨੇ ਤੈਨੂੰ ਖ਼ੂੰਖਾਰ ਅੱਤਵਾਦੀ ਪ੍ਰਚਾਰਿਆ ਹੋਇਆ ਉੱਥੇ ਖਾੜਕੂ ਗਰੁੱਪਾਂ ਨੇ ਤੈਨੂੰ ਸੰਘਰਸ਼ ਦੀ ਬਦਨਾਮੀਂ ਕਰਵਾਉਣ ਵਾਲਾ ਗੱਦਾਰ ਤੱਕ ਕਹਿ ਦਿੱਤਾ ਹੈ....

ਤੇ ਪਿਛਲੇ ਦਿਨੀਂ.... ਤੇਰੀ ਜਥੇਬੰਦੀ 'ਦਸਮੇਸ਼ ਰਜਮੈਂਟ' ਦੇ ਨਾਂ ਹੇਠ ਸ਼ਵਿੰਦਰ ਦੇ ਡੈਡੀ ਨੂੰ ਦਸ ਲੱਖ ਰੁਪਏ ਦੇਣ ਦੀ ਧਮਕੀ ਦਿੱਤੀ ਗਈ ਹੈ... ਗੀਤ ਹੌਲੀ-ਹੌਲੀ ਬੋਲੀ ਜਾ ਰਹੀ ਸੀ... ਨਾਲੇ ਰੋਈ ਜਾ ਰਹੀ ਸੀ.....

"... ਮੈਂ ਬੇਕਸੂਰ ਆਂ ਗੀਤ.... ਮੈਂ ਕੁਛ ਨੀਂ ਕੀਤਾ.... ਇਹ ਸਭ ਇਹਨਾਂ ਦੀ ਸਾਜਿਸ਼ ਆ.. ਮੈਨੂੰ ਵਰਤਿਆ ਗਿਆ ਗੀਤ... ਇਸੇ ਲਈ ਮੈਨੂੰ ਜਿਉਂਦਾ ਰੱਖਿਆ ਗਿਆ ਸੀ....ਗੀਤ ਇਨ੍ਹਾਂ ਦੇ ਮੂੰਹ ਨੂੰ ਖ਼ੂਨ ਲੱਗ ਗਿਆ... ਇਨ੍ਹਾਂ ਨੇ ਕਿਸੇ ਦਾ ਲਿਹਾਜ਼ ਨਹੀਂ ਕਰਨਾ... ਤੂੰ ਨਿਕਲ ਜਾ ਏਥੋਂ.... ਇੱਕ ਦਿਨ ਇਹ ਗੱਲਾਂ ਕਰਦੇ ਸੁਣੇ ਸੀ ਮੈਂ....

ਇੱਕ ਦੂਜੇ ਨੂੰ ਕਹਿ ਰਿਹਾ ਸੀ:

ਹੁਣ ਇਹਦੇ ਸਿਰ 'ਤੇ ਇਨਾਮ ਰਖਵਾ ਲਿਆ ਪੰਜ ਲੱਖ ਰੁਪਈਆ ... ਹੁਣ ਇਹ ਥੋੜ੍ਹੇ ਦਿਨਾਂ ਦਾ ਪ੍ਰਾਹੁਣਾ ਈ ਆ... ਗੁਰੀ ਨੇ ਦੱਸਿਆ...

ਗੁਰੀ... ਤੇਰੀ ਫੋਟੋ ਵੀ ਛਪੀ ਸੀ ਅਖ਼ਬਾਰ 'ਚ ਤੇਰੇ ਆਹਾ ਈ ਦਸਤਾਰ ਬੰਨ੍ਹੀ ਸੀ ਗੋਲ਼ ਤੇ ਪਿੱਛੇ ਰਫ਼ਲ ਰੱਖੀ ਹੋਈ ਸੀ... ਤੇ ਨਾਲ ਪੰਜ ਲੱਖ ਦਾ ਇਨਾਮ ਵੀ ਦੱਸਿਆ ਗਿਆ ਸੀ... ਗੀਤ ਨੇ ਖੁਲਾਸਾ ਕੀਤਾ...

ਫੋਟੋ...!!! ਹਾਂ...!!! ਇੱਕ ਦਿਨ ਇਹਨਾਂ ਨੇ ਮੇਰੇ ਮੰਜੇ ਦੇ ਪਿੱਛੇ ਕੰਧ ਨਾਲ ਏ.ਕੇ. ਸੰਤਾਲੀ ਰੱਖ ਕੇ ਫੋਟੋ ਖਿੱਚੀ ਸੀ... ਆਹ ਦਸਤਾਰ ਉਸੇ ਦਿਨ ਬੰਨ੍ਹੀ ਸੀ ਇਹਨਾਂ ਨੇ ਮੇਰੇ...

ਗੀਤ...!!! ਇਹ ਬਹੁਤ ਵੱਡੀ ਸਾਜਿਸ਼ ਆ....ਮੈਨੂੰ ਇਹਦਾ ਸ਼ਿਕਾਰ ਬਣਾਇਆ ਗਿਆ... ਇਹ ਸਰਕਾਰੀ ਅੱਤਵਾਦ ਆ... ਕਹਿੰਦਿਆਂ ਗੁਰੀ ਵੀ ਰੋਣ ਲੱਗ ਪਿਆ...

...ਚੁੱਪ ਕਰ ਗੁਰੀ...

ਇਹ ਤਕਦੀਰ ਦੇ ਸੌਦੇ ਨੇ ਗੁਰੀ... ਕੀ ਖ਼ੂਬ ਸੌਦਾ ਕੀਤਾ ਸੀ ਤਕਦੀਰ ਨੇ ਵੀ... ਮੈਂ ਬਚੀ-ਖੁਚੀ ਮਿੱਟੀ ਨਾਲ ਬਣਾਈ ਹੋਈ ਮੂਰਤ... ਤੇ ਤੂੰ ਗੁੰਮਨਾਮ ਜ਼ਖ਼ਮੀ ਯੋਧਾ... ਮੇਰੇ ਕੋਲ਼ ਦੁਨੀਆਂ ਭਰ ਦਾ ਹਨੇਰਾ... ਤੇ ਤੇਰੇ ਕੋਲ ਬਚੀ-ਖੁਚੀ ਰੌਸ਼ਨੀ... ਮੈਂ ਤੈਨੂੰ ਇਸ ਸਾਜਿਸ਼ ਦਾ ਸ਼ਿਕਾਰ ਨਹੀਂ ਹੋਣ ਦਿਆਂਗੀ... ਮੈਂ ਆਪਣੇ ਪਾਪਾ ਨਾਲ ਗੱਲ ਕਰਾਂਗੀ ਗੁਰੀ... ਉਹਨਾਂ ਨੂੰ ਤੇਰੀ ਇਸ ਹਾਲਤ ਬਾਰੇ ਪਤਾ ਨਹੀਂ ਹੋਣਾ... ਇਹਦੇ ਪਿੱਛੇ ਖੁਸ਼ੀ ਰਾਮ ਐਸ.ਐਸ.ਪੀ. ਦਾ ਹੱਥ

ਐ... ਤੇਰੇ ਬਾਰੇ ਸਾਰਾ ਕੁਝ ਉਹਨੇ ਹੀ ਛਪਵਾਇਆ ਅਖ਼ਬਾਰਾਂ 'ਚ... ਤੂੰ ਬਿਲਕੁੱਲ ਵੀ ਘਬਰਾ ਨਾ... ਮੈਂ ਤੈਨੂੰ ਏਥੋਂ ਕੱਢ ਲਵਾਂਗੀ... ਗੀਤ ਨੇ ਗੁਰੀ ਦਾ ਹੱਥ ਫੜ੍ਹਕੇ ਉਹਨੂੰ ਹੌਂਸਲਾ ਦਿੰਦਿਆਂ ਕਿਹਾ...

ਮੈਨੂੰ ਇੱਥੋਂ ਕੱਢਣਾ ਨਾ-ਮੁਮਕਿਨ ਆਂ ਗੀਤ... ਹੁਣ ਤਾਂ ਮੇਰੇ ਨਾਂ 'ਤੇ ਪੰਜ ਲੱਖ ਦਾ ਇਨਾਮ ਵੀ ਆਂ... ਤੇ ਇੱਕ ਗੱਲ ਹੋਰ ਗੀਤ... ਤੂੰ ਆਪਣੇ ਡੈਡੀ ਨਾਲ... ਮੇਰੇ ਬਾਰੇ ਕੋਈ ਗੱਲ ਨਾ ਕਰੀਂ... ਮੈਨੂੰ ਇੱਥੇ ਉਹੀ ਛੱਡ ਕੇ ਗਏ ਨੇ... ਕਹਿੰਦਿਆਂ ਗੁਰੀ ਨੇ ਨੀਵੀਂ ਪਾ ਲਈ...

ਕੀ ਆਖਿਆ ਗੁਰੀ...???

ਇਹ ਸਭ ਕੁਝ ਤੇਰੇ ਨਾਲ ਪਾਪਾ ਨੇ ਕਰਵਾਇਆ ...!!! ਨਹੀਂ ... ਇਹ ਨਹੀਂ ਹੋ ਸਕਦਾ ਗੁਰੀ...!!! ਡੈਡ ਮੇਰੇ ਨਾਲ ਏਦਾਂ ਨਹੀਂ ਕਰ ਸਕਦੇ... ਜੇ ਉਹ ਆਪਣੇ ਰਿਸ਼ਤੇ ਲਈ ਰਾਜ਼ੀ ਨਾ ਹੁੰਦੇ ਤਾਂ ਉਹ ਤੈਨੂੰ ਮਿਲਦੇ ਹੀ ਕਿਉਂ... ਨਹੀਂ... ਨਹੀਂ... ਤੂੰ ਕਹਿ ਦੇ ਇਹ ਝੂਠ ਆ ਗੁਰੀ...

ਗੀਤ ਨੇ ਜਵਾਂ ਈ ਸੁੱਧ-ਬੁੱਧ ਜੀ ਖੋ ਦਿੱਤੀ ਸੀ... ਉਹਨੂੰ ਸੁਣਕੇ ਬਹੁਤ ਝਟਕਾ ਲੱਗਿਆ ਕਿ ਉਹਦੇ ਪਾਪਾ ਡੀ.ਐਸ.ਪੀ. ਹਾਕਮ ਸਿੰਘ ਨੇ ਹੀ ਗੁਰੀ ਨੂੰ ਇੱਥੇ ਰੱਖਿਆ ਹੋਇਆ ਏ...

ਨਹੀਂ ਗੀਤ... ਇਹੀ ਕੌੜਾ ਸੱਚ ਆ...!!! ਮੇਰਾ ਸਭ ਤੋਂ ਵੱਡਾ ਗੁਨਾਹ ਸੀ ਤੈਨੂੰ ਪਿਆਰ ਕਰਨਾ ਤੇ ਦੂਸਰਾ ਗੁਨਾਹ ਸੀ ਅੰਮ੍ਰਿਤਧਾਰੀ ਹੋਣਾ... ਐਸ.ਐਸ.ਪੀ. ਖੁਸ਼ੀ ਰਾਮ ਨੇ ਤੇਰੇ ਡੈਡੀ ਦੀ ਸਲਾਹ ਤੇ ਹੀ ਪਟਿਆਲੇ ਆਲੇ ਹਿੰਦੂਆਂ ਦੇ ਕਤਲਾਂ ਨੂੰ ਸਾਡੇ ਟਰੱਕਾਂ ਨਾਲ ਜੋੜਿਆ ਤੇ ਮੈਨੂੰ ਅਰੈਸਟ ਕਰ ਲਿਆ... ਤੇਰੇ ਡੈਡ ਨੇ ਤਾਂ ਮੈਨੂੰ ਮਾਰ ਹੀ ਦੇਣਾ ਸੀ.... ਪਰ ਫੇਰ ਉਹਨਾਂ ਨੂੰ ਕਿਸੇ ਨੇ ਕਿਹਾ ਏਹਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਿਆ... ਆਪਾਂ ਇਹਦਾ ਮੁਕਾਬਲਾ ਕਿਵੇਂ ਦਿਖਾਵਾਂਗੇ....? ਤੇ ਫੇਰ ਉਨ੍ਹਾਂ ਨੇ ਆਹ ਸਾਜਿਸ਼ ਰਚ ਕੇ.... ਇੱਕ ਤੀਰ ਨਾਲ ਕਈ ਸ਼ਿਕਾਰ ਕੀਤੇ.....

ਬੱਸ ਥੋੜ੍ਹਾ ਜਾ ਫ਼ਰਕ ਰਹਿ ਗਿਆ ਗੀਤ ਮੇਰੇ ਤੇ ਮੌਤ ਵਿੱਚ:

*ਜ਼ਿਹਰ ਦਾ ਪਿਆਲਾ ਮੇਰੇ ਹੋਠਾਂ 'ਤੇ ਆ ਕੇ ਰੁਕ ਗਿਆ*
*ਰਹਿ ਗਿਆ ਮੇਰੇ ਅਤੇ ਸੁਕਰਾਤ ਵਿਚਲਾ ਫਾਸਲਾ...*

"... ਗੀਤ... ਜਿਹੜੇ ਆਹ ਦੋ ਪਏ ਆ ਨਾ ਇਹ ਤਾਂ ਸ਼ਰਾਬ ਨਾਲ ਡੱਕ ਕੇ ਪੈਂਦੇ ਆ... ਜੇ ਕੇਰਾਂ ਸੌਂ ਜਾਣ ਫੇਰ ਨੀਂ ਇਹਨਾਂ ਨੂੰ ਪਤਾ ਲੱਗਦਾ...

ਤੇ ਹੁਣ ਇਹ ਘੂਕ ਸੁੱਤੇ ਪਏ ਨੇ... ਤੂੰ ਇੱਥੋਂ ਚਲੀ ਜਾ ਪਲੀਜ਼... ਕਿਤੇ ਇਹ ਨਾ ਹੋਵੇ ਕਿ ਇਹਨਾਂ ਦੇ ਸਾਥੀ ਤੇਰੇ ਹੁੰਦੇ-ਹੁੰਦੇ ਵਾਪਸ ਆ ਜਾਣ ਇੱਥੇ... ਗੁਰੀ ਨੇ ਸਾਰੀ ਕਹਾਣੀ ਦੱਸਣ ਦੇ ਨਾਲ-ਨਾਲ ਗੀਤ ਨੂੰ ਚਲੇ ਜਾਣ ਦਾ ਤਰਲਾ ਕੀਤਾ...

ਗੁਰੀ ਮੈਨੂੰ ਮੇਰੇ ਪਾਪਾ ਤੋਂ ਇਹ ਉਮੀਦ ਨਹੀਂ ਸੀ... ਉਹਨਾਂ ਨੂੰ ਮੇਰੇ ਸਵਾਲਾਂ ਦਾ ਜਵਾਬ ਦੇਣਾ ਹੋਵੇਗਾ... ਉਹਨਾਂ ਨੂੰ ਮੇਰੇ ਬਰਬਾਦ ਕੀਤੇ ਸੁਪਨਿਆਂ ਦਾ ਹਿਸਾਬ ਦੇਣਾ ਹੋਵੇਗਾ... ਗੀਤ ਦੇ ਮਨ ਵਿੱਚ ਡੀ.ਐਸ.ਪੀ. ਹਾਕਮ ਸਿੰਹੁ ਪ੍ਰਤੀ ਗੁੱਸੇ ਅਤੇ ਨਫ਼ਰਤ ਦੀ ਲਹਿਰ ਦੌੜ ਗਈ...

ਇਹ ਸਮਾਜ ਦੇ ਬਣਾਏ ਹੋਏ ਰਿਸ਼ਤਿਆਂ ਦੇ ਬੰਧਨ ਨੇ ਗੀਤ... ਤੇਰੇ ਪਾਪਾ ਨੇ ਮੈਨੂੰ ਤੇਰੇ ਲਾਇਕ ਨਹੀਂ ਸਮਝਿਆ ਹੋਣਾ... ਪਰ ਦੁੱਖ ਇਸ ਗੱਲ ਦਾ ਐ... ਕਿ ਉਹਨਾਂ ਨੇ ਮੈਨੂੰ ਸਿੱਧਾ ਜਵਾਬ ਦੇਣ ਦੀ ਬਜਾਏ... ਮੇਰੇ ਰਾਹੀਂ ਕਈ ਸ਼ਿਕਾਰ ਕੀਤੇ ਨੇ... ਮੇਰਾ ਗੁਨਾਹ ਤਾਂ ਤੈਨੂੰ ਪਿਆਰ ਕਰਨਾ ਹੋ ਸਕਦਾ ਐ... ਪਰ ਉਨ੍ਹਾਂ ਹਜ਼ਾਰਾਂ ਗੱਭਰੂਆਂ ਦਾ ਗੁਨਾਹ ਸਿਰਫ਼ ਸਿੱਖ ਹੋਣਾ ਈ ਐ... ਜਿਨ੍ਹਾਂ ਨੂੰ ਤੇਰੇ ਪਾਪਾ ਵਰਗੇ ਅਫ਼ਸਰ ਤਰੱਕੀਆਂ ਦੀਆਂ ਪੌੜੀਆਂ ਚੜ੍ਹਨ ਲਈ.... ਚੌਕਾਂ ਚੁਰਾਹਿਆਂ ਵਿੱਚ ਬੇਰਹਿਮੀ ਨਾਲ ਮਾਰ ਕੇ ਸਿੱਟ ਦਿੰਦੇ ਨੇ ਤੇ ਮਗਰੋਂ ਕਹਿ ਦਿੰਦੇ ਨੇ ਕਿ ਮੁਕਾਬਲਾ ਹੋ ਗਿਆ ਸੀ... ਜਾਂ ਪੁਲਿਸ ਹਿਰਾਸਤ 'ਚੋਂ ਭੱਜਣ ਲੱਗਿਆ ਸੀ... ਮਜ਼ਬੂਰਨ ਗੋਲ਼ੀ ਚਲਾਉਣੀ ਪਈ.... ਇੱਥੇ ਹਨੇਰਗਰਦੀ ਐ ਗੀਤ... ਤੂੰ ਤੇ ਮੈਂ ਕੁਛ ਨਹੀਂ ਕਰ ਸਕਦੇ... ਮੈਂ ਤੇਰੇ ਅੱਗੇ ਹੱਥ ਜੋੜਦਾਂ ਗੀਤ... ਤੂੰ ਜੋ ਦੇਖਿਆ ਹੈ ਇਹਨੂੰ ਭੁੱਲ ਜਾ... ਤੂੰ ਚੁੱਪ-ਚਾਪ ਘਰ ਵਾਪਸ ਚਲੀ ਜਾ ਤੇ ਜਿੱਥੇ ਤੇਰੇ ਪਾਪਾ ਕਹਿੰਦੇ ਨੇ ਘਰ ਵਸਾ ਲੈ... ਜੋ ਅੱਜ ਤੂੰ ਵੇਖ ਲਿਆ ਇਹ ਵੀ ਬਹੁਤ ਵੱਡਾ ਗੁਨਾਹ ਐ... ਤੂੰ ਇੱਕ ਬੁਰੇ ਸੁਪਨੇ ਵਾਂਗ ਆਪਣੇ ਗੁਰੀ ਨੂੰ ਭੁੱਲ ਜਾ... ਕਹਿੰਦਿਆਂ-ਕਹਿੰਦਿਆਂ ਗੁਰਸ਼ੇਰ ਦਾ ਗਲ਼ ਭਰ ਆਇਆ ਤੇ ਉਹਤੋਂ ਅੱਗੇ ਕੁਛ ਨਾ ਬੋਲਿਆ ਗਿਆ...

"... ਕਿਵੇਂ ਭੁੱਲ ਜਾਵਾਂ ਗੁਰੀ... ਮੈਨੂੰ ਕੋਈ ਪਰਵਾਹ ਨਹੀਂ ਹੈ ... ਮੈਨੂੰ ਸ਼ਰਮ ਆਉਂਦੀ ਆ ਉਹਨਾਂ ਨੂੰ ਆਪਣਾ ਡੈਡ ਕਹਿੰਦਿਆਂ... ਜਿਹੜੇ ਰਿਸ਼ਤੇ ਹੱਥ ਮਿਲਾ ਕੇ ਉਂਗਲਾ ਤੋੜ ਦੇਣ ਗੁਰੀ... ਉਹਨਾਂ ਰਿਸ਼ਤਿਆਂ ਦਾ ਟੁੱਟ ਜਾਣਾ ਈ ਚੰਗਾ ਐ... ਮੈਂ ਤੇਰੇ ਨਾਲ ਵਾਅਦਾ ਕਰਦੀ ਆਂ ਗੁਰੀ ਮੈਂ ਤੈਨੂੰ ਇੱਥੋਂ ਅਜ਼ਾਦ ਕਰਵਾਵਾਂਗੀ... ਗੀਤ ਨੇ ਗੁਰੀ ਦੇ ਮੋਢੇ 'ਤੇ ਸਿਰ ਰੱਖਦਿਆਂ ਆਖਿਆ..."

"... ਤੇਰਾ ਇਹ ਵਾਅਦਾ ਪੂਰਾ ਨਹੀਂ ਹੋਣਾ ਗੀਤ... ਇਨ੍ਹਾਂ ਨੇ

ਅੱਜ ਸਵੇਰ ਮੈਨੂੰ ਮਾਰ ਕੇ ਮੇਰਾ ਮੁਕਾਬਲਾ ਵਿਖਾ ਦੇਣਾ... ਤੇ ਪੰਜ ਲੱਖ ਰੁਪਈਆ ਇਨਾਮ ਲੁੱਟ ਲੈਣਾ... ਫੇਰ ਮੇਰੇ ਵਰਗਾ ਕੋਈ ਹੋਰ 'ਅੱਤਵਾਦੀ' ਤਿਆਰ ਕਰਨਗੇ... ਵਾਰਦਾਤਾਂ ਕਰਕੇ ਉਹਦਾ ਮੁੱਲ ਪਾਉਣਗੇ... ਇਨਾਮ ਰੱਖਣਗੇ ਤੇ ਮਾਰ ਦੇਣਗੇ... ਇਹੀ ਇੱਥੋਂ ਦਾ ਲੋਕਤੰਤਰ ਐ..." ਗੁਰੀ ਨੇ ਜਵਾਬ ਦਿੱਤਾ...

"...ਮੈਂ ਆਪਣਾ ਵਾਅਦਾ ਪੂਰਾ ਕਰਾਂਗੀ ਗੁਰੀ... ਤੈਨੂੰ ਇੱਥੋਂ ਕੱਢ ਲਵਾਂਗੀ... ਜੇ ਨਾ ਕੱਢ ਸਕੀ ... ਜੇ ਨਾ ਕੱਢ ਸਕੀ... ਤਾਂ ਮੈਂ ਵੀ ਆਪਣੀ ਜਾਨ ਦੇ ਦਿਆਂਗੀ..."

ਆਖ ਕੇ ਗੀਤ ਉੱਠ ਕੇ ਖੜ੍ਹੀ ਹੋ ਗਈ... ਉਹਨੇ ਵੇਖਿਆ ਬਾਹਰਲੇ ਦੋਵੇਂ ਜਣੇ ਅਜੇ ਤੱਕ ਸੁੱਤੇ ਪਏ ਸਨ ਤੇ ਇਹਨਾਂ ਦਾ ਹੋਰ ਕੋਈ ਸਾਥੀ ਵੀ ਨਹੀਂ ਆਇਆ ਸੀ... ਗੀਤ ਇਕਦਮ ਮੁੜੀ ਆ ਕੇ ਗੁਰੀ ਦੀਆਂ ਰੱਸੀਆਂ ਖੋਲਣ ਦੀ ਕੋਸ਼ਿਸ਼ ਕਰਨ ਲੱਗੀ...

ਗੁਰੀ... ਉਹਨਾਂ ਦੇ ਆਉਣ ਤੋਂ ਪਹਿਲਾਂ-ਪਹਿਲਾਂ ਆਪਾਂ ਇੱਕ ਵਾਰ ਇਸ ਨਰਕ 'ਚੋਂ ਨਿਕਲ ਚੱਲੀਏ.... ਫੇਰ ਸੋਚਾਂਗੇ ਅੱਗੇ ਕੀ ਕਰਨਾ... ਭੱਜ ਚੱਲ ਗੁਰੀ ਮੇਰੇ ਨਾਲ ਤੈਨੂੰ ਰੱਬ ਦਾ ਵਾਸਤਾ... ਗੀਤ ਨੇ ਆਸਾ-ਪਾਸਾ ਵੇਖਦਿਆਂ ਕਿਹਾ....

ਇਹ ਨਹੀਂ ਹੋ ਸਕਣਾ ਗੀਤ... ਗੁਰੀ ਨੇ ਆਪਣੀਆਂ ਤੋੜੀਆਂ ਹੋਈਆਂ ਲੱਤਾਂ ਵੱਲ ਵੇਖਦਿਆਂ ਕਿਹਾ...

ਮੈਂ ਪਹਿਲਾਂ ਵੀ ਇੱਕ ਵਾਰ ਕੋਸ਼ਿਸ਼ ਕੀਤੀ ਸੀ ਇੱਥੋਂ ਭੱਜ ਜਾਣ ਦੀ... ਤੇ ਉਸੇ ਦਿਨ ਇਹਨਾਂ ਨੇ ਮੇਰੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ.....

ਇਹ ਲੋਕ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਨੇ ਗੀਤ ਜਿਨਾਂ ਨੂੰ ਇਹ ਬੇਰਹਿਮੀ ਨਾਲ ਕੁੱਟ-ਕੁੱਟ ਕੇ ਤੁਰਨ ਤੋਂ ਵੀ ਆਹਰੀ ਕਰ ਦਿੰਦੇ ਨੇ... ਉਨ੍ਹਾਂ ਤੇ ਹੀ ਹਿਰਾਸਤ 'ਚੋਂ ਭੱਜ ਜਾਣ ਦੇ ਇਲਜ਼ਾਮ ਵੀ ਮੜ੍ਹ ਦਿੰਦੇ ਨੇ... ਓਦਾਂ ਵੀ ਮੈਂ ਇੱਕ ਭਗੌੜਾ ਮੁਜ਼ਰਮ ਆਂ ਗੀਤ... ਅੱਜ ਨੀਂ ਤਾਂ ਕੱਲ੍ਹ ਇਨ੍ਹਾਂ ਨੇ ਮਾਰ ਈ ਦੇਣਾ... ਐਥੇ ਨੀਂ ਤਾਂ ਕਿਤੇ ਹੋਰ ਸਹੀ... ਮੈਂ ਲੋਕਾਂ ਦੀਆਂ ਨਜ਼ਰਾਂ 'ਚ ਗੁਨਾਹਗਾਰ ਆਂ... ਜੇ ਤੂੰ ਮੈਨੂੰ ਏਥੋਂ ਕੱਢਣ ਦੀ ਕੋਸ਼ਿਸ਼ ਕੀਤੀ... ਕਿਸੇ ਨਾ ਕਿਸੇ ਨੇ ਜਰੂਰ ਆ ਜਾਣਾ... ਤੇ ਮੇਰਾ ਮੁਕਾਬਲਾ ਬਣਾ ਦੇਣਗੇ... ਤੇ ਤੇਰੇ ਨਾਲ...!!! ਤੇਰੇ ਨਾਲ ਪਹਿਲਾਂ ਆਪਣੀ ਹਵਸ ਮਿਟਾਉਣਗੇ... ਫੇਰ ਕੋਈ ਬਦਨੁਮਾ ਦਾਗ ਮੱਥੇ ਮੜ੍ਹ ਕੇ ਇੱਕ ਗੋਲ਼ੀ ਤੇਰੀ ਹਿੱਕ ਵਿੱਚ ਦੀ ਲੰਘਾਅ ਦੇਣਗੇ... ਏਥੇ ਕੋਈ ਕਿਸੇ ਨੂੰ ਪੁੱਛਣ ਵਾਲਾ ਨੀਂ... ਤੂੰ ਛੇਤੀ ਨਾਲ

ਏਥੋਂ ਨਿਕਲ ਜਾ ਗੀਤ... ਤੈਨੂੰ ਮੇਰੀ ਸੌਂਹ ਚਲੀ ਜਾਹ... ਤੇ ਬਾਹਰ ਜਾ ਕੇ ਮੇਰੇ ਬਾਪੂ ਤੇ ਸ਼ਵਿੰਦਰ ਨੂੰ ਨੂੰ ਅਸਲੀਅਤ ਦੱਸ... ਉਹ ਮੈਨੂੰ ਬਚਾਉਣ ਦਾ ਕੋਈ ਹੀਲਾ ਕਰ ਸਕਦੇ ਆ... ਗੁਰੀ ਨੇ ਗੀਤ ਨੂੰ ਆਖਰੀ ਵਾਰ ਕਿਹਾ...

ਗੁਰੀ ਦੀਆਂ ਤੋੜੀਆਂ ਹੋਈਆਂ ਲੱਤਾਂ ਵੇਖ ਕੇ ਗੀਤ ਦੀ ਚੀਕ ਨਿਕਲ ਗਈ... ਜਿਹੜੀ ਬਾਹਰਲਿਆਂ ਨੂੰ ਜਗਾਉਣ ਲਈ ਕਾਫ਼ੀ ਸੀ...

"....ਮੈਂ ਸ਼ਵਿੰਦਰ ਨੂੰ ਨਾਲ ਲੈ ਕੇ ਮਨੁੱਖੀ ਅਧਿਕਾਰਾਂ ਵਾਲੇ ਕਮਿਸ਼ਨ ਕੋਲ ਮਦਦ ਦੀ ਅਪੀਲ ਕਰੂੰਗੀ... ਜਰੂਰ ਕੋਈ ਨਾ ਕੋਈ ਰਾਹ ਨਿਕਲ ਆਵੇਗਾ... ਤੂੰ ਹੌਂਸਲਾ ਰੱਖੀਂ ਗੁਰੀ... ਮੈਂ ਛੇਤੀ ਕੁਝ ਕਰੂੰਗੀ... ਕੋਲ਼ ਪਏ ਘੜੇ ਦੇ ਵਿਚੋਂ ਪਾਣੀ ਦੀ ਚੂਲ਼ੀ ਭਰਕੇ ਗੁਰੀ ਦੇ ਮੂੰਹ ਨੂੰ ਲਾਉਂਦਿਆਂ ਗੀਤ ਨੇ ਆਖਿਆ...

ਕੌਣ ਆਂ ਉਏ ਅੰਦਰ...??? ਕਿਹੜਾ...??? ਹੈਂ...!!! ਬਾਹਰਲਿਆਂ 'ਚੋਂ ਇੱਕ ਜਾਣਾ ਗੀਤ ਦੀ ਚੀਕ ਸੁਣਕੇ ਉਠ ਕੇ ਬੈਠ ਗਿਆ ਸੀ...

ਗੀਤ ਇੱਕ ਦਮ ਸਹਿਮ ਗਈ... ਗੁਰੀ ਦੇ ਦੱਸਣ ਮੁਤਾਬਿਕ ਕਮਰਿਆਂ ਦੇ ਨਾਲ-ਨਾਲ ਦੀ ਦੱਬੇ ਪੈਰੀਂ ਦਰਵਾਜ਼ੇ ਤੱਕ ਚਲੀ ਗਈ..... ਗੀਤ ਨੇ ਭੱਜ ਕੇ ਬਾਹਰ ਨਿਕਲਦਿਆਂ ਬਾਹਰੋਂ ਦਰਵਾਜ਼ਾ ਬੰਦ ਕਰ ਦਿੱਤਾ ਸੀ... ਤਾਂ ਜੋ ਉੱਠਣ ਵਾਲਾ ਪਿੱਛਾ ਨਾ ਕਰ ਸਕੇ... ਓਦਾਂ ਵੀ ਉਠਣ ਵਾਲਾ ਬਹੁਤ ਸ਼ਰਾਬੀ ਸੀ... ਸਿੱਧਾ ਤੁਰਨਾ ਵੀ ਉਹਦੇ ਲਈ ਮੁਸ਼ਕਿਲ ਸੀ, ਪਿੱਛਾ ਕਰਨਾ ਤਾਂ ਦੂਰ ਦੀ ਗੱਲ ਸੀ... ਪਰ ਭੱਜੀ ਜਾਂਦੀ ਗੀਤ ਉਹਦੇ ਨਜ਼ਰੀਂ ਜਰੂਰ ਪੈ ਗਈ ਸੀ... ਉਹਨੇ ਆਪਣੇ ਨਾਲ ਦੇ ਨੂੰ ਹਲੂਣ ਕੇ ਜਗਾਉਂਦਿਆਂ ਕਿਹਾ...

ਬਾਈ...!!! ਉਏ ਬਾਈ...!!! ਇੱਕ ਕੁੜੀ ਐਹਨੂੰ ਸਾਲ਼ੇ ਨੂੰ ਮਿਲ ਕੇ ਗਈ ਆ.... ਚਿੱਟੀ ਚੁੰਨੀ ਵੇਖੀ ਆ ਮੈਂ ਤਾਂ ਭੱਜੀ ਜਾਂਦੀ ਦੀ... ਐਵੇਂ ਨਾ ਕੋਈ ਜੱਭ ਖੜ੍ਹਾ ਹੋਜੇ... ਤੂੰ ਵੇਖ ਭੱਜ ਕੇ ਉੱਠ ਕੇ.....

ਦੂਜਾ ਉੱਠ ਕੇ ਭੱਜਿਆ... ਦਰਵਾਜ਼ਾ ਬਾਹਰੋਂ ਬੰਦ ਕੀਤਾ ਹੋਇਆ ਸੀ... ਜਿੰਨੀ ਦੇਰ ਤੱਕ ਉਹਨੇ ਕੰਧ ਟੱਪ ਕੇ ਬਾਹਰ ਪਹੀ ਤੇ ਵੇਖਿਆ... ਉਦੋਂ ਤੱਕ ਗੀਤ... ਲਿੰਕ ਰੋਡ ਤੇ ਖੜ੍ਹੀ ਆਪਣੀ ਗੱਡੀ ਤੱਕ ਪਹੁੰਚ ਗਈ ਸੀ... ਤੇ ਉਹਦੇ ਵੇਂਹਦਿਆਂ-ਵੇਂਹਦਿਆਂ ਗੀਤ ਦੀ 'ਫੀਅਟ' ਕਾਰ ਅੱਖੋਂ ਓਹਲੇ ਹੋ ਗਈ...

"... ਮਾਂ ਈ ਜਾਵਿਆ... ਪਹਿਲਾਂ ਨੀਂ ਬਿੜਕ ਰੱਖੀ...!!! ਤੇਰੀ ਮਾਂ... ਗੱਡੀ 'ਚ ਬਹਿ ਕੇ ਭੱਜਗੀ... ਆਹ ਸਕੂਟਰ ਖੜ੍ਹਾ ਖਟਾਰਾ... ਸਾਲ਼ਾ ਕਬਾੜ.... ਲਾ ਲਾਂ ਪਿੱਛੇ ਹੁਣ..."

ਉਠਣ ਵਾਲੇ ਨੇ ਪਰੀਏ ਸਕੂਟਰ ਨੂੰ ਲੱਤ ਮਾਰ ਕੇ ਆਖਿਆ...

ਗੀਤ ਸਿੱਧੀ ਯੂਨੀਵਰਸਿਟੀ ਚਲੀ ਗਈ... ਪੜ੍ਹਾਈ-ਪੜ੍ਹਾਈ ਤਾ ਅੱਜ ਕੀਹਨੇ ਕਰਨੀਂ ਸੀ... ਨਾ ਹੀ ਧਿਆਨ ਸੀ... ਗੀਤ ਪਾਰਕ ਵਿੱਚ ਬੈਠ ਕੇ ਸ਼ਵਿੰਦਰ ਦੀ ਉਡੀਕ ਕਰਨ ਲੱਗੀ... ਜਿਹੜਾ ਆਪਣੇ ਲੈਕਚਰ ਅਟੈਂਡ ਕਰ ਰਿਹਾ ਸੀ... ਥੋੜ੍ਹੇ ਸਮੇਂ ਬਾਅਦ ਸ਼ਵਿੰਦਰ ਵੀ ਆ ਗਿਆ...

ਗੀਤ ਨੇ ਗੁਰਸ਼ੇਰ ਦੀ ਗ੍ਰਿਫਤਾਰੀ ਤੋਂ ਲੈ ਕੇ ਅੱਜ ਦੀ ਮੁਲਾਕਾਤ ਤੱਕ ਦੀ... ਸਾਰੀ ਕਹਾਣੀ ਸ਼ਵਿੰਦਰ ਨੂੰ ਖੋਲ੍ਹ ਕੇ ਦੱਸ ਦਿੱਤੀ...

ਸ਼ਵਿੰਦਰ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਏਦਾਂ ਵੀ ਹੋ ਸਕਦਾ ਹੈ...

ਏਨਾ ਅੰਧੇਰ... ਬੱਲੇ ਓ ਮੇਰੇ ਮਾਲਕਾ... ਗੀਤ... ਊਂ ਆਪਾਂ ਨੂੰ ਯਕੀਨ ਨੀਂ ਸੀ ਆਉਂਦਾ ਹੁੰਦਾ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹਕੇ ਬਈ ਗੁਰੀ ਏਦਾਂ ਕਰ ਸਕਦਾ ਹੈ... ਸ਼ਵਿੰਦਰ ਨੇ ਗੀਤ ਨੂੰ ਆਖਿਆ...

ਸ਼ਵਿੰਦਰ ਆਪਾਂ ਨੂੰ ਜਲਦੀ ਕੁਛ ਕਰਨਾ ਪੈਣਾ... ਇਹਨਾਂ ਨੇ ਗੁਰੀ ਤੇ ਪੰਜ ਲੱਖ ਦਾ ਇਨਾਮ ਰੱਖ ਦਿੱਤਾ... ਤੇ ਛੇਤੀ ਹੀ ਉਸ ਵਿਚਾਰੇ ਦਾ ਮੁਕਾਬਲਾ ਬਣਾਉਣ ਦੀ ਤਿਆਰੀ 'ਚ ਨੇ... ਇੱਕ ਗੱਲ ਹੋਰ... ਇਸ ਗੱਲ ਦੀ ਕਿਸੇ ਨੂੰ ਕੰਨੋਂ-ਕੰਨ ਖ਼ਬਰ ਨਹੀਂ ਹੋਣੀ ਚਾਹੀਦੀ.. ਨਹੀਂ ਤਾਂ ਗੁਰੀ ਦੀ ਜਾਨ ਦੇ ਨਾਲ-ਨਾਲ ਸਾਡੇ ਦੋਵਾਂ ਦੀ ਜਾਨ ਨੂੰ ਵੀ ਖ਼ਤਰਾ ਐ... ਮੈਨੂੰ ਉਥੋਂ ਭੱਜਦਿਆਂ ਇੱਕ ਬੰਦੇ ਨੇ ਵੇਖ ਲਿਆ... ਗੀਤ ਨੇ ਆਖਿਆ...

ਕਰੀਏ ਕੀ ਗੀਤ...??? ਲੋਕਾਂ ਨੂੰ ਕੋਈ ਮੁਸ਼ਕਿਲ ਆਉਂਦੀ ਐ ਤਾਂ ਪੁਲਿਸ ਕੋਲ਼ ਈ ਜਾਂਦੇ ਨੇ.... ਪਰ ਆਪਾਂ ਉਥੇ ਵੀ ਨੀਂ ਜਾ ਸਕਦੇ.... ਦੂਜਾ ਇਨਸਾਫ਼ ਐ ਅਦਾਲਤਾਂ ਦਾ... ਜਿਹੜੀਆਂ ਸਬੂਤ ਮੰਗਦੀਆਂ ਨੇ... ਕੀ ਸਬੂਤ ਦੇਵਾਂਗੇ...??? ਜੇ ਆਪਾਂ ਕਹਾਂਗੇ ਕਿ ਫਲਾਣੀ ਜਗ੍ਹਾ ਗੁਰੀ ਨੂੰ ਕੈਦ ਕੀਤਾ ਇਨ੍ਹਾਂ ਨੇ... ਪੁਲਿਸ ਨੇ ਕਹਿ ਦੇਣਾ ਅੱਜ ਈ ਫੜਿਆ ਫਲਾਣੇ ਨਾਕੇ ਤੋਂ ਪੁੱਛਗਿੱਛ ਚਲਦੀ ਆ... ਸੈਂਕੜੇ ਖ਼ਬਰਾਂ ਅਖ਼ਬਾਰਾਂ ਦੀਆਂ ਕੱਢ ਕੇ ਅਦਾਲਤ 'ਚ ਰੱਖ ਦੇਣਗੇ....ਬਈ ਆਹ ਦੇਖੋ ਏਨੇ ਕਰਾਈਮ ਕੀਤੇ ਆ ਗੁਰਸ਼ੇਰ ਨੇ... ਸਾਡੇ ਕੋਲ਼ ਕੀ ਬਚੇਗਾ ਦੱਸਣ ਨੂੰ...??? ਅਦਾਲਤਾਂ ਸਬੂਤ ਮੰਗਦੀਆਂ ਨੇ... ਅੰਦਰੋਂ ਸਭ ਰਲ਼ੇ ਮਿਲ਼ੇ ਈ ਆ... ਮੈਨੂੰ ਸਮਝ ਨੀਂ ਆਉਂਦੀ ਕਰੀਏ ਤਾਂ ਕੀ ਕਰੀਏ... ਸ਼ਵਿੰਦਰ ਨੇ ਚਾਰੇ ਪਾਸੇ ਨਿਗ੍ਹਾ ਮਾਰਦਿਆਂ ਆਖਿਆ...

ਆਪਾਂ ਜੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚ ਕਰੀਏ ਤਾਂ ਮਸਲੇ ਦਾ ਹੱਲ ਨਿਕਲ ਸਕਦਾ... ਆਪਾਂ ਕੇਰਾਂ ਇਹ ਸਾਬਤ ਕਰ ਦੇਈਏ ਕਿ ਅਜੇ ਤੱਕ ਗੁਰੀ ਜ਼ਿੰਦਾ ਹੈ ਤੇ ਪੁਲਸ ਦੀ ਨਜਾਇਜ਼ ਹਿਰਾਸਤ ਵਿੱਚ ਹੈ... ਪਲੀਜ਼...

ਸ਼ਵਿੰਦਰ... ਪਲੀਜ਼... ਮੇਰੇ ਗੁਰੀ ਨੂੰ ਬਚਾ ਲੈ... ਨਹੀਂ ਤਾਂ... ਨਹੀਂ ਤਾਂ ... ਮੈਂ ਵੀ ਆਪਣੀ ਜਾਨ ਦੇ ਦਿਆਂਗੀ... ਗੀਤ ਗੁਰੀ ਦੀ ਜਾਨ ਬਚਾਉਣ ਲਈ ਆਖਰੀ ਹੰਭਲ਼ਾ ਮਾਰਨਾ ਚਾਹੁੰਦੀ ਸੀ...

ਅਸੀਂ ਗੁਰੀ ਨੂੰ ਬਚਾ ਲਵਾਂਗੇ ਗੀਤ... ਤੂੰ ਫ਼ਿਕਰ ਨਾ ਕਰ... "ਹਿਊਮਨ ਰਾਈਟਸ ਕਮਿਸ਼ਨ" ਕੋਲ਼ ਏਦਾਂ ਦੇ ਕੇਸਾਂ ਦਾ ਕਾਫ਼ੀ ਤਜ਼ਰਬਾ ਹੈ... ਕੋਈ ਨਾ ਕੋਈ ਹੱਲ ਜ਼ਰੂਰ ਨਿਕਲ ਆਵੇਗਾ... ਹੁਣ ਤੂੰ ਘਰ ਚੱਲ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ... ਜੇ ਉਹਨਾਂ ਨੇ ਤੈਨੂੰ ਭੱਜਦਿਆਂ ਵੇਖ ਲਿਆ ਤਾਂ ਇਹ ਖ਼ਬਰ ਤੇਰੇ ਪਾਪਾ ਕੋਲ਼ ਵੀ ਪਹੁੰਚਾ ਦੇਣੀ ਹੈ ਉਹਨਾਂ ਨੇ... ਸ਼ਵਿੰਦਰ ਨੇ ਆਖਿਆ...

ਗੀਤ ਨੇ ਕਾਰ ਸਟਾਰਟ ਕੀਤੀ ਤੇ ਘਰ ਵੱਲ ਚੱਲ ਪਈ... ਸਾਰੇ ਰਾਹ ਇਹੀ ਸੋਚਦੀ ਰਹੀ ਕਿ ਸਿਰਫ਼ ਮੇਰੇ ਕਰਕੇ ਗੁਰੀ ਨੂੰ ਡੈਡ ਦੇ ਤੇ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ... ਜੇ ਗੁਰੀ ਨੂੰ ਕੁਛ ਹੋ ਗਿਆ... ਮੈਂ ਇਕ ਮਿੰਟ ਵੀ ਜ਼ਿੰਦਾ ਨਹੀਂ ਰਹਾਂਗੀ... ਮੈਂ ਗੁਰੀ ਦੀ ਗੁਨਾਹਗਾਹ ਆਂ... ਸੋਚਦਿਆਂ-ਸੋਚਦਿਆਂ ਘਰ ਆ ਗਿਆ...

ਕੁਦਰਤੀਂ ਅੱਜ ਡੀ.ਐਸ.ਪੀ. ਹਾਕਮ ਸਿੰਹੁ ਵੀ ਘਰ ਦੇ ਦਰਵਾਜ਼ੇ 'ਤੇ ਈ ਮਿਲ ਗਿਆ... ਸ਼ਾਇਦ ਕਿਤੇ ਜਾਣ ਲੱਗਿਆ ਹੋਵੇਗਾ...

ਬੇਟਾ ਜੀ... ਅੱਜ ਆਪਣੀ ਕਾਰ 'ਤੇ ਗਏ ਸੀ ਯੂਨੀਵਰਸਿਟੀ...!!! ਡੀ.ਐਸ.ਪੀ. ਨੇ ਗੱਡੀ 'ਚੋਂ ਉੱਤਰਦੀ ਹੋਈ ਗੀਤ ਨੂੰ ਅਤਿ ਮਿੱਠੀ ਸ਼ਬਦਾਵਲੀ 'ਚ ਪੁੱਛਿਆ...

ਜੀ... ਅੱਜ... ਕਿਹਰ ਸਿੰਘ ਹੈ ਨੀਂ ਸੀ... ਤੇ ਮੈਂ ਸੋਚਿਆ... ਗੀਤ ਨੇ ਕੰਬਦੀ ਜੀ ਅਵਾਜ਼ 'ਚ ਜਵਾਬ ਦਿੱਤਾ... ਉਹਨੂੰ ਮੂਹਰੇ ਖੜ੍ਹਾ ਡੀ.ਐਸ.ਪੀ. ਮੀਰ ਮੰਨੂ ਦਾ ਇਕਲੌਤਾ ਪੁੱਤਰ ਲੱਗ ਰਿਹਾ ਸੀ...

ਅੱਛਾ ਅੱਛਾ... ਗੀਤ ਮੇਰਾ ਦੋਸਤ ਧਰਮਰਾਜ ਇੰਡੀਆ ਆਇਆ ਹੋਇਆ... ਉਹ ਮਿਲਣ ਆਉਣਗੇ ਆਪਾਂ ਨੂੰ ਇਕ-ਦੋ ਦਿਨਾਂ 'ਚ... ਦੇਵਰਾਜ ਨੇ ਤੇਰੇ ਬਾਰੇ ਗੱਲ ਕੀਤੀ ਸੀ ਉਹਨਾਂ ਨਾਲ... ਡੀ.ਐਸ.ਪੀ. ਨੇ ਟੇਢੇ ਜੇ ਤਰੀਕੇ ਨਾਲ ਗੀਤ ਦੇ ਰਿਸ਼ਤੇ ਦੀ ਗੱਲ ਉਹਦੇ ਕੰਨ੍ਹਾਂ ਵਿੱਚ ਦੀ ਕੱਢ ਦਿੱਤੀ ਸੀ...

ਗੀਤ ਨੂੰ ਹਾਕਮ ਸਿੰਹੁ ਦੀ ਮਿੱਠੀ ਬੋਲੀ ਪਿੱਛੇ ਛੁਪਿਆ ਰਾਜ਼ ਸਪੱਸ਼ਟ ਹੋ ਗਿਆ ਸੀ... ਉਹਨੇ ਕੋਈ ਹੁੰਗਾਰਾ ਨਾ ਭਰਿਆ ਤੇ ਚੁੱਪ ਚਾਪ ਆਪਣੇ ਕਮਰੇ 'ਚ ਚਲੀ ਗਈ....

ਦੇਵਰਾਜ ਨੇ ਤੇਰੇ ਬਾਰੇ ਗੱਲ ਕੀਤੀ ਸੀ ਉਹਨਾਂ ਨਾਲ... ਡੀ.ਐਸ.ਪੀ. ਨੇ ਟੇਢੇ ਜੇ ਤਰੀਕੇ ਨਾਲ ਗੀਤ ਦੇ ਰਿਸ਼ਤੇ ਦੀ ਗੱਲ ਉਹਦੇ ਕੰਨ੍ਹਾਂ ਵਿੱਚ ਦੀ ਕੱਢ ਦਿੱਤੀ ਸੀ...

ਗੀਤ ਨੂੰ ਹਾਕਮ ਸਿੰਹੁ ਦੀ ਮਿੱਠੀ ਬੋਲੀ ਪਿੱਛੇ ਛੁਪਿਆ ਰਾਜ਼ ਸਪੱਸ਼ਟ ਹੋ ਗਿਆ ਸੀ... ਉਹਨੇ ਕੋਈ ਹੁੰਗਾਰਾ ਨਾ ਭਰਿਆ ਤੇ ਚੁੱਪ ਚਾਪ ਆਪਣੇ ਕਮਰੇ 'ਚ ਚਲੀ ਗਈ।

-----------------

## ਕਾਂਡ – 15

*ਤੂੰ ਕਿਸੇ ਤੋਂ ਪੁੱਛ ਲੈ ਕਿ ਮੇਰੀ ਜੁਬਾਂ*
*ਇਹ ਕਦੀ ਤਲਖ਼ ਹੋਈ ਨਾ ਸੀ ਇਸ ਤਰ੍ਹਾਂ*

*(ਪਾਤਰ)*

ਰਾਤ ਦੇ ਤਕਰੀਬਨ ਗਿਆਰਾਂ ਵੱਜ ਚੱਲੇ ਸੀ... ਨਾ ਤਾਂ ਗੀਤ ਨੇ ਰੋਟੀ ਹੀ ਖਾਧੀ ਸੀ ਤੇ ਨਾ ਹੀ ਨੀਂਦ ਆ ਰਹੀ ਸੀ... ਬੱਸ ਨਿਢਾਲ ਜੀ ਹੋਈ ਆਪਣੇ ਬੈੱਡ 'ਤੇ ਪਈ ਗੁਰਸ਼ੇਰ ਬਾਰੇ ਹੀ ਸੋਚੀ ਜਾਂਦੀ ਸ਼ੀ...

ਕਿਹਰ ਸਿੰਘ ਤੇ ਕੁਝ ਹੋਰ ਸੁਰੱਖਿਆ ਗਾਰਡ ਚੰਦਰਮਾਂ ਦੀ ਛਾਵੇਂ ਬਾਹਰ ਵਿਹੜੇ ਵਿੱਚ ਬੈਠੇ ਜੱਕੜ ਮਾਰ ਰਹੇ ਸਨ... ਡੀ.ਐਸ.ਪੀ. ਹਾਕਮ ਸਿਹੁ ਅਜੇ ਤੱਕ ਘਰ ਨਹੀਂ ਆਇਆ ਸੀ...

ਲਗਦਾ ਬਾਬਾ ਜੀ ਆ ਗਏ ਨੇ ਪਿੰਡੋਂ... ਗੀਤ ਨੇ ਕਿਹਰ ਸਿੰਘ ਦੀ ਅਵਾਜ਼ ਸੁਣਕੇ ਆਪਣੇ ਮਨ ਨੂੰ ਹੀ ਆਖਿਆ...

ਇੱਕ ਵਾਰੀ ਤਾਂ ਗੀਤ ਦਾ ਦਿਲ ਕੀਤਾ ਕਿ ਕਿਹਰ ਸਿੰਘ ਨੂੰ ਸਾਰੀ ਗੱਲ ਦੱਸ ਦਿਆਂ ਜਾ ਕੇ... ਫੇਰ ਸੋਚਿਆ ਉਹ ਵਿਚਾਰਾ ਕੀ ਕਰੂਗਾ.... ਇੱਕ ਸਿਪਾਹੀ ਦੀ ਹੈਸੀਅਤ ਹੀ ਕੀ ਹੈ...??? ਡੀ.ਐਸ.ਪੀ. ਦੇ ਸਾਹਮਣੇ...???

ਫੇਰ ਸੋਚਿਆ ਉਹਦੇ ਕੋਲ ਉਮਰ ਦਾ ਤਜ਼ਰਬਾ ਐ... ਹੋ ਸਕਦਾ ਕੋਈ ਹੀਲਾ-ਵਸੀਲਾ ਲੱਭ ਹੀ ਲਵੇ ਗੁਰੀ ਨੂੰ ਬਚਾਉਣ ਦਾ... ਜੇ ਹੋਰ ਨੀਂ ਕੁਝ ਹੋਊ ਦਿਲ ਖੋਲ੍ਹ ਕੇ ਰੋ ਹੀ ਲਊਂਗੀ... ਅੱਜ ਦੀ ਰਾਤ ਤਾਂ ਸੌਖੀ ਨਿਕਲਜੂਗੀ...

ਗੀਤ ਡਾਹਢੇ ਦੁਖੀ ਮਨ ਨਾਲ ਕਮਰੇ 'ਚੋਂ ਬਾਹਰ ਨਿਕਲਣ ਹੀ ਲੱਗੀ ਸੀ, ਕਿਹਰ ਸਿੰਘ ਕੋਲ਼ ਜਾਣ ਲਈ... ਕਿ ਡੀ.ਐਸ.ਪੀ. ਹਾਕਮ ਸਿਹੁ ਦਾ ਕਾਫ਼ਲਾ ਘਰ ਅੰਦਰ ਦਾਖਲ ਹੋਇਆ...

ਗੀਤ ਪੁੱਠੇ ਪੈਰੀਂ ਵਾਪਸ ਫਿਰ ਆਪਣੇ ਕਮਰੇ 'ਚ ਜਾ ਕੇ ਪੈ ਗਈ...

ਕਿਹਰ ਸਿੰਘ...??? ਗੀਤਇੰਦਰ ਕਿੱਥੇ ਐ...??? ਹਾਕਮ ਸਿਹੁ ਨੇ... ਉੱਚੀ ਅਵਾਜ਼ 'ਚ ਪੁੱਛਿਆ...

ਆਪਣੇ ਕਮਰੇ 'ਚ ਸੁੱਤੀ ਪਈ ਆ ਜਨਾਬ... ਕਿਹਰ ਸਿੰਘ ਨੇ

ਜਵਾਬ ਦਿੱਤਾ...

ਅੱਜ ਗੀਤ ਯੂਨੀਵਰਸਿਟੀ ਈ ਗਈ ਸੀ...??? ਡੀ.ਐਸ.ਪੀ. ਨੇ ਸਵਾਲੀਆ ਨਜ਼ਰਾਂ ਨਾਲ ਸੁਰੱਖਿਆ ਗਾਰਡਾਂ ਵੱਲ ਵੇਖਿਆ....???

ਜੀ ਸਾਹਬ... ਅੱਜ ਮੇਮ ਸਾਹਬ ਆਪਣੀ ਕਾਰ 'ਤੇ ਗਈ ਸੀ... ਦੂਜੇ ਸਿਪਾਹੀ ਨੇ ਜਵਾਬ ਦਿੱਤਾ...

ਡੀ.ਐਸ.ਪੀ.. ਹਾਕਮ ਸਿੰਹੁ ਨੂੰ ਖ਼ਬਰ ਮਿਲ ਚੁੱਕੀ ਸੀ ਕਿ ਕੋਈ ਲੜਕੀ ਗੁਰਸ਼ੇਰ ਨੂੰ ਮਿਲਕੇ ਭੱਜ ਜਾਣ ਵਿੱਚ ਕਾਮਯਾਬ ਹੋ ਗਈ ਐ... ਸੂਹੀਏ ਵੱਲੋਂ ਦੱਸਿਆ ਗਿਆ ਗੱਡੀ ਦਾ ਤੇ ਚੁੰਨੀ ਦਾ ਰੰਗ ਗੀਤ ਵੱਲ ਇਸ਼ਾਰਾ ਕਰ ਰਹੇ ਸਨ... ਕਿਉਂਕਿ ਜਦੋਂ ਗੀਤ ਵਾਪਸ ਘਰ ਆਈ ਤਾਂ ਹਾਕਮ ਸਿੰਹੁ ਵੇਖ ਚੁੱਕਿਆ ਸੀ ਉਹਦੇ ਸਿਰ 'ਤੇ ਲਈ ਚਿੱਟੇ ਰੰਗ ਦੀ ਚੁੰਨੀ ਨੂੰ... ਦੂਸਰਾ ਗੀਤ ਪਹਿਲਾਂ ਕਦੇ ਇਸ ਤਰ੍ਹਾਂ ਇਕੱਲੀ ਨਹੀਂ ਗਈ ਸੀ ਯੂਨੀਵਰਸਿਟੀ....

... ਬੇਸ਼ੱਕ ਆਪਣੀ ਕਾਰ 'ਚ ਹੀ ਜਾਂਦੀ... ਦੋ ਸੁਰੱਖਿਆ ਗਾਰਡ ਨਾਲ ਜ਼ਰੂਰ ਹੁੰਦੇ ਸੀ... ਗੀਤ ਦਾ ਇਕੱਲੇ ਜਾਣਾ... ਡੀ.ਐਸ.ਪੀ. ਦੇ ਸ਼ੱਕ ਨੂੰ ਹੋਰ ਪੁਖਤਾ ਕਰਦਾ ਸਨ...

ਉਧਰ ਗੀਤ ਵੀ ਅੰਦਰ ਪਈ ਇਹ ਸਭ ਸੁਣ ਰਹੀ ਸੀ... ਉਹਨੂੰ ਵੀ ਪਤਾ ਲੱਗ ਗਿਆ ਸੀ ਕਿ ਦੇਖਣ ਵਾਲੇ ਨੇ ਸਭ ਕੁਝ ਡੀ.ਐਸ.ਪੀ. ਨੂੰ ਦੱਸ ਦਿੱਤਾ ਹੈ...

ਪਰ ਗੀਤ... 'ਚੱਲ ਕੋਈ ਨਾ ਜੋ ਹੋਊ ਦੇਖੀ ਜਾਊ' ਵਾਲੇ ਸਿਧਾਂਤ ਤੇ ਖੜ੍ਹੀ ਸੀ...

ਜੇ ਗੁਰੀ ਨੂੰ ਇਨਸਾਫ਼ ਦਿਵਾਉਣ ਦਾ ਕੋਈ ਵੀ ਹੀਲਾ ਨਾ ਬਣਿਆ ਤਾਂ ਕਿਉਂ ਨਾ ਉਹਨੂੰ ਇਹਨਾਂ ਦੀ ਹਿਰਾਸਤ 'ਚੋਂ ਕਿਸੇ ਤਰੀਕੇ ਭਜਾਕੇ ਸੱਚਮੁੱਚ ਖਾੜਕੂਆਂ ਨਾਲ ਰਲਾ ਦਿੱਤਾ ਜਾਵੇ... ਘੱਟੋ-ਘੱਟ ਉਹ ਖਾੜਕੂ ਸੰਘਰਸ਼ ਵਿੱਚ ਆ ਆਕੇ ਆਪਣੇ ਨਾਮ 'ਤੇ ਲੱਗਿਆ 'ਖ਼ੂੰਖਾਰ ਅੱਤਵਾਦੀ' ਵਾਲਾ ਠੱਪਾ ਤਾਂ ਲਾਹ ਹੀ ਦੇਵੇਗਾ...

ਮੈਂ ਮੰਨਦੀ ਆਂ... ਕਿ ਗੁਰੀ ਦੇ ਨਾਂ ਨਾਲ ਇਹਨਾਂ ਨੇ ਏਨੇ ਜੁਰਮ ਜੋੜ ਦਿੱਤੇ ਨੇ ਕਿ ਉਹਨੂੰ ਬਚਾਉਣਾ ਮੁਸ਼ਕਲ ਹੋ ਗਿਆ...

ਮੈਂ ਮੰਨਦੀ ਆਂ... ਕਿ ਉਹ ਹੁਣ ਇੱਕ ਆਮ ਨਾਗਰਿਕ ਵਾਲੀ ਜ਼ਿੰਦਗੀ ਨਹੀਂ ਜਿਉਂ ਸਕੇਗਾ... ਪਰ ਜੇ ਕਿਤੇ ਉਹ ਇਹਨਾਂ ਦੀ ਗ੍ਰਿਫਤ ਵਿੱਚੋਂ ਨਿਕਲ ਜਾਵੇ... ਤਾਂ ਸਿੱਖੀ ਸਿਧਾਂਤਾਂ ਮੁਤਾਬਿਕ ਸੰਘਰਸ਼ ਲੜਕੇ ਏਨਾਂ ਜ਼ਰੂਰ ਦੱਸ ਸਕਦਾ ਹੈ ਕਿ ਅਸਲ ਗੁਰਸ਼ੇਰ ਕੌਣ ਆਂ ਤੇ ਉਹਦੀ ਸੋਚ ਕੀ ਆ...

ਗੀਤ ਕਈ ਤਰ੍ਹਾਂ ਦੀਆਂ ਉਧੇੜ-ਬੁਣਾ ਵਿੱਚ ਦੇਰ ਰਾਤ ਤੱਕ ਉਲਝਦੀ ਰਹੀ.. ਘੰਟਾ ਅੱਧਾ-ਘੰਟਾ ਅੱਖ ਲੱਗੀ ਹੋਵੇਗੀ... ਤੜ੍ਹਕੇ ਫੇਰ ਸਾਜ਼ਰੇ ਈ ਜਾਗ ਖੁੱਲ੍ਹ ਗਈ...

ਗੀਤ ਨੇ ਆਪਣੇ ਮਨ ਵਿੱਚ ਪੱਕੀ ਧਾਰ ਲਈ ਸੀ ਕਿ ਇਨ੍ਹਾਂ ਅਦਾਲਤਾਂ, ਕਮਿਸ਼ਨਾਂ, ਥਾਣਿਆਂ ਵਿੱਚ ਜਾਣ ਦਾ ਮਤਲਬ ਆ ਗੁਰੀ ਦੀ ਮੌਤ... ਜਿੰਨੀ ਜਲਦੀ ਕਿਤੇ ਅਪੀਲ ਕਰਾਂਗੇ... ਓਨੀ ਜਲਦੀ ਪੁਲਿਸ ਮੁਕਾਬਲਾ ਹੋ ਜਾਵੇਗਾ... ਤੇ ਇਸ ਅਖੌਤੀ ਮਹਾਨ ਲੋਕਤੰਤਰ ਦਾ ਇੱਕ ਹੋਰ ਬੇਕਸੂਰ ਨਾਗਰਿਕ... ਇਸ ਦੇਸ਼ ਦੀ ਅਖੌਤੀ ਅਮਨ-ਸ਼ਾਂਤੀ ਤੇ ਏਕਤਾ ਅਖੰਡਤਾ ਦੀ ਭੇਟ ਚੜ੍ਹ ਜਾਵੇਗਾ...

ਜੇ ਇਹਨਾਂ ਨੇ ਗੁਰੀ ਨੂੰ ਭਗੌੜਾ ਕਰਾਰ ਦਿੱਤਾ ਈ ਹੋਇਆ ... ਤਾਂ ਫਿਰ ਉਹਦੇ ਬਚਣ ਦਾ ਇੱਕੋ ਇੱਕ ਰਾਹ ਐ....ਕਿ ਉਹ ਸੱਚਮੁੱਚ ਭਗੌੜਾ ਹੋ ਜਾਵੇ... ਪਰ ਉਹਨੂੰ ਕੱਢਿਆ ਕਿਵੇਂ ਜਾਵੇ ਉਸ ਨਰਕ ਵਿਚੋਂ...??? ਗੀਤ ਇਸ ਸਵਾਲ ਦਾ ਜਵਾਬ ਤਲਾਸ਼ਦਿਆਂ ਜਾਗੋ-ਮੀਟੀ ਜੀ ਪਈ ਸੀ...

ਗੀਤ ਉੱਠ ਖੜ੍ਹ ਪੁੱਤ ਓਏ...ਕਿਹਰ ਸਿੰਘ ਨੇ ਅਵਾਜ਼ ਦਿੱਤੀ...

ਅੰਮ੍ਰਿਤ ਵੇਲਾ ਹੋ ਚੁੱਕਿਆ ਸੀ... ਗੁਰਦੁਆਰਾ ਸਾਹਿਬ ਦੇ ਸਪੀਕਰ 'ਚੋਂ ਇਲਾਹੀ ਫ਼ੁਰਮਾਨ ਹੁਕਮਨਾਮਾ ਸਾਹਿਬ ਉਚਾਰਣ ਕੀਤਾ ਜਾ ਰਿਹਾ ਸੀ:

*ਰਤੁ ਪੀਣੇ ਰਾਜੇ ਸਿਰੇ ਉਪਰਿ ਰਖੀਅਹਿ ਏਵੈ ਜਾਪੈ ਭਾਉ ॥*
*ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥*

(*ਅੰਗ 142*)

ਗੀਤ ਉਠੀ... ਇਸ਼ਨਾਨ ਕੀਤਾ... ਨਿਤਨੇਮ ਕੀਤਾ... ਵਾਹਿਗੁਰੂ ਅੱਗੇ ਗੁਰੀ... ਤੇ ਗੁਰੀ ਵਰਗੇ ਹਜ਼ਾਰਾਂ ਬੇਕਸੂਰਾਂ ਦੀ ਬੰਦ-ਖਲਾਸੀ ਲਈ ਅਰਦਾਸ ਕੀਤੀ... ਫੇਰ ਖ਼ਿਆਲ ਆਇਆ ਤਸ਼ੱਦਦ ਤੇ ਸ਼ਹਾਦਤਾਂ ਤਾਂ ਸਾਡਾ ਵਿਰਸਾ ਹੈ... ਬਾਬਾ ਬੰਦਾ ਸਿੰਘ ਬਹਾਦਰ ਦੇ ਡੇਢ ਸਾਲ ਦੇ ਮਾਸੂਮ ਬੱਚੇ ਅਜੈ ਸਿੰਘ ਦੀ ਸ਼ਹਾਦਤ ਤੋਂ ਲੈ ਕੇ... ਸਿਰ ਤਲੀ 'ਤੇ ਰੱਖਕੇ ਜੂਝਣ ਵਾਲੇ ਬਜ਼ੁਰਗ ਬਾਬਾ ਦੀਪ ਸਿੰਘ ਦੀ ਸ਼ਹਾਦਤ ਤੱਕ ਨਿਗਾ ਮਾਰੀ...

ਅਨਿਆਂ ਦੇ ਖਿਲਾਫ਼ ਜੰਗ... ਚਲਦੀ ਰਹੀ ਆ ਤੇ ਚਲਦੀ ਰਹੇਗੀ... ਬੇਦੋਸ਼ਾਂ ਦਾ ਖ਼ੂਨ ਡੁਲਦਾ ਰਿਹਾ ਤੇ ਡੁੱਲਦਾ ਰਹੇਗਾ... ਲਾਹੌਰ ਦਰਬਾਰ ਦੀ ਤੱਤੀ ਤਵੀ ਤੋਂ ਲੈਕੇ... ਦਿੱਲੀ ਦਰਬਾਰ ਦੇ ਤੋਪਾਂ ਟੈਂਕਾਂ ਤੱਕ... ਚੰਦੂ ਤੋਂ ਲੈ ਕੇ ਇੰਦਰਾ ਤੱਕ... ਸਭ ਖਿੜੇ ਮੱਥੇ ਪ੍ਰਵਾਨ ਕੀਤਾ ਗਿਆ... ਖ਼ਾਲਸਾ ਅਡੋਲ

ਐ... ਖ਼ਾਲਸਾ ਅਡਿੱਗ ਐ... ਖ਼ਾਲਸਾ ਅਹਿੱਲ ਐ...!!!

ਵਾਹਿਗੁਰੂ...!!! ਝੋਰਾ ਇੱਕੋ ਈ ਐ.... ਜੇ ਗੁਰਸ਼ੇਰ ਦੀ ਕਿਸਮਤ 'ਚ ਇਹ ਹਾਲਾਤ ਲਿਖ ਹੀ ਦਿੱਤੇ ਸੀ... ਕਾਸ਼!!!! ਤੂੰ ਕਿਤੇ ਉਹਨੂੰ ਕੌਮ ਦੀ ਅਣਖ ਤੇ ਆਬਰੂ ਦੀ ਖ਼ਾਤਿਰ ਜੂਝਦੇ ਉਹਨਾਂ ਸੂਰਮਿਆਂ ਦੇ ਵਿੱਚ ਵਿਚਰਣ ਦਾ ਇੱਕ ਮੌਕਾ ਵੀ ਬਖਸ਼ ਦਿੰਦਾ....

ਇੱਕ ਖਾਹਿਸ਼ ਐ...!!!! ਜੇ ਕਿਤੇ ਗੁਰੀ ਉਥੋਂ ਨਿਕਲ ਜਾਵੇ... ਤਾਂ ਸ਼ਾਇਦ ਇੱਕ ਏ.ਕੇ. ਸੰਤਾਲੀ ਮੈਂ ਵੀ ਸੰਭਾਲ ਲਵਾਂ... ਇਸ ਘਰ ਵਿੱਚ ਰਵ੍ਹਾਂ ਵੀ ਤਾਂ ਕੀਹਦੇ ਆਸਰੇ...!!! ਉਸ ਪਿਉ ਦੇ ਜਿਹੜਾ ਮੇਰੇ ਸੁਪਨਿਆਂ ਦਾ ਕਾਤਿਲ ਆ... ਜਾਂ ਫਿਰ ਚੰਦਰੀ ਕਿਸਮਤ ਦੇ ਜੀਹਨੇ ਉਸ ਮੋੜ 'ਤੇ ਆ ਕੇ ਦਗਾ ਦਿੱਤਾ... ਜਿੱਥੋਂ ਪਿੱਛੇ ਮੁੜਿਆ ਨੀਂ ਜਾ ਸਕਦਾ ਤੇ ਅੱਗੇ ਕੋਈ ਰਾਹ ਨੀਂ ਦਿਸਦਾ...

ਗੀਤ ਯੂਨੀਵਰਸਿਟੀ ਜਾਣ ਦੀ ਤਿਆਰੀ ਕਰਨ ਲੱਗੀ ਤਾਂ ਜੋ ਸ਼ਵਿੰਦਰ ਨਾਲ ਕੋਈ ਸਲਾਹ ਬਣਾ ਕੇ... ਗੁਰਸ਼ੇਰ ਨੂੰ ਉਥੋਂ ਭਜਾਉਣ ਦੀ ਕੋਈ ਵਿਉਂਤ ਬਣਾਈ ਜਾ ਸਕੇ...

ਪਰ ਅੱਜ ਡੀ.ਐਸ.ਪੀ. ਹਾਕਮ ਸਿੰਹੁ ਗੀਤ ਦੇ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਈ ਉਠ ਖੜਾ ਸੀ... ਉਹਨੂੰ ਸ਼ੱਕ ਹੋ ਗਿਆ ਸੀ ਕਿ ਗੁਰਸ਼ੇਰ ਨੂੰ ਮਿਲਣ ਵਾਲੀ ਕੁੜੀ... ਉਸਦੀ ਆਪਣੀ ਧੀ ਗੀਤਇੰਦਰ ਹੀ ਐ...

ਡੀ.ਐਸ.ਪੀ. ਹਾਕਮ ਸਿੰਹੁ ਪੂਰੀ ਰਾਤ ਬੇਚੈਨੀ ਵਿੱਚ ਸੀ ਕਿਉਂਕਿ ਉਹਦੀ ਸਾਜਿਸ਼ ਦਾ ਪਰਦਾਫਾਸ਼ ਹੋ ਚੁੱਕਿਆ ਸੀ... ਉਹਨੂੰ ਡਰ ਸੀ ਕਿ ਕਿਤੇ ਹੁਣ ਤੱਕ ਓਹਦੀ ਨਫ਼ਰਤ ਦਾ ਸ਼ਿਕਾਰ ਰਹੀ ਗੀਤ ਇਸ ਸਾਜਿਸ਼ ਨੂੰ ਜੱਗ ਜ਼ਾਹਿਰ ਨਾ ਕਰ ਦੇਵੇ... ਇਸੇ ਕਰਕੇ ਉਹ ਆਪਣੇ ਸ਼ੱਕ ਦੀ ਪੁਸ਼ਟੀ ਕਰਕੇ ਕੋਈ ਅਗਲਾ ਕਦਮ ਚੁੱਕਣਾ ਚਾਹੁੰਦਾ ਸੀ...

"... ਤੂੰ ਕਿੱਥੇ ਜਾ ਰਹੀ ਐਂ ਗੀਤ...??? ਡੀ.ਐਸ.ਪੀ. ਨੇ ਗੀਤ ਨੂੰ ਤਿਆਰ ਹੁੰਦਿਆਂ ਵੇਖ ਕੇ ਪੁੱਛਿਆ...

ਮੈਂ...!!! ਮੈਂ ਯੂਨੀਵਰਸਿਟੀ ਜਾ ਰਹੀ ਆਂ ਡੈਡ... ਗੀਤ ਨੇ ਜਵਾਬ ਦਿੱਤਾ...

ਤੂੰ ਅੱਜ ਕਿਤੇ ਨਹੀਂ ਜਾਵੇਂਗੀ... ਮੇਰਾ ਮਿੱਤਰ ਪਰਮਰਾਜ ਸਾਨੂੰ ਮਿਲਣ ਆ ਰਿਹਾ ... ਮੈਂ ਉਹਦੇ ਬੇਟੇ ਨੂੰ ਤੇਰੇ ਲਈ ਪਸੰਦ ਕਰ ਲਿਆ... ਦੂਜਾ ਅਸੀਂ ਇੱਕ ਖਤਰਨਾਕ ਅੱਤਵਾਦੀ ਨੂੰ ਗ੍ਰਿਫਤਾਰ ਕੀਤਾ ਪਰਸੋਂ... ਉਹਦੇ ਸਾਥੀ ਉਹਨੂੰ ਛੁਡਾਉਣ ਦੀ ਕੋਸ਼ਿਸ਼ ਜਰੂਰ ਕਰਨਗੇ... ਖੁਫ਼ੀਆ ਏਜੰਸੀਆਂ

ਦੀ ਰਿਪੋਰਟ ਆ ਕਿ ਵੱਡੇ ਅਫਸਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਗਵਾ ਕੀਤਾ ਜਾ ਸਕਦਾ ਐ... ਇਸ ਕਰਕੇ ਤੂੰ ਦੋ-ਤਿੰਨ ਦਿਨ ਯੂਨੀਵਰਸਿਟੀ ਨਹੀਂ ਜਾਏਂਗੀ... ਡੀ.ਐਸ.ਪੀ. ਹਾਕਮ ਸਿੰਹੁ ਨੇ ਆਪਣੇ ਪਾਪਾਂ ਨੂੰ ਛੁਪਾਉਣ ਵਾਸਤੇ ਇੱਕ ਨਵੀਂ ਤਰਕੀਬ ਘੜਦਿਆਂ ਗੀਤ ਨੂੰ ਫੁਰਮਾਨ ਜਾਰੀ ਕੀਤਾ...

ਪਰ ਪਾਪਾ... ਮੇਰੇ ਐਗਜ਼ਾਮ ਸਿਰ 'ਤੇ ਨੇ...!!! ਮੈਨੂੰ ਜਾਣਾ ਪਵੇਗਾ... ਗੀਤ, ਡੀ.ਐਸ.ਪੀ. ਨੂੰ ਕੋਈ ਅੰਦਾਜ਼ਾ ਕਰਵਾਏ ਬਿਨਾ... ਘਰੋਂ ਨਿਕਲਣ ਦਾ ਕੋਈ ਬਹਾਨਾ ਲੱਭ ਰਹੀ ਸੀ...

ਬੱਸ... ਕੁਝ ਵੀ ਆ... ਮੈਂ ਜੋ ਕਹਿ ਦਿੱਤਾ ਸੋ ਕਹਿ ਦਿੱਤਾ... ਪਰਮਰਾਜ ਦਾ ਬੇਟਾ ਅਮਰੀਕਾ ਪੜ੍ਹਦਾ ਆਪਣੇ ਦੇਵਰਾਜ ਨਾਲ... ਉਹ ਵੀ ਆ ਰਿਹਾ ਨਾਲ... ਡੀ.ਐਸ.ਪੀ. ਗੀਤ ਦਾ ਛੇਤੀ ਵਿਆਹ ਕਰਕੇ ਉਹਨੂੰ ਹਿੰਦੁਸਤਾਨ 'ਚੋਂ ਬਾਹਰ ਭੇਜ ਦੇਣਾ ਚਾਹੁੰਦਾ ਸੀ...

ਪਰ... ਪਾਪਾ... ਮੈਂ ਇਹ ਵਿਆਹ ਨਹੀਂ ਕਰਾਂਗੀ... ਗੀਤ ਨੇ ਸਿੱਧੇ ਤੇ ਸਪੱਸ਼ਟ ਲਫ਼ਜ਼ਾਂ 'ਚ ਕਿਹਾ...

ਕੀ ਆਖਿਆ ਤੂੰ...??? ਬਦਜ਼ਾਤੇ...!!! ਮੈਂ ਤੇਰੇ ਨਾਲੋਂ ਬਿਹਤਰ ਜਾਣਦਾਂ... ਕੀ ਕਰਨਾ ਹੈ ਤੇ ਕੀ ਨਹੀਂ...!!! ਡੀ.ਐਸ.ਪੀ. ਨੇ ਰੋਅਬ ਨਾਲ ਆਖਿਆ...

"...ਮੈਂ ਇਹ ਵਿਆਹ ਨਹੀਂ ਕਰਾਂਗੀ... ਮੈਂ ਗੁਰਸ਼ੇਰ ਦੀ ਅਮਾਨਤ ਆਂ... ਮੇਰਾ ਗੁਰਸ਼ੇਰ ਬੇਕਸੂਰ ਆ... ਉਹ ਕੋਈ ਅੱਤਵਾਦੀ ਨਹੀਂ ਹੈ... ਮੈਂ ਵਿਆਹ ਸਿਰਫ਼ ਉਹਦੇ ਨਾਲ ਹੀ ਕਰਾਂਗੀ... ਨਹੀਂ ਤਾਂ ਆਪਣੀ ਜਾਨ ਦੇ ਦਿਆਂਗੀ... 'ਦੈਟਸ ਫਾਈਨਲ'..." ਗੀਤ ਨੇ ਕੋਰਾ ਜਵਾਬ ਦਿੱਤਾ...

"... ਯੂ ਸ਼ੱਟਅਪ... ਬਲੱਡੀ ਫੂਲ... ਤੂੰ ਕੱਲ੍ਹ ਕਿੱਥੇ ਗਈ ਸੀ ਗੀਤ...??? ਡੀ.ਐਸ.ਪੀ. ਦੀਆਂ ਅੱਖਾਂ 'ਚ ਖ਼ੂਨ ਉਤਰ ਆਇਆ ਸੀ...

ਕਿਹਰ ਸਿੰਘ...???

ਕਿਹਰ ਸਿੰਘ...ਅ...ਅ...ਅ...???

ਡੀ.ਐਸ.ਪੀ. ਨੇ ਉੱਚੀ ਅਵਾਜ਼ 'ਚ ਬਾਹਰ ਖੜ੍ਹੇ ਗਾਰਡ ਨੂੰ ਬੁਲਾਇਆ...

ਜੀ ਸਾਹਬ... ਕਿਹਰ ਸਿੰਘ ਨੇ ਭੱਜ ਕੇ ਆਉਂਦਿਆਂ ਜਵਾਬ ਦਿੱਤਾ...

ਬਾਹਰ ਖੜ੍ਹੇ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਆਖੋ ਕਿ ਪੁਲਿਸ ਲਾਈਨਜ਼ ਗਰਾਊਂਡ 'ਚ ਚਲੇ ਜਾਣ... ਮੈਂ ਉਹਨਾਂ ਨਾਲ ਕੋਈ ਮੀਟਿੰਗ ਕਰਨੀਂ ਐ... ਯਾਦ ਰਹੇ ਇੱਕ ਵੀ ਗਾਰਡ ਇੱਥੇ ਨਹੀਂ ਰਹਿਣਾ ਚਾਹੀਦਾ... ਡੀ.ਐਸ.ਪੀ.

ਨੇ ਕਰੜਾ ਹੁਕਮ ਦਿੱਤਾ...

ਪੁਲਿਸ ਲਾਈਨਜ਼ ਤਕਰੀਬਨ ਸੱਤ-ਅੱਠ ਏਕੜ 'ਚ ਬਣੀ ਹੋਈ ਸੀ... ਜੀਹਦੇ ਇੱਕ ਪਾਸੇ ਹਾਕਮ ਸਿੰਹੁ ਦੀ ਰਿਹਾਇਸ਼ ਸੀ...

ਡੀ.ਐਸ.ਪੀ. ਮੁਲਾਜ਼ਮਾਂ ਨੂੰ ਬਹਾਨੇ ਨਾਲ ਭੇਜ ਰਿਹਾ ਸੀ ਤਾਂ ਜੋ ਕੋਈ ਬਾਪ-ਬੇਟੀ ਦੀ ਤਕਰਾਰ ਨਾ ਸੁਣ ਲਵੇ... ਵੀਰਾਂ ਅਜੇ ਤੱਕ ਆਈ ਨਹੀਂ ਸੀ... ਕੋਠੀ ਵਿਚ ਸਿਰਫ਼ ਹਾਕਮ ਸਿੰਹੁ ਡੀ.ਐਸ.ਪੀ. ਤੇ ਉਹਦੀ ਬੇਟੀ ਗੀਤਇੰਦਰ ਹੀ ਰਹਿ ਗਏ ਸਨ ਜਾਂ ਫਿਰ ਕੁਝ ਕਨਸੋਅ ਕਿਹਰ ਸਿੰਘ ਦੇ ਕੰਨੀਂ ਪੈ ਗਈ ਸੀ...

ਵੇਖ ਗੀਤ...!!! ਤੇਰਾ ਵਿਆਹ ਕਰਨਾ ਸਾਡਾ ਘਰੇਲੂ ਮਸਲਾ ਐ... ਤੇ ਅੱਤਵਾਦ ਦੇ ਖਿਲਾਫ਼ ਲੜਾਈ ਇਹ ਸਾਡਾ ਰਾਸ਼ਟਰੀ ਮਸਲਾ ਐ...ਗੁਰਸ਼ੇਰ ਵਰਗੇ ਅੱਤਵਾਦੀਆਂ ਨੂੰ ਨੱਥ ਪਾਉਣ ਲਈ ਹੀ ਮਹਿਕਮੇ ਨੇ ਸਾਡੇ ਮੋਢਿਆਂ ਤੇ ਸਟਾਰ ਟੰਗੇ ਨੇ... ਉਹ ਇੱਕ ਖੂੰਖਾਰ ਅੱਤਵਾਦੀ ਆ... ਉਹਨੇ ਸੈਂਕੜੇ ਬੇਕਸੂਰਾਂ ਦਾ ਖ਼ੂਨ ਪੀਤਾ ਐ... ਮੈਂ ਬੜੀ ਮੁਸ਼ਕਿਲ ਨਾਲ ਉਹਨੂੰ ਡਰੇਨ ਦੇ ਪੁਲ ਤੇ ਨਾਕਾ ਲਾ ਕੇ ਪਰਸੋਂ ਸਵੇਰੇ ਗ੍ਰਿਫਤਾਰ ਕੀਤਾ... ਇਹੋ ਜਿਹੇ ਖਤਰਨਾਕ ਅਪਰਾਧੀ ਦੇ ਹੱਥ ਮੈਂ ਆਪਣੀ ਬੇਟੀ ਦਾ ਪੱਲਾ ਨਹੀਂ ਫੜਾ ਸਕਦਾ... ਤੇ ਮੈਨੂੰ ਇਹ ਗੱਲ ਦੱਸਣ ਦੀ ਲੋੜ ਦੁਬਾਰਾ ਨਹੀਂ ਪੈਣੀ ਚਾਹੀਦੀ ਯੂ ਅੰਡਰਸਟੈਂਡ...!!! ਡੀ.ਐਸ.ਪੀ. ਨੇ ਜੁੰਮੇਵਾਰ ਅਫਸਰ ਵਾਂਗ ਧਮਕੀਨੁਮਾ ਲਹਿਜੇ 'ਚ ਆਖਿਆ...

"...ਪਰ ਉਹ ਅੱਤਵਾਦੀ ਨਹੀਂ ਹੈ ਡੀ.ਐਸ.ਪੀ. ਸਾਹਬ... ਉਹਦਾ ਦੇਸ਼ਧ੍ਰੋਹ ਇਹੋ ਈ ਆ ਕਿ ਉਹ ਮੈਨੂੰ ਪਿਆਰ ਕਰਦਾ ਹੈ... ਤੁਸੀਂ ਇੱਕ ਬੇਕਸੂਰ ਨੂੰ ਤਿੰਨਾਂ ਮਹੀਨਿਆਂ ਤੋਂ ਨਜਾਇਜ਼ ਹਿਰਾਸਤ 'ਚ ਰੱਖਿਆ ਹੋਇਆ... ਉਹਦੇ ਤੇ ਗੈਰ-ਮਨੁੱਖੀ ਤਸ਼ੱਦਦ ਕੀਤਾ ਗਿਆ... ਉਹਦੇ ਨਾਮ 'ਤੇ ਅਨੇਕਾਂ ਕ੍ਰਾਈਮ ਕਰਵਾਏ ਗਏ ਨੇ... ਉਸ ਵਿਚਾਰੇ ਕੋਲੋਂ ਇੱਕ ਸੱਭਿਅਕ ਮਨੁੱਖ ਵਾਂਗ ਜਿਉਣ ਦਾ ਹੱਕ ਤੁਸੀਂ ਲੋਕਾਂ ਨੇ ਖੋਹ ਲਿਆ ਹੈ... ਉਹਦੀ ਹਾਲਤ ਪਿੰਜ਼ਰੇ ਵਿੱਚ ਕੈਦ ਕੀਤੇ ਗਏ ਜਾਨਵਰ ਤੋਂ ਵੀ ਬਦਤਰ ਐ... ਤੁਸੀਂ ਉਸਦੇ ਗੁਨਾਹਗਾਰ ਹੋ ਡੈਡ... ਤੁਹਾਨੂੰ ਤੁਹਾਡੇ ਗੁਨਾਹਾਂ ਦੀ ਸਜ਼ਾ ਜਰੂਰ ਮਿਲੇਗੀ... ਇਹ ਕਿਹੋ ਜ਼ੀ ਰਾਸ਼ਟਰਭਗਤੀ ਐ.... ਇਹ ਕਿਹੜੀ ਅਮਨ-ਸ਼ਾਂਤੀ ਦਾ ਢੰਡੋਰਾ ਪਿੱਟ ਰਹੇ ਓ ਤੁਸੀਂ... ਇੱਕ ਬੁੱਢੇ ਮਾਂ-ਬਾਪ ਕੋਲੋਂ ਉਹਨਾਂ ਦਾ ਇਕਲੌਤਾ ਬੇਕਸੂਰ ਪੁੱਤਰ ਖੋਹ ਕੇ... ਤੁਸੀਂ ਕਿਹੜੀ ਦੇਸ਼ਭਗਤੀ ਦਾ ਮੁਜ਼ਾਹਰਾ ਕਰ ਰਹੇ ਹੋ... ਥੋਡੇ ਗੁੰਡਾ ਗਿਰੋਹ... ਖਾੜਕੂਆਂ ਦੇ ਭੇਸ ਵਿੱਚ ਲੋਕਾਂ ਦੇ ਘਰੀਂ ਜਾ ਕੇ ਉਹਨਾਂ ਦੀਆਂ ਧੀਆਂ-ਭੈਣਾਂ ਦੀਆਂ ਇੱਜਤਾਂ ਨਾਲ ਖੇਡਦੇ ਨੇ... ਲੋਕਾਂ ਦੇ ਮਾਸੂਮ

ਬੱਚੇ ਅਗਵਾ ਕਰਦੇ ਨੇ... ਫਿਰੌਤੀਆਂ ਮੰਗਦੇ ਨੇ... ਖਾੜਕੂ ਲਹਿਰ ਨੂੰ ਇੱਕ ਫ਼ਿਰਕੂ ਲਹਿਰ ਸਾਬਿਤ ਕਰਨ 'ਚ ਲੱਗੇ ਹੋਏ ਨੇ... ਇਹੋ ਤੁਹਾਡੀ ਦੇਸ਼ ਭਗਤੀ ਐ ਡੈਡ... ਇਹੋ ਤੁਹਾਡੀ ਅਮਨ-ਸ਼ਾਂਤੀ ਐ... ਗੀਤ ਭੁੱਬਾਂ ਮਾਰ ਕੇ ਰੋ ਪਈ ਸੀ...

"... ਆਪਣੀ ਜ਼ੁਬਾਨ ਨੂੰ ਲਗਾਮ ਦੇ ਬਦਜ਼ਾਤੇ...!!! ਤੂੰ ਭੁੱਲ ਰਹੀਂ ਐ... ਕਿ ਤੂੰ ਕੀਹਦੇ ਨਾਲ ਗੱਲ ਕਰ ਰਹੀ ਐਂ... ਮੈਂ ਇੱਕ ਪੁਲਿਸ ਆਫੀਸਰ ਹੋਣ ਦੇ ਨਾਲ-ਨਾਲ ਤੇਰਾ ਪਿਉ ਵੀ ਆਂ... ਮੈਂ ਤੇਰੇ ਨਾਲੋਂ ਜ਼ਿਆਦਾ ਜਾਣਦਾਂ ਕੀ ਠੀਕ ਐ ਤੇ ਕੀ ਗਲਤ..."

ਅੱਤਵਾਦ ਦੇ ਖਿਲਾਫ਼ ਜੋ ਸਰਕਾਰੀ ਨੀਤੀ ਐ ਉਹੀ ਲਾਗੂ ਕੀਤੀ ਜਾ ਰਹੀ ਐ... ਤੇਰੀ ਸਲਾਹ ਨਹੀਂ ਮੰਗੀ ਜਾ ਰਹੀ ਅੰਡਰਸਟੈਂਡ... ਨਾਲੇ ਵੱਡਿਆਂ ਦੀਆਂ ਗੱਲਾਂ 'ਚ ਛੋਟਿਆਂ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ.. ਜੇ ਤੂੰ ਮੇਰੀ ਧੀ ਨਾ ਹੁੰਦੀ... ਮੈਂ ਅੱਜ ਦੱਸ ਦਿੰਦਾ ਤੈਨੂੰ... ਬਈ ਗਿੱਠ ਲੰਮੀ ਜ਼ੁਬਾਨ ਚਲਾਉਣ ਦਾ ਨਤੀਜਾ ਕੀ ਹੁੰਦਾ...!!!

"ਪਰ... ਜਦੋਂ ਗੱਲ ਵੱਡੀ ਹੋਵੇ ਡੀ.ਐਸ.ਪੀ. ਸਾਹਬ ਉਦੋਂ ਕੋਈ ਵੀ ਆਦਮੀ ਛੋਟਾ ਨਹੀਂ ਹੁੰਦਾ... ਨਾ ਕਹਿਣ ਵਾਲਾ ਤੇ ਨਾ ਸੁਣਨ ਵਾਲਾ...!!!

ਗੀ... ਈ... ਈ... ਤ...!!! ਤੂੰ ਮੈਨੂੰ ਮਜ਼ਬੂਰ ਕਰ ਰਹੀ ਐਂ... ਡੀ.ਐਸ.ਪੀ. ਗੁੱਸੇ ਵਿੱਚ ਗਰਜਿਆ...

ਡੀ.ਐਸ.ਪੀ. ਹਾਕਮ ਸਿੰਹੁ ਨੇ ਸੋਚਿਆ ਜੇ ਕਿਤੇ ਉਦੋਂ ਈ ਗੁਰਸ਼ੇਰ ਦਾ ਫਾਹਾ ਵੱਢਿਆ ਹੁੰਦਾ ਤਾਂ ਅੱਜ ਇਹ ਨੌਬਤ ਨਹੀਂ ਆਉਣੀ ਸੀ... ਜੇ ਹੁਣ ਵੀ ਗੀਤ ਨੂੰ ਕਹਿ ਦੇਵਾਂ ਕਿ ਗੁਰਸ਼ੇਰ ਮਰ ਗਿਐ... ਤਾਂ ਫੇਰ...???

ਆਪੇ ਦੋ ਦਿਨ ਰੋ ਕੇ ਹਟਜੂਗੀ.... ਓਦਾਂ ਵੀ ਉਹਨੂੰ ਮਾਰਨਾ ਈ ਐ ਦੋ-ਚਾਰ ਦਿਨ 'ਚ... ਨਾਲੇ ਰੁਪਈਆ ਮਿਲੂ ਪੰਜ ਲੱਖ... ਨਾਲੇ ਪਰਮੋਸ਼ਨ ਵੀ ਵੱਟ 'ਤੇ ਪਈ ਆ... ਪਰ ਮੈਂ ਆਪਣੀ ਜ਼ੁਬਾਨੀ ਕਿਵੇਂ ਕਹਾਂ...??? ਹੋ ਸਕਦਾ ਗੀਤ ਯਕੀਨ ਨਾ ਮੰਨੇ...!!! ਤੇ ਗੁਰਸ਼ੇਰ ਨੂੰ ਛੁਡਾਉਣ ਲਈ ਕੋਈ ਨਵਾਂ ਜੱਭ ਖੜਾ ਕਰ ਦੇਵੇ... ਹਾਂ... ਕਿਹਰ ਸਿੰਘ ਦੀ ਗੱਲ 'ਤੇ ਜਰੂਰ ਵਿਸ਼ਵਾਸ ਕਰ ਲਵੇਗੀ ਇਹ ਕੁੜੀ....

ਕੁਝ ਸੋਚਕੇ ਡੀ.ਐਸ.ਪੀ. ਹਾਕਮ ਸਿੰਹੁ ਗੀਤ ਦੇ ਕਮਰੇ ਦਾ ਬਾਹਰੋਂ ਕੁੰਡਾ ਲਾਕੇ ਚਲਿਆ ਗਿਆ... ਪੁਲਿਸ ਲਾਇਨਜ਼ ਗਰਾਊਂਡ 'ਚ ਇਕੱਠੇ ਹੋਏ ਮੁਲਾਜ਼ਮਾਂ ਨਾਲ ਚਾਰ ਕੁ ਗੱਲਾਂ ਕੀਤੀਆਂ ਜਾ ਕੇ... ਤੇ ਫਿਰ ਕਿਹਰ ਸਿੰਘ ਨੂੰ ਬਹਾਨੇ ਨਾਲ ਕੋਲ਼ ਬੁਲਾ ਲਿਆ...

"... ਹਾਂ ਬਈ ਕਿਹਰ ਸਿੰਘ... ਕਿਸੇਂ ਆਂ ਪਿੰਡ ਸਭ ਠੀਕ-ਠੀਕ ਆ...???

"... ਹਾਂ ਜੀ ਸਾਹਬ... ਸਾਰੇ ਠੀਕ ਆ ਜੀ..." ਕਿਹਰ ਸਿੰਘ ਨੇ ਹਲੀਮੀਂ ਨਾਲ ਜਵਾਬ ਦਿੱਤਾ।

"... ਆਹ ਗੋਲ਼ੀ ਤਾਂ ਲਿਆ ਯਾਰ ਕੋਈ ਸਿਰ ਦੁਖਦੇ ਦੀ ਵੇਖ ਕੇ.... ਸਾਲ਼ਾ ਮੂਡ ਜਾ ਖਰਾਬ ਹੋਇਆ ਪਿਆ ਰਾਤ ਦਾ... ਮੁੰਡੇ ਦੀ ਲਾਸ਼ ਈ ਘੁੰਮੀ ਜਾਂਦੀ ਆ ਅੱਖਾਂ ਮੂਹਰੇ..." ਹਾਕਮ ਸਿਹੁ ਨੇ ਟੇਢੀ ਅੱਖ ਨਾਲ ਕਿਹਰ ਸਿੰਘ ਕੋਲ਼ ਅੱਧ-ਪਚੱਧ ਜੀ ਗੱਲ ਕਰਦਿਆਂ ਕਿਹਾ।

ਗੋਲ਼ੀ ਲੈ ਆਉਣਾ ਸਾਹਬ... ਲਾਸ਼ ਕੀਹਦੀ ਸਾਹਬ...??? ਕੀ ਹੋ ਗਿਆ ਜੀ ਰਾਤ... ਕਿਹਰ ਸਿੰਘ ਨੇ ਆਖਿਆ...

ਡੀ.ਐਸ.ਪੀ. ਦਾ ਤੀਰ ਜਵਾਂ ਨਿਸ਼ਾਨੇ 'ਤੇ ਲੱਗਿਆ ਸੀ...

"... ਬੱਸ ਕਾਹਦਾ ਯਾਰ ਹੁਣ ਤਾਂ ਛੇਤੀ ਰਿਟਾਇਰ ਹੋ ਜਾਈਏ... ਹੁਣ ਨੀਂ ਹੋਰ ਵੇਖਿਆ ਜਾਂਦਾ... ਆਹ ਮੁੰਡਾ ਸੀ ਇੱਕ ਫਤਿਹ ਸਿਉਂ ਆਲੇ ਦਾ... ਉਹ ਹਿਰਾਸਤ 'ਚ ਰੱਖਿਆ ਸੀ ਚਾਰ ਕੁ ਦਿਨਾਂ ਤੋਂ ਐਸ.ਐਸ.ਪੀ. ਸਾਹਬ ਨੇ.... ਕੱਲ੍ਹ ਕੋਈ ਕੁੜੀ ਉਹਦੀ ਸੂਹ ਲੈਣ ਆਈ ਸੀ... ਪਹਿਰੇਦਾਰਾਂ ਨੇ ਭੱਜਦੀ ਵੇਖ ਲਈ... ਐਸ.ਐਸ.ਪੀ. ਸਾਹਬ ਥੋੜ੍ਹੀ ਜੀ ਸਖ਼ਤੀ ਨਾਲ ਪੁੱਛਗਿੱਛ ਕਰਨ ਲੱਗੇ ਬਈ ਕੌਣ ਕੁੜੀ ਸੀ... ਉਹ ਵਿਚਾਰਾ ਨਰਮ ਜਾ ਸੀ.... ਅੱਧੇ ਕੁ ਘੰਟੇ ਬਾਅਦ ਈ ਦਮ ਤੋੜ ਗਿਆ... ਬਾਹਲ਼ਾ ਈ ਚਿੱਤ ਜਾ ਖ਼ਰਾਬ ਹੋਇਆ ਵੇਖਕੇ... ਊਂ... ਕੋਈ ਮਾਰਨ ਦਾ 'ਰਾਦਾ ਨੀਂ ਸੀ ਸਾਹਬ ਦਾ... ਬੱਸ ਐਵੇਂ ਈ... ਜ਼ਕਰੀਏ ਦੀ ਰੂਹ 'ਚੋਂ ਭਾਈ ਘਨੱਈਏ ਦੀ ਅਵਾਜ਼ ਨਿਕਲੀ...

... ਫ਼ਤਿਹ ਸਿੰਘ ਆਲੇ ਦਾ...!!! ਕਿਹਰ ਸਿੰਘ ਦਾ ਮੱਥਾ ਇੱਕ ਦਮ ਠਣਕਿਆ... ਸਾਹਬ ਆਹ ਗੋਲ਼ੀ ਫੜੋ... ਮੈਂ ਪਾਣੀ ਦਾ ਗਿਲਾਸ ਲਿਆਵਾਂ... ਕਿਹਰ ਸਿੰਘ ਨੇ 'ਪੈਰਾਸੀਟਾਮੋਲ' ਦੀ ਇੱਕ ਗੋਲੀ ਹਾਕਮ ਸਿਹੁ ਨੂੰ ਫੜਾਉਂਦਿਆਂ ਆਖਿਆ....

"....ਚੰਗਾ ਫਿਰ ਕਿਹਰ ਸਿਆਂ..... ਅੱਜ ਵੀਰਾਂ ਤਾਂ ਆਈ ਨੀਂ ਹੋਣੀ... ਗੀਤ ਨੂੰ ਰੋਟੀ ਖਵਾ ਦੇਵੀਂ... ਮੈਂ ਤਾਂ ਜਾਨਾਂ ਦਫ਼ਤਰ ਹਾਂ, ਬਾਹਰ ਨਾ ਜਾਣ ਦੇਈਂ ਉਹਨੂੰ ਕਿਤੇ... ਕਹਿ ਕੇ ਹਾਕਮ ਸਿਹੁ ਦਸ ਕੁ ਸਿਪਾਹੀਆਂ ਨੂੰ ਨਾਲ ਲੈ ਕੇ ਨਿਕਲ ਗਿਆ...

... ਕਿਹਰ ਸਿੰਘ ਨੂੰ ਡਾਹਢੀ ਬੇਚੈਨੀ ਸੀ ਹੋਈ ਪਈ ਸੀ... 'ਫਤਿਹ

ਸਿੰਘ ਵਾਲਾ' ਪਿੰਡ ਦਾ ਨਾਂ ਸੁਣਨ ਤੋਂ ਬਾਅਦ...

ਗੀਤ... ਓਏ ਪੁੱਤ ਗੀਤ...??? ਕਿਹਰ ਸਿੰਘ ਨੇ ਗੀਤ ਦੇ ਕਮਰੇ ਦਾ ਦਰਵਾਜ਼ਾ ਖੋਲਦਿਆਂ ਕਿਹਾ... ਆ ਜਾ ਰੋਟੀ ਖਾ ਲੈ ਪੁੱਤ....

"... ਮੈਨੂੰ ਭੁੱਖ ਨਹੀਂ ਐ ਬਾਬਾ ਜੀ... ਗੀਤ ਨੇ ਜਵਾਬ ਦਿੱਤਾ...

ਬਾਬਾ ਜੀ ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਐ... ਗੀਤ ਨੇ ਕਿਹਰ ਸਿੰਘ ਨੂੰ ਆਖਿਆ...

ਮੈਂ ਵੀ ਕੁਛ ਪੁੱਛਣਾ ਐ ਪੁੱਤ ਤੇਰੇ ਕੋਲੋਂ...!!! ਪਰ ਪਹਿਲਾਂ ਤੂੰ ਆਪਣੀ ਗੱਲ ਦੱਸ.. ਕਿਹਰ ਸਿੰਘ ਨੇ ਜਵਾਬ ਦਿੱਤਾ....

ਨਹੀਂ ਬਾਬਾ ਜੀ ਪਹਿਲਾਂ ਤੁਸੀਂ ਪੁੱਛੋ ਕੀ ਪੁੱਛਣਾ ਐ...??? ਗੀਤ ਨੇ ਆਖਿਆ...

ਪੁੱਤ... ਭਲਾ ਗੁਰੀ ਦਾ ਪਿੰਡ ਕਿਹੜਾ ਸੀ...??? ਕਿਹਰ ਸਿੰਘ ਨੇ ਪੁੱਛਿਆ....

ਗੁਰੀ ਦਾ ਪਿੰਡ...!!! ਉਹਦਾ ਪਿੰਡ ਫਤਿਹ ਸਿੰਘ ਵਾਲਾ ਐ ਬਾਬਾ ਜੀ... ਪਰ ਤੁਸੀਂ ਕਿਉਂ ਪੁੱਛ ਰਹੇ ਓ...???

ਪੁੱਤ... ਤੇਰਾ ਗੁਰੀ ਇਸ ਦੁਨੀਆਂ 'ਚ ਨਹੀਂ ਰਿਹਾ... ਕੱਲ੍ਹ ਰਾਤ ਪੁਲਿਸ ਇੰਟੈਰੋਗੇਸ਼ਨ 'ਚ ਉਹਦੀ ਮੌਤ ਹੋ ਗਈ ਆ... ਮੈਨੂੰ ਸੂਹ ਮਿਲੀ ਆ.... ਪਰ ਤੂੰ ਕੁਛ ਪੁੱਛੀਂ ਨਾ ਕਿਸੇ ਨੂੰ.... ਰੱਬ ਦਾ ਭਾਣਾ ਐ ਪੁੱਤ... ਕਿਹਰ ਸਿੰਘ ਦੀਆਂ ਅੱਖਾਂ 'ਚੋਂ ਤ੍ਰਿਪ-ਤ੍ਰਿਪ ਹੰਝੂ ਵਹਿ ਤੁਰੇ....

ਨਹੀਂ...ਈਂ...ਈਂ... ਈਂ... ਇਹ ਨਹੀਂ ਹੋ ਸਕਦਾ ਬਾਬਾ ਜੀ ...!!! ਤੁਸੀਂ ਕਹਿ ਦਿਓ ਇਹ ਸਭ ਝੂਠ ਆ...!!! ਮੇਰਾ ਗੁਰੀ ਨਹੀਂ ਮਰ ਸਕਦਾ.... ਅਜੇ ਮੈਂ ਪਰਸੋਂ ਈ ਗੁਰੀ ਨੂੰ ਮਿਲੀ ਆਂ ਬਾਬਾ ਜੀ... ਉਹ ਪੁਲਸ ਦੀ ਨਜਾਇਜ਼ ਹਿਰਾਸਤ ਵਿੱਚ ਸੀ... ਇਹ ਨਹੀਂ ਹੋ ਸਕਦਾ ਬਾਬਾ ਜੀ ... ਇਹ..... ਨਹੀਂ..... ਹੋ... ਸਕਦਾ... ਗੀਤ ਭੁੱਬਾਂ ਮਾਰ ਕੇ ਰੋਣ ਲੱਗ ਪਈ ਸੀ।

"....ਪੁੱਤ ਮੈਨੂੰ ਵੀ ਇਹੋ ਪਤਾ ਲੱਗਿਆ ਸੀ... ਇੱਕ ਕੁੜੀ ਮਿਲ ਕੇ ਜਾਂਦੀ ਵੇਖ ਲਈ ਸੀ ਉਥੋਂ ਦੇ ਪਹਿਰੇਦਾਰ ਨੇ... ਤੇ ਉਹਨੇ ਐਸ.ਐਸ.ਪੀ. ਸਾਹਬ ਨੂੰ ਖ਼ਬਰ ਕਰ ਦਿੱਤੀ... ਤੇ ਉਹਨਾਂ ਨੇ ਗੁਰਸ਼ੇਰ ਤੋਂ ਸਖ਼ਤੀ ਨਾਲ ਪੁੱਛਗਿੱਛ ਕਰਕੇ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਕੁੜੀ ਕੌਣ ਸੀ ਜੋ ਉਹਨੂੰ ਮਿਲਕੇ ਗਈ ਸੀ... ਪਰ ਗੁਰਸ਼ੇਰ ਨੇ ਕੁਛ ਵੀ ਨਹੀਂ ਦੱਸਿਆ ਗੀਤ... ਤੇ ਪੁਲਿਸ ਤਸ਼ੱਦਦ ਨਾ ਸਹਾਰਦਾ ਹੋਇਆ ਦਮ ਤੋੜ ਗਿਆ...

"...ਉਹ ਕੁੜੀ ਮੈਂ ਈ ਸੀ ਬਾਬਾ ਜੀ... ਮੈਂ ਹੀ ਹਾਂ ਗੁਰਸ਼ੇਰ ਦੀ ਅਸਲ ਗੁਨਾਹਗਾਰ... ਪਹਿਲਾਂ ਮੇਰੇ ਕਰਕੇ ਉਹਨੂੰ ਬੰਦੀ ਬਣਾਇਆ ਗਿਆ... ਬਦਨਾਮ ਕੀਤਾ ਗਿਆ... ਉਹਦੇ ਮਾਂ-ਪਿਉ ਦਾ ਬੁਢਾਪਾ ਰੋਲ਼ ਦਿੱਤਾ ਗਿਆ... ਉਹਦੇ ਨਾਂ 'ਤੇ ਸੈਂਕੜੇ ਘਰਾਂ ਵਿੱਚ ਹਨੇਰ ਪਾ ਦਿੱਤਾ ਗਿਆ... ਤੇ ਹੁਣ ਮੇਰੇ ਪਾਪਣ ਦੀ ਵਜ੍ਹਾ ਕਰਕੇ ਹੀ ਗੁਰਸ਼ੇਰ ਦੀ ਮੌਤ ਹੋਈ ਐ... ਮੈਂ ਉਹਦਾ ਪਿਆਰ ਨਹੀਂ... ਉਹਦੀ ਮੌਤ ਬਣਕੇ ਗਈ ਸੀ ਉਹਦੇ ਕੋਲ਼.... ਮੈਨੂੰ ਜਿਉਣ ਦਾ ਕੋਈ ਹੱਕ ਨਹੀਂ ਬਾਬਾ ਜੀ... ਮੈਨੂੰ ਰੱਬ ਨਰਕਾਂ ਵਿੱਚ ਵੀ ਜਗ੍ਹਾ ਨਾ ਦੇਵੇ... ਜਦੋਂ ਮੈਂ ਗੁਰਸ਼ੇਰ ਨੂੰ ਆਪਣੇ ਪਿਆਰ ਬਾਰੇ ਦੱਸਿਆ ਸੀ... ਉਹਨੇ ਮੈਨੂੰ ਉਦੋਂ ਈ ਮਖੌਲ ਕਰਦਿਆਂ... ਉਦਾਸੀ ਦੀ ਇੱਕ ਕਵਿਤਾ ਸੁਣਾਈ ਸੀ....ਮੈਨੂੰ ਯਾਦ ਆ ਬਾਬਾ ਜੀ ਗੁਰੀ ਕਹਿੰਦਾ ਸੀ :

*ਕੀਹਨੂੰ ਕੀਹਨੂੰ ਸੁਧਾਰੇਂਗਾ ਦੱਸ ਆ ਕੇ*
*ਲੰਮੇ ਪੈਂਡੇ ਨੇ ਤੈਨੂੰ ਥੂਰਕਾ ਦੇਣੈਂ*
*ਹੋਕਾ ਸੱਚ ਦਾ ਦਿੱਤਾ ਜੇ ਪੁਲਸ ਹੱਥੋਂ*
*'ਨਕਸਲਵਾੜੀਆ' ਕਹਿ ਕੇ ਮਰਵਾ ਦੇਣੈਂ*

ਮੇਰੇ ਗੁਰੀ ਨੂੰ ਅੱਤਵਾਦੀ ਕਹਿ ਕੇ ਮਾਰ ਦਿੱਤਾ ਇਨ੍ਹਾਂ ਸਰਕਾਰੀ ਅੱਤਵਾਦੀਆਂ ਨੇ... ਮੈਂ ਉਹਦੇ ਨਾਲ ਵਾਅਦਾ ਕੀਤਾ ਸੀ ਬਾਬਾ ਜੀ... ਮੈਂ ਗੁਰੀ ਨੂੰ ਕਿਹਾ ਸੀ ਮੈਂ ਤੈਨੂੰ ਬਚਾਅ ਲਵਾਂਗੀ... ਤੇ ਜੇ ਨਾ ਬਚਾਅ ਸਕੀ ਤਾਂ ਆਪ ਵੀ ਤੇਰੇ ਕੋਲ਼ ਆ ਜਾਵਾਂਗੀ... ਮੈਂ ਆਪਣੀ ਜਾਨ ਦੇ ਦਿਆਂਗੀ... ਕੀ ਕਰਾਂਗੀ ਇਨਸਾਫ਼ ਮੰਗਕੇ, ਕੀਹਦੇ ਲਈ ਮੰਗਾਂਗੀ ਇਨਸਾਫ਼...!!! ਮੈਂ ਕੀਹਦੇ ਆਸਰੇ ਜਿਉਣਾ ਐ ਹੁਣ... ਇੱਕ ਕਾਤਿਲ ਪਿਤਾ ਦੇ...!!! ਨਹੀਂ... ਕਦੇ ਵੀ ਨਹੀਂ... ਗੀਤ ਜ਼ਾਰੋ-ਜ਼ਾਰ ਰੋਈ ਜਾ ਰਹੀ ਸੀ...

..........

ਡੀ.ਐਸ.ਪੀ. ਹਾਕਮ ਸਿੰਹੁ ਦੀ ਚਾਲ ਸਫ਼ਲ ਹੋ ਗਈ ਸੀ... ਉਹਨੂੰ ਇਹ ਉਮੀਦ ਸੀ ਕਿ ਜਦੋਂ ਇੱਕ ਵਾਰ ਗੁਰਸ਼ੇਰ ਦੇ ਮਰਨ ਦੀ ਖ਼ਬਰ ਗੀਤ ਸੁਣੇਗੀ ਤਾਂ ਇੱਕ-ਦੋ ਦਿਨ ਰੋ ਕੇ ਆਪੇ ਹਟ ਜਾਵੇਗੀ... ਮਰਨ ਵਾਲਿਆਂ ਦੇ ਨਾਲ ਥੋੜੋ ਮਰਿਆ ਜਾਂਦਾ... ਨਾਲੇ ਮੈਂ ਇਹ ਇਲਜ਼ਾਮ ਐਸ.ਐਸ.ਪੀ. ਖੁਸ਼ੀ ਰਾਮ ਦੀ ਇੰਟੈਰੋਗੇਸ਼ਨ ਦੇ ਸਿਰ ਮੜ੍ਹ ਦਿੱਤਾ...

ਸਮਾਂ ਵੱਡੇ-ਵੱਡੇ ਜ਼ਖ਼ਮ ਭਰ ਦਿੰਦਾ... ਸਮਾਂ ਸਮਰੱਥ ਐ... ਆਪੇ

ਹੌਲ਼ੀ-ਹੌਲ਼ੀ ਭੁੱਲ ਜੂ ਗੀ... ਗੁਰੀ ਨੂੰ ਨਜਾਇਜ਼ ਹਿਰਾਸਤ 'ਚ ਰੱਖਣ ਦਾ ਕਿਹੜਾ ਕੋਈ ਸਬੂਤ ਆ... ??? ਕੀ ਕਰੂਗੀ...??? ਜੇ ਚਾਹਵੇ ਵੀ.... ਤਾਂ ਵੀ ਕੁਝ ਨੀਂ ਕਰ ਸਕਦੀ... ਗੁਰੀ ਨੂੰ ਅੱਤਵਾਦੀ ਸਾਬਤ ਕਰਨ ਦੇ ਸੈਂਕੜੇ ਸਬੂਤ ਆ... ਡੀ.ਐਸ.ਪੀ. ਨੂੰ ਲੱਗਿਆ ਮਸਲਾ ਸੁਲਝ ਗਿਆ ਐ.... ਹੁਣ ਗੀਤ ਹੌਲੀ-ਹੌਲ਼ੀ ਵਿਆਹ ਲਈ ਵੀ ਮੰਨ ਜਾਵੇਗੀ...

...............

ਉੱਧਰ ਗੀਤ... ਗੁਰਸ਼ੇਰ ਦੀ ਮੌਤ ਦੀ ਖ਼ਬਰ ਸੁਣਕੇ ਅਸਲੋਂ ਈ ਟੁੱਟ ਚੁੱਕੀ ਸੀ... ਜਿਉਣ ਦਾ ਕੋਈ ਮਕਸਦ ਬਾਕੀ ਨਹੀਂ ਬਚਿਆ ਸੀ... ਜ਼ਿੰਦਗੀ ਦਾ ਕੋਈ ਬਹਾਨਾ ਨਹੀਂ ਸੀ... ਗੀਤ ਆਪਣੇ ਆਪ ਨਾਲ ਗੱਲਾਂ ਕਰ ਰਹੀ ਸੀ...

"... ਮਾੜੇ ਕਰਮਾਂ ਵਾਲੀਏ... ਆਹ ਤੂੰ ਕੀ ਕਰਵਾ ਦਿੱਤਾ...!!! ਅਸਲ ਗੁਨਾਹਗਾਰ ਤੂੰ ਈ ਆਂ... ਨਾ ਤੂੰ ਗੁਰੀ ਨੂੰ ਪਸੰਦ ਕਰਦੀ... ਤੇ ਨਾ ਆਹ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ..."

ਪਰ ਫਿਰ ਸੋਚਦੀ ਉਹਨਾਂ ਵਿਚਾਰਿਆਂ ਦਾ ਕੀ ਦੋਸ਼ ਆ ਜਿਹੜੇ ਰੋਜ਼ ਅੱਤਵਾਦੀ ਕਹਿ ਕੇ ਮਾਰ ਦਿੱਤੇ ਜਾਂਦੇ ਆ... ਕੋਈ ਪਨਾਹ ਦੇਣ ਦੇ ਦੋਸ਼ 'ਚ... ਕੋਈ ਰੋਟੀ ਖਵਾਉਣ ਦੇ ਦੋਸ਼ 'ਚ... ਕੋਈ ਕਿਸੇ ਬਹਾਨੇ.... ਕੋਈ ਕਿਸੇ ਬਹਾਨੇ...

ਸਵੇਰ ਤੋਂ ਸ਼ਾਮ ਹੋ ਗਈ ਸੀ... ਪਰ ਗੀਤ ਨੇ ਪਾਣੀ ਦੀ ਘੁੱਟ ਵੀ ਮੂੰਹ 'ਤੇ ਨਾ ਧਰੀ...

ਅੱਠ ਕੁ ਵਜੇ ਡੀ.ਐਸ.ਪੀ. ਵੀ ਘਰ ਆ ਗਿਆ... ਜਦੋਂ ਗੀਤ ਦੇ ਕਮਰੇ 'ਚ ਗਿਆ... ਗੀਤ ਨੇ ਵਿਰਲਾਪ ਕਰਦਿਆਂ ਕਮਰੇ ਦੀ ਛੱਤ ਸਿਰ 'ਤੇ ਚੁੱਕ ਲਈ...

"... ਤੁਸੀਂ ਖ਼ੂਨੀਂ ਓ ਡੈਡ... ਤੁਸੀਂ ਪਾਪੀ ਓ... ਤੁਹਾਡੇ ਹੱਥ ਸੈਂਕੜੇ ਬੇਕਸੂਰਾਂ ਦੇ ਖ਼ੂਨ ਨਾਲ ਰੰਗੇ ਹੋਏ ਨੇ... ਤੁਸੀਂ ਮਾਸੂਮਾਂ ਦੇ ਕਾਤਲ ਓ... ਤੁਸੀਂ ਗੁਰੀ ਨੂੰ ਹੀ ਨਹੀਂ ਮਾਰਿਆ... ਮੈਨੂੰ ਵੀ ਜਿਉਂਦੇ ਜੀਅ ਮਾਰ ਦਿੱਤਾ ਐ... ਗੀਤ ਲਗਾਤਾਰ ਬੋਲੀ ਜਾ ਰਹੀ ਸੀ...

"... ਚੁੱਪ ਕਰ ਜਾ ਹਰਾਮ ਦੀਏ 'ਲਾਦੇ... ਤੂੰ ਭੁੱਲ ਗਈ ਏਂ ਕੀਹਦੇ ਨਾਲ ਗੱਲ ਕਰ ਰਹੀ ਏਂ..."

ਡੀ.ਐਸ.ਪੀ. ਹਾਕਮ ਸਿਹੁ ਨੇ ਇੱਕ ਚਪੇੜ ਵੱਟ ਕੇ ਗੀਤ ਦੇ ਮੂੰਹ 'ਤੇ ਜੜ੍ਹ ਦਿੱਤੀ... ਤੇ ਵਿਚਾਰੀ ਗੀਤ ਸਾਹਮਣੇ ਪਏ ਮੇਜ਼ 'ਤੇ ਮੂਧੇ ਮੂੰਹ ਜਾ

ਡਿੱਗੀ... ਤੇ ਮੇਜ਼ ਦੇ ਦਰਾਜ਼ 'ਚ ਪਿਆ ਡੀ.ਐਸ.ਪੀ. ਦਾ ਸਰਕਾਰੀ ਰਿਵਾਲਵਰ ਹੁਣ ਗੀਤ ਦੇ ਹੱਥ ਵਿੱਚ ਸੀ...

"...ਤੁਸੀਂ ਮੇਰੇ ਸੁਪਨਿਆਂ ਦੇ ਕਾਤਲ ਓ ਪਾਪਾ... ਤੁਸੀਂ ਗੁਰੀ ਦੇ ਮਾਂ-ਬਾਪ ਦੇ ਨਾਲ-ਨਾਲ ਹਜ਼ਾਰਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ ਨੇ... ਤੁਸੀਂ ਉਹਨਾਂ ਲੋਕਾਂ ਦੀਆਂ ਉਮੀਦਾਂ ਦਾ ਘਾਣ ਕੀਤਾ ਐ..."

ਨਹੀਂ... ਨਹੀਂ... ਗੀਤ...ਤੂੰ ਮੈਨੂੰ ਨਹੀਂ ਮਾਰ ਸਕਦੀ... ਬੇਟਾ ਤੂੰ ਗੋਲ਼ੀ ਨਹੀਂ ਚਲਾ ਸਕਦੀ...!!! ਮੈਂ ਤੇਰਾ ਪਿਓ ਆਂ ਪੁੱਤ...!!! ਮੈਂ ਜੋ ਵੀ ਕੀਤਾ... ਤੇਰੀ ਭਲਾਈ ਲਈ ਕੀਤਾ ਗੀਤ... ਨਹੀਂ... ਨਹੀਂ... ਦੇਖ ਗੀਤ ਰਿਵਾਲਵਰ ਲੋਡ ਕੀਤਾ ਹੋਇਐ... ਇਹਨੂੰ ਰੱਖਦੇ ਪੁੱਤ... ਗੁਰੀ ਨੂੰ ਕੁਛ ਨੀਂ ਹੋਇਆ... ਮੈਂ ਸੱਚ ਕਹਿਨੈ ਗੀਤ... ਰਿਵਾਲਵਰ ਰੱਖਦੇ...

ਡੀ.ਐਸ.ਪੀ... ਧੁਰ ਅੰਦਰ ਤੱਕ ਕੰਬ ਗਿਆ ਸੀ ਉਹਨੂੰ ਸਾਹਮਣੇ ਖੜ੍ਹੀ ਮੌਤ ਸਾਫ਼ ਨਜ਼ਰ ਆ ਰਹੀ ਸੀ...

"...ਮੈਂ ਬਹੁਤ ਗੱਲਾਂ ਸੁਣ ਚੁੱਕੀ ਆਂ ਤੁਹਾਡੀਆਂ ਡੀ.ਐਸ.ਪੀ. ਸਾਹਬ, ਹੁਣ ਬਰਦਾਸ਼ਤ ਦੀ ਹੱਦ ਆ... ਮੇਰਾ ਗੁਰੀ ਨਿਰਦੋਸ਼ ਸੀ... ਕਹਿੰਦਿਆਂ ਹੋਇਆਂ ਗੀਤ ਨੇ ਰਿਵਾਲਵਰ ਦਾ ਘੋੜਾ ਦਬਾ ਦਿੱਤਾ ਸੀ... ਗੋਲ਼ੀ ਚੱਲ ਚੁੱਕੀ ਸੀ... ਰਿਵਾਲਵਰ ਦਾ ਮੂੰਹ ਡੀ.ਐਸ.ਪੀ. ਹਾਕਮ ਸਿੰਹੁ ਵੱਲ... ਹੋਣ ਦੀ ਬਜਾਏ ਗੀਤ ਦੀ ਆਪਣੀ ਪੁੜਪੁੜੀ ਤੇ ਸੀ... ਗੋਲ਼ੀ ਗੀਤ ਦੇ ਮੱਥੇ ਨੂੰ ਚੀਰਦੀ ਹੋਈ ਸਾਹਮਣੀ ਕੰਧ ਵਿੱਚ ਵੱਜੀ ਸੀ... ਗੀਤ ਧਰਤੀ ਤੇ ਡਿੱਗ ਪਈ... ਡੀ.ਐਸ.ਪੀ. ਹਾਕਮ ਸਿੰਹੁ ਭੱਜ ਕੇ ਕੋਲ ਆਇਆ...

"... ਮੈਨੂੰ... ਹੱ... ਅ... ਥ... ਨਾ... ਲਾਓ... ਡੈਡ... ਤੁਸੀਂ ਗੁਨਾਹਗਾਰ ਓ... ਮੈਂ... ਮੈਂ... ਆਪਣੇ ਹੱਥ... ਤੁਹਾਡੇ ਗੰਦੇ ਖ਼ੂਨ 'ਚ ਨਹੀਂ ਰੰਗਣਾ ਚਾਹੁੰਦੀ ਸੀ... ਤੁਹਾਨੂੰ ਤੁਹਾਡੇ ਗੁਨਾਹਾਂ ਦੀ ਸਜ਼ਾ ਜਰੂਰ ਮਿਲੇਗੀ... ਸ਼ਵਿੰ... ਸ਼ਵਿੰਦਰ ਤੁਹਾਡੀ... ਇਸ ਸਾਜਿਸ਼ ਦਾ ਪਰਦਾਫਾਸ਼ ਕਰੇਗਾ...

ਏਨੇ ਵਿੱਚ ਕਿਹਰ ਸਿੰਘ ਵੀ ਭੱਜ ਕੇ ਕੋਲ਼ ਆ ਗਿਆ ਸੀ...

"... ਇਹ ਤੂੰ ਕੀ ਕੀਤਾ ਪੁੱਤ ਗੀਤ...??? ਕਿਹਰ ਸਿੰਘ ਨੇ ਛੇਤੀ ਨਾਲ ਪਾਣੀ ਦੀ ਚੂਲ਼ੀ ਭਰ ਕੇ ਗੀਤ ਦੇ ਮੂੰਹ ਨੂੰ ਲਾਈ... ਵਾਹਿਗੁਰੂ ਬੋਲ ਪੁੱਤ... ਵਾਹਿਗੁਰੂ ਬੋਲ..."

"ਵਾਹਿ.. ਗੁ..ਅ..ਅ..ਰੂ... ਮੈਨੂੰ ਮਾਫ਼ ਕਰ ਦਿਓਂ ਬਾਬਾ ਜੀ... ਮੈਂ ਆਪਣੇ ਗੁਰੀ ਕੋਲ਼ ਜਾ ਰਹੀ ਆਂ... ਮੈਨੂੰ ਮਾ...ਅ...ਅ...!!!

ਗੀਤ ਦੀ ਧੌਣ ਇੱਕ ਪਾਸੇ ਲੁੜਕ ਚੁੱਕੀ ਸੀ...

ਡੀ.ਐਸ.ਪੀ. ਹਾਕਮ ਸਿੰਹੁ ਸੁੰਨ ਹੋਇਆ ਖੜ੍ਹਾ ਸੀ... ਰਿਵਾਲਵਰ ਗੀਤ ਦੇ ਹੱਥ ਦੀਆਂ ਉਂਗਲਾਂ ਵਿੱਚ ਫਸਿਆ ਪਿਆ ਸੀ...

"... ਇਹ ਇੱਕ ਹਾਦਸਾ ਐ ਕਿਹਰ ਸਿਆਂ... ਗੀਤ ਦੀ ਮੌਤ ਇੱਕ ਹਾਦਸਾ ਐ... ਇਹਦੇ ਕਾਰਨ ਬਾਰੇ ਤੇ ਮੌਤ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਲੱਗਣਾ ਚਾਹੀਦਾ... ਮੈਨੂੰ ਤੇਰੀ ਵਫ਼ਾਦਾਰੀ ਤੇ ਮਾਣ ਐ... ਸਮਝ ਗਿਆਂ...??? ਮੇਰੀ ਬੇਟੀ ਦੀ ਮੌਤ ਦਾ... ਮੈਨੂੰ ਪਹਾੜ ਜਿੱਡਾ ਦੁੱਖ ਐ... ਤੇਰੀ ਸਰਵਿਸ ਬਹੁਤ ਪੁਰਾਣੀ ਐ... ਮੈਂ ਤੇਰੀ ਹੌਲਦਾਰੀ ਲਈ ਉਪਰ ਸਿਫਾਰਸ਼ ਕਰਾਂਗਾ..." ਕਿਹਰ ਸਿੰਘ ਦਾ ਮੋਢਾ ਥਾਪੜਦਿਆਂ ਡੀ.ਐਸ.ਪੀ. ਨੇ ਆਖਿਆ।

ਜੀ...!!! ਜੀ... ਸਾ...ਅ...ਅ...ਹਬ... ਸਮਝ ਗਿਆ... ਕਿਹਰ ਸਿੰਘ ਦੀ ਧਾਹ ਨਿਕਲ ਗਈ ਸੀ... ਤੇ ਉਹ ਗੀਤ ਦੇ ਸਿਰਹਾਣੇ ਬੈਠਾ ਲੋਕਾਂ ਤੋਂ ਡਰ-ਡਰ ਕੇ ਰੋ ਰਿਹਾ ਸੀ...

ਗੀਤ ਦੇ ਸਿਰ 'ਚੋਂ ਵਹਿ ਰਹੇ ਖ਼ੂਨ ਦੇ ਤੁਪਕੇ... ਕਿਹਰ ਸਿੰਘ ਨੂੰ ਆਪਣੀ ਸਰਕਾਰੀ ਵਰਦੀ ਤੇ ਡਿੱਗਦੇ ਦਿਸੇ... ਆਪਣਾ ਸੱਜਾ ਹੱਥ... ਮਰ ਚੁੱਕੀ ਗੀਤ ਦੇ ਵਾਲ਼ਾਂ ਵਿੱਚ ਫੇਰਦਿਆਂ ਕਿਹਰ ਸਿੰਘ ਕੰਬਦੀ ਅਵਾਜ਼ ਵਿੱਚ ਪੜ੍ਹ ਰਿਹਾ ਸੀ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*
*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥*
*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥*

*(ਅੰਗ 10)*

---------------

## ਕਾਂਡ - 16

*ਕੋਈ ਦਸਤਾਰ ਰਤ ਲਿਬੜੀ ਕੋਈ ਤਲਵਾਰ ਆਈ ਹੈ*
*ਲਿਆਓ ਸਰਦਲਾਂ ਤੋਂ ਚੁੱਕ ਕੇ ਅਖ਼ਬਾਰ ਆਈ ਹੈ*
*ਐ ਮੇਰੇ ਸ਼ਹਿਰ ਦੇ ਲੋਕੋ ਬਹੁਤ ਖੁਸ਼ ਹੈ ਤੁਹਾਡੇ 'ਤੇ*
*ਤੁਹਾਡੇ ਸ਼ਹਿਰ ਵੱਲ ਗਿਰਝਾਂ ਦੀ ਇਹ ਜੋ ਡਾਰ ਆਈ ਹੈ*

*(ਪਾਤਰ)*

ਸ਼ੁੱਕਰਵਾਰ ਦਾ ਦਿਨ ਸੀ.... ਸ਼ਵਿੰਦਰ ਸਾਰਾ ਦਿਨ ਯੂਨੀਵਰਸਿਟੀ ਵਿੱਚ ਗੀਤ ਦੇ ਆਉਣ ਦੀ ਉਡੀਕ ਕਰਦਾ ਰਿਹਾ... ਅੱਗੇ ਦੋ ਛੁੱਟੀਆਂ ਸਨ...

ਗੀਤ ਤਾਂ ਕਹਿੰਦੀ ਸੀ....ਜਲਦੀ ਕੁਛ ਕਰਨਾ ਹੈ ਗੁਰਸ਼ੇਰ ਨੂੰ ਛੁਡਾਉਣ ਲਈ... ਪਰ ਅੱਜ ਆਪ ਆਈ ਨੀਂ... ਚੱਲ ਕੋਈ ਗੱਲ ਨੀਂ ਸੋਮਵਾਰ ਮਿਲਾਂਗੇ... ਫੇਰ ਸੋਚਾਂਗੇ ਕੀ ਕਰਨਾ ਐ... ਫੇਰ ਮਨ 'ਚ ਖ਼ਿਆਲ ਆਇਆ... ਹੋ ਸਕਦਾ ਡੀ.ਐਸ.ਪੀ. ਨੂੰ ਪਤਾ ਲੱਗ ਗਿਆ ਹੋਵੇ ਤੇ ਉਹਨੇ ਨਾ ਆਉਣ ਦਿੱਤਾ ਹੋਵੇ ਗੀਤ ਨੂੰ ਅੱਜ ਯੂਨੀਵਰਸਿਟੀ... ਚਲ ਕੋਈ ਨਾ ਜੇ ਸੋਮਵਾਰ ਵੀ ਨਾ ਆਈ ਫੇਰ ਪਤਾ ਕਰੂੰਗਾ... ਸੋਚਾਂ ਸੋਚਦਿਆਂ ਸ਼ਵਿੰਦਰ ਸ਼ਾਮ ਨੂੰ ਆਪਣੇ ਪਿੰਡ ਜਾਣ ਵਾਲੀ ਬੱਸ 'ਚ ਬੈਠ ਗਿਆ... ਮਨ ਨਾਲ ਸਲਾਹਾਂ ਕਰਦਾ-ਕਰਦਾ ਸ਼ਵਿੰਦਰ ਮੂੰਹ ਨੇਰ੍ਹੇ ਜੇ ਪਿੰਡ ਆਲਮਪੁਰ ਪਹੁੰਚ ਗਿਆ ਸੀ...

ਰਾਤ ਨੂੰ ਰੋਟੀ ਖਾਂਦਿਆਂ-ਖਾਂਦਿਆਂ ਬੈੱਡ ਤੇ ਪਏ ਅਖ਼ਬਾਰ ਦੀ ਇੱਕ ਖ਼ਬਰ 'ਤੇ ਨਿਗ੍ਹਾ ਪਈ...

ਖ਼ਬਰ ਸੀ:

"... ਕੱਲ੍ਹ ਯੂਨੀਵਰਸਿਟੀ ਤੋਂ ਵਾਪਸ ਘਰ ਪਰਤਦਿਆਂ ਡੀ.ਐਸ.ਪੀ. ਹਾਕਮ ਸਿੰਘ ਦੀ ਬੇਟੀ ਗੀਤਇੰਦਰ ਕੌਰ ਨੂੰ ਅੱਤਵਾਦੀਆਂ ਨੇ ਕੀਤਾ ਅਗਵਾ... 'ਦਸਮੇਸ਼ ਰਜਮੈਂਟ' ਦੇ ਮੁਖੀ ਗੁਰਸ਼ੇਰ ਸਿੰਘ ਨੇ ਲਈ ਜ਼ੁੰਮੇਵਾਰੀ। ਵੀਹ ਲੱਖ ਰੁਪਏ ਫਿਰੌਤੀ ਤੇ ਚਾਰ ਖ਼ੂੰਖਾਰ ਅੱਤਵਾਦੀਆਂ ਦੀ ਰਿਹਾਈ ਦੀ ਕੀਤੀ ਮੰਗ..."

ਬੁਰਕੀ ਸ਼ਵਿੰਦਰ ਦੇ ਸੰਘ ਵਿੱਚ ਈ ਅੜ ਗਈ ਸੀ... ਹੈਂ...!!! ਇਹ ਗੀਤ ਦੇ ਡੈਡੀ ਦੀ ਕੋਈ ਨਵੀਂ ਚਾਲ ਐ... ਗੁਰਸ਼ੇਰ ਤਾਂ ਇਹਨਾਂ ਸਰਕਾਰੀ ਅੱਤਵਾਦੀਆਂ ਨੇ ਕੈਦ ਕੀਤਾ ਹੋਇਆ ਤਿੰਨਾਂ ਮਹੀਨਿਆਂ ਤੋਂ... ਫਿਰ ਉਹ

ਕਿਵੇਂ ਕਿਡਨੈਪ ਕਰ ਸਕਦਾ ਗੀਤ ਨੂੰ...???

ਸਾਰੀ ਕਹਾਣੀ ਸਮਝਦਿਆਂ ਸ਼ਵਿੰਦਰ ਨੂੰ ਦੇਰ ਨਹੀਂ ਲੱਗੀ... ਰਾਤ ਕਾਫ਼ੀ ਹੋ ਚੁੱਕੀ ਸੀ... ਸ਼ਵਿੰਦਰ ਸੋਚ-ਸੋਚ ਕੇ ਪਾਗ਼ਲ ਹੋ ਚੁੱਕਿਆ ਸੀ ਕਿ ਕੀਤਾ ਕੀ ਜਾਵੇ... ਅਜੇ ਤੱਕ ਤਾਂ ਗੁਰਸ਼ੇਰ ਨੂੰ ਛੁਡਾਉਣ ਬਾਰੇ ਵੀ ਕੋਈ ਤਰਕੀਬ ਨਹੀਂ ਸੁੱਝੀ ਸੀ... ਕਿ ਆਹ ਨਵਾਂ ਫ਼ਾਹਾ ਵਿਚਾਰੀ ਗੀਤ ਗਲ਼ ਵੀ ਆਣ ਪਿਆ...

ਸਾਰੀ ਗੱਲ ਸਵੇਰੇ ਪਾਪਾ ਨਾਲ ਕਰੂੰਗਾ... ਕੁਝ ਤਾਂ ਰਾਹ ਨਿਕਲੂਗਾ ਈ... ਸੋਚ ਕੇ ਸ਼ਵਿੰਦਰ ਸੌਣ ਦੀ ਅਸਫ਼ਲ ਕੋਸ਼ਿਸ਼ ਕਰਨ ਲੱਗਿਆ...

..................

ਗੀਤ ਦੀ ਮੌਤ ਬਾਰੇ ਡੀ.ਐਸ.ਪੀ. ਹਾਕਮ ਸਿੰਹੁ ਤੇ ਕਿਹਰ ਸਿੰਘ ਤੋਂ ਬਿਨਾਂ ਕਿਸੇ ਤੀਜੇ ਨੂੰ ਕੋਈ ਪਤਾ ਨਹੀਂ ਸੀ.... ਅੱਜ ਦੇ ਅਖ਼ਬਾਰ ਦੀ ਖ਼ਬਰ ਤੋਂ ਲੋਕਾਂ ਨੂੰ ਏਨੀਂ ਕੁ ਜਾਣਕਾਰੀ ਮਿਲੀ ਸੀ ਕਿ ਗੀਤ ਨੂੰ ਅੱਤਵਾਦੀਆਂ ਵੱਲੋਂ ਅਗਵਾ ਕਰ ਲਿਆ ਗਿਆ ਹੈ... ਨਾਲ ਹੀ ਡੀ.ਐਸ.ਪੀ. ਹਾਕਮ ਸਿੰਹੁ ਦੀ ਦੇਸ਼ਭਗਤੀ ਦੀ ਮਿਸਾਲ ਕਾਇਮ ਕਰਦਾ ਇੱਕ ਹੋਰ ਬਿਆਨ ਵੀ ਛਪਿਆ ਸੀ:

"...ਮੈਂ ਇਹਨਾਂ ਅੱਤਵਾਦੀਆਂ ਅੱਗੇ ਨਹੀਂ ਝੁਕਾਗਾਂ... ਬੇਸ਼ੱਕ ਮੈਨੂੰ ਮੇਰੀ ਬੇਟੀ ਦੀ ਕੁਰਬਾਨੀ ਹੀ ਕਿਉਂ ਨਾ ਕਰਨੀ ਪੈ ਜਾਵੇ... ਮੈਂ ਆਪਣੀ ਜਾਨ ਵੀ ਇਸ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਵਾਰਨ ਨੂੰ ਤਿਆਰ ਹਾਂ...ਪਰ ਅੱਤਵਾਦੀਆਂ ਦੀ ਕੋਈ ਵੀ ਮੰਗ ਨਹੀਂ ਮੰਨੀ ਜਾਵੇਗੀ..."

ਉੱਧਰ ਗੀਤ ਦੀ ਲਾਸ਼ ਡੀ.ਐਸ.ਪੀ. ਨੇ ਸੁਰੱਖਿਅਤ ਜਗ੍ਹਾ ਰੱਖ ਦਿੱਤੀ ਸੀ...

"... ਕਿਹਰ ਸਿਆਂ... ਇਹ ਸ਼ਵਿੰਦਰ ਕੌਣ ਐ...??? ਡੀ.ਐਸ.ਪੀ. ਨੇ ਥੋੜ੍ਹੀ ਚਿੰਤਾ ਜੀ 'ਚ ਕਿਹਰ ਸਿੰਘ ਨੂੰ ਪੁੱਛਿਆ... ਕਿਉਂਕਿ ਡੀ.ਐਸ.ਪੀ. ਦੇ ਕੰਨਾਂ ਵਿੱਚ ਅਜੇ ਤੀਕ ਗੀਤ ਦੇ ਸ਼ਬਦ ਗੂੰਜ ਰਹੇ ਸਨ '... ਸ਼ਵਿੰਦਰ ਤੁਹਾਡਾ ਪਰਦਾਫਾਸ਼ ਕਰੇਗਾ...'

"... ਕਿਹਰ ਸਿੰਘ ਇੱਕਦਮ ਡਰ ਗਿਆ... ਉਹਨੂੰ ਆਉਣ ਵਾਲੀ ਅਣਹੋਣੀ ਦੀ ਆਹਟ ਡੀ.ਐਸ.ਪੀ. ਦੇ ਸ਼ਬਦਾਂ 'ਚੋਂ ਸੁਣਾਈ ਦੇ ਰਹੀ ਸੀ...

ਸ਼ਵਿੰਦਰ...!!! ਕੌਣ ਸ਼ਵਿੰਦਰ...??? ਮੈਨੂੰ ਕੀ ਪਤਾ ਸਾ...ਅ...ਅ...ਬ ਜੀ... ਕਿਹਰ ਸਿੰਘ ਨੇ ਅਣਜਾਣ ਬਣਦਿਆਂ ਜਵਾਬ ਦਿੱਤਾ...

ਅੱਛਾ....!!!! ਚੱਲ ਕੋਈ ਗੱਲ ਨੀਂ ਮੈਂ ਤਾਂ ਓਦਾਂ ਈ ਪੁੱਛਿਆ ਸੀ...

ਡੀ.ਐਸ.ਪੀ. ਨੇ ਗੀਤ ਦੀ ਮੌਤ ਦੇ ਇਕਲੌਤੇ ਰਾਜ਼ਦਾਰ ਨੂੰ ਪੁਚਕਾਰਿਆ... ਓਦਾਂ ਗੁੱਸਾ ਬਹੁਤ ਆ ਰਿਹਾ ਸੀ ਉਹਨੂੰ ਕਿਹਰ ਸਿੰਘ ਤੇ... ਪਰ ਅੱਜ ਉਹ ਮਜ਼ਬੂਰ ਸੀ...

ਹਾਕਮ ਸਿੰਹੁ ਨੇ ਗੀਤ ਦੇ ਨਾਲ ਯੂਨੀਵਰਸਿਟੀ ਜਾਣ ਵਾਲੇ ਦੂਸਰੇ ਸੁਰੱਖਿਆ ਗਾਰਡਾਂ ਤੋਂ ਪਤਾ ਕਰ ਲਿਆ ਸੀ ਸ਼ਵਿੰਦਰ ਬਾਰੇ... ਸਭ ਪਤਾ ਕਰਵਾ ਲਿਆ ਸੀ ਕੌਣ ਐ... ਕਿਹੜੇ ਪਿੰਡ ਦਾ ਐ... ਕੀ ਕਰਦਾ... ਹੁਣ ਕਿੱਥੇ ਐ...???

"..... ਅੱਛਾ ਤਾਂ ਫਿਰ ਇਹ ਉਸੇ ਨਾਇਬ ਸਿਉਂ ਗਰੇਵਾਲ ਦਾ ਮੁੰਡਾ ਆ ਜੀਹਨੂੰ ਥੋੜ੍ਹੇ ਦਿਨ ਪਹਿਲਾਂ ਅੱਤਵਾਦੀਆਂ ਨੇ ਧਮਕੀ ਦਿੱਤੀ ਸੀ....!!!! ਡੀ.ਐਸ.ਪੀ. ਮੁਸ਼ਕੜੀਆਂ ਹਾਸਾ ਹੱਸਿਆ... ਫੇਰ ਤਾਂ ਕੰਮ ਹੋਰ ਵੀ ਸੌਖਾ ਐ.... ਧਮਕੀ.... ਹਾ ਹਾ ਹਾ ....!!!!

ਪਤਾ ਕਰੋ ਸਾਲ਼ੇ ਦਾ... ਪਿੰਡ ਕੀ ਕਰਦਾ... ਕਦੋਂ ਆਊਗਾ... ਕਿੱਥੇ ਜਾਂਦਾ... ਕਿੱਥੇ ਖੜ੍ਹਦਾ... ਜਿੱਥੇ ਦਾਅ ਲੱਗੇ ਮਸਲ ਦਿਉ ਸਾਲ਼ੇ ਨੂੰ ਫੜ ਕੇ... ਮੇਰੀ ਐਡੀ ਲੰਮੀ ਸਰਵਿਸ ਆ... ਐਵੇਂ ਨੀਂ ਏਨੀ ਤਰੱਕੀ ਕਰ ਲਈ... ਮੈਂ ਸਬੂਤ ਨੀਂ ਛੱਡਦਾ ਹੁੰਦਾ... ਟੰਗ ਦਿਉ ਫੜ੍ਹਕੇ... ਹਾਕਮ ਸਿੰਹੁ ਨੇ ਨਾਦਰਸ਼ਾਹੀ ਫ਼ੁਰਮਾਨ ਜ਼ਾਰੀ ਕੀਤਾ...

ਕੋਲ਼ ਖੜੇ ਚਾਪਲੂਸ ਸਿਪਾਹੀਆਂ ਨੇ ਜੋ ਹੁਕਮ ਜਨਾਬ ਦਾ ਕਹਿ ਕੇ ਸਿਰ ਝੁਕਾਇਆ...

ਜਨਾਬ...!!!! ਪਤਾ ਲੱਗਿਆ ਸੂਹੀਏ ਤੋਂ ਬਈ ਜਦੋਂ ਦੋਸ਼ੀ ਪਿੰਡ ਹੁੰਦਾ ਤਾਂ ਸਵੇਰੇ-ਸਵੇਰੇ ਆਪਣੇ ਖੇਤਾਂ ਵੱਲ ਗੇੜਾ ਮਾਰਨ ਜਰੂਰ ਜਾਂਦਾ... ਇੱਕ ਸਿਪਾਹੀ ਨੇ ਖੁਲਾਸਾ ਕੀਤਾ...

"... ਅੱਛਾ... ਬਹੁਤ ਅੱਛੇ... ਯਾਦ ਰਹੇ... ਮਾਰਨਾ ਇਕੱਲੇ ਸ਼ਵਿੰਦਰ ਨੂੰ ਈ ਆ... ਨਾਇਬ ਸਿਉਂ ਨੂੰ ਨੀਂ ਕੁਛ ਵੀ ਕਹਿਣਾ... ਉਹ ਸਾਡੀ ਸ਼ਤਰੰਜ ਦੀ ਅਗਲੀ ਚਾਲ ਐ... ਹਾਕਮ ਸਿੰਹੁ ਡੀ.ਐਸ.ਪੀ. ਨੇ ਸ਼ੈਤਾਨੀ ਹਾਸਾ ਹੱਸਦਿਆਂ ਕਿਹਾ... ਹਾਂ ਇੱਕ ਗੱਲ ਹੋਰ.... ਆਹ ਕਿਹਰ ਸਿੰਘ ਤੇ ਵੀ ਕਰੜੀ ਨਿਗ੍ਹਾ ਰੱਖੋ.... ਮੈਨੂੰ ਸੂਹ ਮਿਲੀ ਆ.... ਇਹ ਅੰਦਰ ਖਾਤੇ ਅੱਤਵਾਦੀਆਂ ਨਾਲ ਮਿਲਿਆ ਹੋਇਆ... ਓ.ਕੇ...

ਜੀ ਜਨਾਬ... ਸਿਪਾਹੀ ਨੇ ਜਵਾਬ ਦਿੱਤਾ...

............

ਸ਼ਵਿੰਦਰ ਦੇਰ ਰਾਤ ਤੱਕ ਜਾਗਦਾ ਰਹਿਣ ਕਰਕੇ ਸਵੇਰੇ ਵੱਡੇ ਦਿਨ ਉਠਿਆ ਤਕਰੀਬਨ ਸਾਢੇ ਅੱਠ ਵੱਜ ਚੁੱਕੇ ਸਨ....

ਰਾਮੂ...!!! ਬਾਪੂ ਕਿੱਥੇ ਆ...??? ਸ਼ਵਿੰਦਰ ਨੇ ਸੀਰੀ ਨੂੰ ਆਵਾਜ਼ ਮਾਰਦਿਆਂ ਪੁੱਛਿਆ...

"ਬਡੇ ਸਰਦਾਰ ਜੀ ਤੋ ਖੇਤੋਂ ਕੋ ਗਏ ਹੈਂਗੇ ਜੀ"... ਬਿਹਾਰੀ ਸੀਰੀ ਨੇ ਜਵਾਬ ਦਿੱਤਾ...

ਸ਼ਵਿੰਦਰ ਆਪਣੇ ਬਾਪੂ ਨੂੰ ਸਾਰੀ ਗੱਲ ਦੱਸਣੀ ਚਾਹੁੰਦਾ ਸੀ....

ਅੱਛਾ ਚਲ ਮੈਂ ਵੀ ਜਾਨਾ ਖੇਤ... ਅਖ਼ਬਾਰ ਆ ਗਿਆ ਅੱਜ ਦਾ....??? ਸ਼ਵਿੰਦਰ ਨੇ ਜਾਂਦੇ-ਜਾਂਦੇ, ਸੀਰੀ ਨੂੰ ਫੇਰ ਪੁੱਛਿਆ....

"...ਹਾਂ ਜੀ ਸਰਦਾਰ ਜੀ ਆ ਗਿਆ ਹੈਂਗਾ.... ਸਰਦਾਰ ਜੀ ਵੇਖੀ ਜਾਂਦੇ ਸੀਗੇ... ਮਾਂਜੇ ਤੇ ਪਿਆ ਹੋਣਾ ਬਾਰ ਵੇੜੇ ਵਿੱਚ..."

ਸੀਰੀ ਨੇ ਅੱਧ-ਪਚੱਧੀ ਜੀ ਭਾਸ਼ਾ 'ਚ ਜਵਾਬ ਦਿੱਤਾ....

ਕੋਈ ਨਾ... ਮੈਂ ਲੈ ਲੈਨਾ ਵੇਖ ਕੇ... ਕਹਿੰਦਿਆਂ ਸ਼ਵਿੰਦਰ ਅਖ਼ਬਾਰ ਚੁੱਕਣ ਚਲਿਆ ਗਿਆ...

"... ਸ਼ਿੰਦੇ ਵੀਰੇ ਆਹ ਅੱਤਵਾਦੀਆਂ ਨੇ ਕੁੜੀ ਮਾਰਤੀ... ਡੀ.ਐਸ.ਪੀ. ਦੀ ਕੱਲ੍ਹ... ਖ਼ਬਰ ਲੱਗੀ ਆ ਅਖ਼ਬਾਰ 'ਚ ਡੈਡੀ ਜੀ ਵੇਖੀ ਜਾਂਦੇ ਸੀ ਬੈਠੇ..."

ਸ਼ਵਿੰਦਰ ਦੇ ਛੋਟੇ ਭਰਾ ਦੀ ਅਵਾਜ਼ ਸ਼ਵਿੰਦਰ ਦੇ ਸਿਰ ਵਿੱਚ ਬੰਬ ਵਾਂਗ ਵੱਜੀ ਸੀ...

ਹੈਂ...!!! ਕੀ ਖ਼ਬਰ ਆ...??? ਲਿਆ ਉਰੇ ਫੜਾ ਯਾਰ ਤੂੰ ਕੀ ਲੈਣਾ ਇਹਨਾਂ ਗੱਲਾਂ ਤੋਂ... ਸ਼ਵਿੰਦਰ ਨੇ ਅਖ਼ਬਾਰ ਇਕਦੱਮ ਉਹਦੇ ਹੱਥਾਂ 'ਚੋਂ ਖੋਹ ਲਿਆ ਸੀ... ਖ਼ਬਰ ਛਪੀ ਸੀ:

"ਅੱਤਵਾਦੀਆਂ ਖਿਲਾਫ਼ ਬਹਾਦਰੀ ਨਾਲ ਲੜਾਈ ਲੜਨ ਵਾਲੇ ਡੀ.ਐਸ.ਪੀ. ਹਾਕਮ ਸਿੰਘ ਦੀ ਅਗਵਾ ਕੀਤੀ ਬੇਟੀ ਗੀਤਇੰਦਰ ਦੀ ਅੱਤਵਾਦੀਆਂ ਵੱਲੋਂ ਬੇਰਹਿਮੀ ਨਾਲ ਹੱਤਿਆ.. ਜੀ.ਟੀ.ਰੋਡ ਵਾਲੇ ਸ਼ੈਲਰ ਦੇ ਕੋਲ਼ੋਂ ਲਾਸ਼ ਹੋਈ ਬਰਾਮਦ"

ਓਏ... ਬਾਪੂ... ਓਏ...!!! ਸ਼ਵਿੰਦਰ ਇਕ ਦਮ ਚੀਕਿਆ ਤੇ ਅਖ਼ਬਾਰ ਚੱਕ ਕੇ ਖੇਤਾਂ ਵੱਲ ਭੱਜਿਆ ਤਾਂ ਜੋ ਆਪਣੇ ਬਾਪੂ ਨੂੰ ਦੱਸ ਸਕੇ ਕਿ ਅਸਲ ਅੱਤਵਾਦੀ ਕੌਣ ਹਨ... ਜਿੰਨ੍ਹਾਂ ਦੀ ਅਸਲੀਅਤ ਬਾਰੇ ਪਤਾ ਲੱਗਣਾ

ਹੀ ਬੇਕਸੂਰ ਗੀਤ ਦੀ ਮੌਤ ਦਾ ਕਾਰਨ ਬਣ ਗਿਆ....

ਸ਼ਵਿੰਦਰ ਵਾਹੋ-ਦਾਹੀ ਖੇਤਾਂ ਵੱਲ ਭੱਜਿਆ ਜਾ ਰਿਹਾ ਸੀ....

ਪਿੰਡ ਦੇ ਬਾਹਰ-ਬਾਹਰ ਕੱਚੇ ਟਿੱਬੇ ਦੇ ਓਹਲੇ ਘਾਤ ਲਾ ਕੇ ਬੈਠੇ 'ਅਮਨ ਦੇ ਰਾਖਿਆਂ' ਨੇ ਸਰਕਾਰੀ ਖਜ਼ਾਨੇ ਵਿਚੋਂ ਚਾਰ ਗੋਲ਼ੀਆਂ ਸ਼ਵਿੰਦਰ ਦੀ ਹਿੱਕ ਨੂੰ ਵੀ ਬਖਸ਼ ਦਿੱਤੀਆ.... ਤੇ ਗੁਰਸ਼ੇਰ ਦੀ ਬੇਗੁਨਾਹੀ ਦਾ ਇਹ ਦੂਜਾ ਤੇ ਆਖ਼ਰੀ ਸਬੂਤ ਵੀ ਬਚਾਲੋ ਬਚਾਲੋ ਦੀਆਂ ਅਵਾਜ਼ਾਂ ਮਾਰਦਾ ਲੜ-ਖੜਾ ਕੇ ਧਰਤੀ ਤੇ ਡਿੱਗ ਪਿਆ....

ਕਾਤਿਲ਼ਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਪੂਰੇ ਜੋਸ਼ ਨਾਲ ਲਾਏ.....

ਸ਼ਵਿੰਦਰ ਦੇ ਬਾਪੂ ਨਾਇਬ ਸਿੰਘ ਗਰੇਵਾਲ ਦੇ ਕੰਨੀਂ ਗੋਲ਼ੀਆਂ ਦੀ ਅਵਾਜ਼, ਸ਼ਵਿੰਦਰ ਦੀ ਪੁਕਾਰ ਤੇ ਨਾਅਰਿਆਂ ਦੀ ਗੂੰਜ ਪਹੁੰਚ ਚੁੱਕੀ ਸੀ.... ਜੋ ਚਾਰ ਕੁ ਕਿੱਲ਼ੇ ਅਗਾਂਹ ਆਪਣੇ ਖੇਤ ਵਿੱਚ ਮੋਟਰ ਤੇ ਬੈਠਾ ਸੀ....

ਆਪਣੇ ਪੁੱਤ ਨੂੰ ਡਿੱਗਦਿਆਂ ਵੇਖ ਕੇ ਨਾਇਬ ਸਿਉਂ ਭੱਜਿਆ... ਮਾਰੇ ਗਏ ਓਏ ਲੋਕੋ....!!!! ਪੱਟ ਤੇ ਓਏ ਅੱਤਵਾਦੀਆਂ ਨੇ....!!!! ਕਹਿੰਦਾ ਹੋਇਆ ਨਾਇਬ ਸਿਉਂ ਸ਼ਵਿੰਦਰ ਦੇ ਕੋਲ਼ ਆ ਗਿਆ....

"....ਮੈਂ ਤੈਨੂੰ ਕੁਛ ਨੀਂ ਹੋਣ ਦਿਆਂਗਾ ਪੁੱਤ... ਤੂੰ ਘਬਰਾ ਨਾ..."

ਗੱਡੀ ਲਿਆਈਂ ਓਏ ਕੈਲਿਆ... ਨਾਇਬ ਸਿਉਂ ਨੇ ਵਿਰਲਾਪ ਕਰਦਿਆਂ ਨੇੜ ਦੇ ਗੁਆਂਢੀ ਨੂੰ ਅਵਾਜ਼ ਦਿੱਤੀ....

ਬਾ...ਅ...ਅ...ਪੂ... ਮੈਂ ਤੈਨੂੰ... ਕੁਛ ਦੱਸਣਾ... ਚਾਹੁੰਣਾ... ਬਾ....ਅ...ਪੂ.... ਸ਼ਵਿੰਦਰ ਨੇ ਲੜਖੜਾਉਂਦੀ ਅਵਾਜ 'ਚ ਨਾਇਬ ਸਿਉਂ ਨੂੰ ਕੋਲ ਬੁਲਾਇਆ...

ਹਾਂ.... ਮੇਰੇ ਬੱਚੇ...!!!! ਹਾਂ... ਮੇਰੇ ਲਾਲ... ਦੱਸ ਪੁੱਤ....!!!! ਤੈਨੂੰ ਕੁਛ ਨੀਂ ਹੁੰਦਾ.... ਤੂੰ ਘਬਰਾ ਨਾ.... ਨਾਇਬ ਸਿਉਂ ਨੇ ਲਹੂ-ਲੁਹਾਨ ਹੋਏ ਸ਼ਵਿੰਦਰ ਦਾ ਸਿਰ ਆਪਣੀ ਬੁੱਕਲ ਵਿੱਚ ਰੱਖ ਲਿਆ...

ਬਾ...ਅ....ਅ...ਪੂ.... ਮੈਨੂੰ ਤੇ ਡੀ... ਡੀ.ਐਸ.ਪੀ. ਦੀ ਕੁੜੀ ਨੂੰ... ਗੁਰ... ਗੁਰਸ਼ੇਰ ਨੇ...!!!!....????

ਹਾਂ... ਹਾਂ... ਪੁੱਤ ਮੈਨੂੰ ਪਤਾ.... ਇਹ ਗੁਰਸ਼ੇਰ ਤੇ ਉਹਦੇ ਸਾਥੀ ਅੱਤਵਾਦੀਆਂ ਦੀ ਕਰਤੂਤ ਆ.... ਨਾਇਬ ਸਿਉਂ ਸ਼ਵਿੰਦਰ ਨੂੰ ਵਿਚੋਂ ਟੋਕਦਾ ਹੋਇਆ ਬੋਲਿਆ.....

... ਤੇ ਇਨੇ ਚਿਰ ਤੱਕ ਸ਼ਵਿੰਦਰ ਨੇ ਨਾਇਬ ਸਿਉਂ ਦੀ ਬੁੱਕਲ

ਵਿੱਚ ਦਮਤੋੜ ਦਿੱਤਾ....

'ਨਹੀਂ ਮਾਰਿਆ' ਸ਼ਬਦ ਸ਼ਵਿੰਦਰ ਦੇ ਸੰਘ ਵਿੱਚ ਹੀ ਰਹਿ ਗਏ.....

ਨਾਇਬ ਸਿੰਘ ਗਰੇਵਾਲ ਆਪਣੇ ਜਵਾਨ ਪੁੱਤ ਦੀ ਲਾਸ਼ ਬੁੱਕਲ 'ਚ ਲਈ ਬੈਠਾ ਉੱਚੀ-ਉੱਚੀ ਚੀਕ ਰਿਹਾਂ ਸੀ.....

ਪੱਟ ਤੇ ਉਏ ਅੱਤਵਾਦੀਆਂ ਨੇ... ਮੇਰਾ ਮੁੰਡਾ ਮਰਦਾ-ਮਰਦਾ ਕਹਿ ਕੇ ਗਿਆ... ਮੈਨੂੰ ਗੁਰਸ਼ੇਰ ਨੇ ਮਾਰਿਆ... ਕਿੱਥੇ ਲੁਕਗੀ ਨੀਂ ਸਰਕਾਰੇ... ਹਾਏ ਓਏ.....!!!!

ਤੇ ਅਗਲੇ ਦਿਨ ਸ਼ਵਿੰਦਰ ਦੀ ਮੌਤ ਦੀ ਖ਼ਬਰ ਵੀ ਅਖ਼ਬਾਰ ਦਾ ਸ਼ਿੰਗਾਰ ਬਣ ਗਈ:

"ਉਘੇ ਲੀਡਰ ਨਾਇਬ ਸਿੰਘ ਗਰੇਵਾਲ ਦੇ ਬੇਟੇ ਨੂੰ ਅੱਤਵਾਦੀਆਂ ਨੇ ਦਿਨ-ਦਿਹਾੜੇ ਮਾਰਿਆ... ਮਾਰਕੇ ਖਾਲਿਸਤਾਨ ਜ਼ਿੰਦਾਬਾਦ ਦੇ ਲਾਏ ਨਾਅਰੇ" ਨਾਲ ਲਿਖਿਆ ਸੀ 'ਕੁਝ ਦਿਨ ਪਹਿਲਾਂ ਅੱਤਵਾਦੀਆਂ ਨੇ ਨਾਇਬ ਸਿੰਘ ਤੋਂ ਦਸ ਲੱਖ ਰੁਪਏ ਫਿਰੌਤੀ ਦੀ ਕੀਤੀ ਸੀ ਮੰਗ"

ਗੀਤ ਦੀ ਮੌਤ ਤੇ ਲਾਸ਼ ਬਰਾਮਦਗੀ ਦੀ ਕਹਾਣੀ.... ਅਤੇ ਹੁਣ ਸ਼ਵਿੰਦਰ ਦੀ ਮੌਤ ਦੀ ਖ਼ਬਰ ਪੜ੍ਹਕੇ ਕਿਹਰ ਸਿੰਘ ਦਾ ਹਿਰਦਾ ਧੁਰ ਅੰਦਰ ਤੱਕ ਕੰਬ ਗਿਆ... ਉਹਨੂੰ 'ਅਮਨ ਦੇ ਰਾਖਿਆਂ' ਦਾ ਅਸਲੀ ਚਿਹਰਾ.... ਇਹਨਾਂ ਖ਼ਬਰਾਂ ਵਿਚੋਂ ਦਿਸ ਰਿਹਾ ਸੀ.... ਕਿਹਰ ਸਿੰਘ ਦੀ ਹਾਲਤ ਅਦੀਬ ਦੀ ਉਸ ਕਵਿਤਾ ਵਰਗੀ ਸੀ....

*ਇੱਕ ਲਰਜ਼ਦਾ ਨੀਰ ਸੀ*
*ਉਹ ਮਰ ਕੇ ਪੱਥਰ ਹੋ ਗਿਆ*

*ਦੂਸਰਾ ਇਸ ਹਾਦਸੇ ਤੋਂ*
*ਡਰ ਕੇ ਪੱਥਰ ਹੋ ਗਿਆ*

*ਤੀਸਰਾ ਇਸ ਹਾਦਸੇ ਨੂੰ*
*ਕਰਨ ਲੱਗਾ ਸੀ ਬਿਆਨ*
*ਉਹ ਕਿਸੇ ਪੱਥਰ ਦੇ*
*ਘੂਰਨ ਕਰਕੇ ਪੱਥਰ ਹੋ ਗਿਆ*

*ਇੱਕ ਸ਼ਾਇਰ ਬਚ ਰਿਹਾ*
*ਸੰਵੇਦਨਾ ਸੰਗ ਲਰਜ਼ਦਾ*
*ਏਨੇ ਪੱਥਰ..!!!!*
*ਉਹ ਤਾਂ ਗਿਣਤੀ ਕਰਕੇ ਪੱਥਰ ਹੋ ਗਿਆ*

*(ਸੁਰਜੀਤ ਪਾਤਰ)*

ਇਹਨਾਂ ਘਟਨਾਵਾਂ ਤੋਂ ਬਾਅਦ ਸਰਕਾਰ ਵੱਲੋਂ ਅੱਤਵਾਦ ਨਾਲ ਸਖ਼ਤੀ ਨਾਲ ਨਜਿੱਠਣ ਦੇ ਆਦੇਸ਼ ਦਿੱਤੇ ਗਏ.... ਗੁਰਸ਼ੇਰ ਨੂੰ ਜ਼ਿੰਦਾ ਜਾਂ ਮੁਰਦਾ ਫੜਾਉਣ ਵਾਲੇ ਨੂੰ ਪੰਜ ਲੱਖ ਰੁਪਈਆ ਨਕਦ ਇਨਾਮ ਦੇਣ ਦਾ ਇਸ਼ਤਿਹਾਰ ਇੱਕ ਵਾਰ ਫੇਰ ਛਪਵਾਇਆ ਗਿਆ....

ਡੀ.ਐਸ.ਪੀ. ਹਾਕਮ ਸਿੰਹੁ ਵੱਲੋਂ ਆਪਣੀ ਬੇਟੀ ਦਾ ਸਿਵਾ ਠੰਢ ਹੋਣ ਤੋਂ ਪਹਿਲਾਂ-ਪਹਿਲਾਂ 'ਖ਼ੂੰਖਾਰ ਅੱਤਵਾਦੀ' ਗੁਰਸ਼ੇਰ ਨੂੰ ਜ਼ਿੰਦਾ ਜਾਂ ਮੁਰਦਾ ਗ੍ਰਿਫਤਾਰ ਕਰਨ ਦਾ ਐਲਾਨ ਕੀਤਾ ਗਿਆ....

ਉੱਧਰ ਸ਼ਵਿੰਦਰ ਦਾ ਬਾਪੂ ਨਾਇਬ ਸਿੰਹੁ ਗਰੇਵਾਲ ਵੀ ਆਪਣੇ ਬੇਟੇ ਦੀ 'ਅਖੌਤੀ ਅੱਤਵਾਦੀਆਂ ਹੱਥੋਂ ਹੋਈ ਸ਼ਹਾਦਤ' ਨੂੰ ਪੂਰੀ ਤਰ੍ਹਾਂ ਕੈਸ਼ ਕਰਨ ਵਿੱਚ ਲੱਗਾ ਹੋਇਆ ਸੀ....ਮੂਹਰੇ ਵੋਟਾਂ ਜੋ ਆਉਂਦੀਆਂ ਸਨ.... ਨਾਇਬ ਸਿੰਘ ਨੂੰ ਉਮੀਦਵਾਰੀ ਦੇ ਨਾਲ-ਨਾਲ ਹੁਣ ਤਾਂ ਜਿੱਤ ਵੀ ਵੱਟ 'ਤੇ ਪਈ ਦਿਸਦੀ ਸੀ....

ਤੇ ਤੀਜੇ ਚੌਥੇ ਦਿਨ... ਬਹਾਦਰ ਪੁਲਿਸ ਨੇ... ਪਿਛਲੇ ਕਈ ਮਹੀਨਿਆਂ ਤੋਂ ਨਜਾਇਜ਼ ਹਿਰਾਸਤ ਵਿੱਚ ਰੱਖੇ... ਪੰਜਾਬੀ ਯੂਨੀਵਰਸਿਟੀ ਵਿਚੋਂ ਬਿਨਾਂ ਕਿਸੇ ਕਾਰਨ ਗ੍ਰਿਫਤਾਰ ਕੀਤੇ ਐਮ.ਏ. ਜਰਨਲਿਜ਼ਮ ਦੇ ਹੋਣਹਾਰ ਵਿਦਿਆਰਥੀ... ਗੁਰਸ਼ੇਰ ਸਿੰਘ..... ਜਿਸਦਾ ਦੇਸ਼ਧ੍ਰੋਹ ਡੀ.ਐਸ.ਪੀ. ਦੀ ਧੀ ਨੂੰ ਪਸੰਦ ਆ ਜਾਣਾ ਤੇ ਅੰਮ੍ਰਿਤਧਾਰੀ ਸਿੰਘ ਹੋਣਾ ਸੀ.... ਅਤੇ ਜਿਸਨੂੰ ਹੁਣ ਤੱਕ ਅਮਨ-ਸ਼ਾਂਤੀ ਦੇ ਅਖੌਤੀ ਪਹਿਰੇਦਾਰਾਂ ਦੀ ਮਿਹਰਬਾਨੀ ਸਦਕਾ 'ਖ਼ੂੰਖਾਰ ਅੱਤਵਾਦੀ' ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ ਸੀ... ਉਸ ਬਦਨਸੀਬ ਨੂੰ ਇੱਕ ਨਹਿਰ ਦੇ ਪੁਲ ਤੇ ਲਿਜਾ ਕੇ ਗੋਲ਼ੀਆਂ ਨਾਲ ਛਲਣੀ ਕਰ ਦਿੱਤਾ ਗਿਆ....

ਤੇ ਅਗਲੇ ਦਿਨ ਅਖਬਾਰਾਂ ਦੀ ਪ੍ਰਮੁੱਖ ਸੁਰਖੀ ਸੀ:

"... ਡੀ.ਐਸ.ਪੀ. ਦੀ ਬੇਟੀ ਗੀਤਇੰਦਰ ਦੇ ਕਤਲ ਸਮੇਤ ਬਹੁਤ ਸਾਰੇ ਜੁਰਮਾਂ ਵਿੱਚ ਲੋੜੀਂਦਾ, ਦਸਮੇਸ਼ ਰਜਮੈਂਟ ਦਾ ਮੁਖੀ ਖਤਰਨਾਕ ਅੱਤਵਾਦੀ ਗੁਰਸ਼ੇਰ ਸਿੰਘ ਕੱਲ੍ਹ ਰਾਤ ਜੌੜੇ ਪੁਲਾਂ ਤੇ ਹੋਈ ਮੁਠਭੇੜ ਦੌਰਾਨ ਜਵਾਬੀ

ਫਾਇਰਿੰਗ ਵਿੱਚ ਸੁਰੱਖਿਆ ਬਲਾਂ ਹੱਥੋਂ ਮਾਰਿਆ ਗਿਆ"

ਨਾਲ ਹੀ ਲਿਖਿਆ ਸੀ "ਇਸ ਪੁਲਿਸ ਮੁਕਾਬਲੇ ਦੌਰਾਨ ਬਹਾਦਰ ਸਿਪਾਹੀ ਕਿਹਰ ਸਿੰਘ ਵੀ ਸ਼ਹੀਦ ਹੋ ਗਿਆ"

"ਇਹ ਮੁਠਭੇੜ ਉਦੋਂ ਹੋਈ ਜਦੋਂ ਡੀ.ਐਸ.ਪੀ. ਹਾਕਮ ਸਿਹੁ ਦੇਰ ਰਾਤ ਗਸ਼ਤ ਤੋਂ ਬਾਅਦ ਇਨ੍ਹਾਂ ਪੁਲਾਂ ਤੋਂ ਲੰਘਣ ਲੱਗੇ ਸਨ ਕਿ ਅੱਤਵਾਦੀ ਗੁਰਸ਼ੇਰ ਸਿੰਘ ਤੇ ਉਸ ਦੇ ਸਾਥੀਆਂ ਨੇ ਪੁਲਿਸ ਪਾਰਟੀ ਤੇ ਅਚਾਨਕ ਹਮਲਾ ਕਰ ਦਿੱਤਾ.... ਇਸ ਮੁਕਾਬਲੇ ਦੀ ਕਮਾਂਡ ਡੀ.ਐਸ.ਪੀ. ਹਾਕਮ ਸਿੰਘ ਨੇ ਤੁਰੰਤ ਆਪਣੇ ਹੱਥ ਵਿੱਚ ਲੈ ਲਈ.... ਤੇ ਪੁਲਸ ਨੂੰ ਉਸ ਸਮੇਂ ਭਾਰੀ ਸਫ਼ਲਤਾ ਮਿਲੀ ਜਦੋਂ ਕਈ ਪ੍ਰਮੁੱਖ ਕੇਸਾਂ ਵਿੱਚ ਲੋੜੀਂਦਾ ਖ਼ੂੰਖਾਰ ਅੱਤਵਾਦੀ ਗੁਰਸ਼ੇਰ ਸਿੰਘ ਡੀ.ਐਸ.ਪੀ. ਸਾਹਬ ਦੀ ਗੋਲ਼ੀ ਨਾਲ ਹਲਾਕ ਹੋ ਗਿਆ।

ਗੁਰਸ਼ੇਰ ਦੇ ਬਾਕੀ ਸਾਥੀ ਹਨੇਰੇ ਦਾ ਫਾਇਦਾ ਉਠਾ ਕੇ ਭੱਜਣ ਵਿੱਚ ਕਾਮਯਾਬ ਹੋ ਗਏ.... ਇਸ ਮੁਕਾਬਲੇ ਦੌਰਾਨ ਪੰਜਾਬ ਪੁਲਿਸ ਦਾ ਬਹਾਦਰ ਸਿਪਾਹੀ ਕਿਹਰ ਸਿੰਘ ਅੱਤਵਾਦੀਆਂ ਦੀਆਂ ਗੋਲ਼ੀਆਂ ਨਾਲ ਸ਼ਹਾਦਤ ਦਾ ਜਾਮ ਪੀ ਗਿਆ"

....ਹੋਰ ਵੀ ਬਹੁਤ ਸਾਰੇ ਬਿਆਨ ਛਪੇ ਸਨ....

'ਆਤੰਕ ਤੋਂ ਹੁਣ ਮੁਕਤੀ ਮਿਲੇਗੀ'

'ਡੀ.ਐਸ.ਪੀ. ਦੀ ਬਹਾਦਰੀ ਦੀ ਪ੍ਰਸ਼ੰਸਾ'

'ਪੰਜਾਬ ਪੁਲਸ ਵੱਲੋਂ ਡੀ.ਐਸ.ਪੀ. ਨੂੰ ਤਰੱਕੀ ਦੇ ਕੇ ਐਸ.ਐਸ.ਪੀ. ਬਣਾਏ ਜਾਣ ਲਈ ਕੀਤੀ ਜਾਵੇਗੀ ਸਰਕਾਰ ਨੂੰ ਸਿਫਾਰਸ਼'

..........

*ਉਂਜ ਤੇਰੇ ਕੋਲ ਹੁਣ ਕਹਿਣ ਨੂੰ ਵੀ ਕੀ ਹੈ*
*ਇੱਕ ਖ਼ਾਬ ਸੀ ਨਾ, ਉਹ ਵੀ ਹੰਝੂ 'ਚ ਢਲ ਗਿਆ ਹੈ*
*ਮੁਜ਼ਰਿਮ ਹੀ ਬਹਿ ਗਿਆ ਹੈ, ਮੁਨਸਿਫ ਦੀ ਥਾਂ ਤੇ ਆ ਕੇ*
*ਇਨਸਾਫ਼ ਦਾ ਤਰੀਕਾ ਕਿੰਨ ਬਦਲ ਗਿਆ ਹੈ*

*(ਪਾਤਰ)*

"... ਨਾਇਬ ਸਿਆਂ ਜੋ ਹੋਣਾ ਸੀ ਹੋ ਗਿਆ.... ਹੁਣ ਮੂਹਰੇ ਆਉਂਦੀਆਂ ਵੋਟਾਂ.... ਆਪਣੇ ਮੁੰਡੇ ਦੀ ਅੱਤਵਾਦੀਆਂ ਹੱਥੋਂ ਹੋਈ ਸ਼ਹਾਦਤ ਦਾ ਵਾਸਤਾ ਪਾ ਕੇ ਟਿਕਟ ਲੈ ਲਵੀਂ ਹੁਣ.... ਡੀ.ਐਸ.ਪੀ. ਹਾਕਮ ਸਿਹੁ ਨੇ ਸ਼ਵਿੰਦਰ ਦੇ ਬਾਪੂ ਨੂੰ ਆਖਿਆ....

"....ਹਾਂ ਜੀ ਸਾਹਬ... ਮੈਂ ਪਹਿਲਾਂ ਈ ਹਾਈ ਕਮਾਂਡ ਕੋਲ ਦਾਅਵਾ

ਪੇਸ਼ ਕਰ ਦਿੱਤਾ ਐ.... ਹੁਣ ਤਾਂ ਲੋਕਾਂ ਨੂੰ ਆਪਣੇ ਹੱਕ 'ਚ ਕਿਸੇ ਤਰੀਕੇ 'ਕੱਠੇ ਕਰਕੇ ਸ਼ਕਤੀ ਪ੍ਰਦਰਸ਼ਨ ਕਰ ਦੇਈਏ.... ਬੱਸ ਫੇਰ ਕੰਮ ਫਤਿਹ ਆ..." ਨਾਇਬ ਸਿੰਹੁ ਨੇ ਜਵਾਬ ਦਿੱਤਾ।

"... ਕਿਸੇ ਬਹਾਨੇ ਕੀ... ਜਨਾਬ ਜੇ ਆਗਿਆ ਦਿਉ ਤਾਂ...!!!! ਆਪਾਂ ਇਉਂ ਕਰਦੇ ਆਂ.... ਗੀਤ ਦਾ, ਮੇਰੇ ਮੁੰਡੇ ਦਾ ਤੇ ਕਿਹਰ ਸਿੰਘ ਦਾ ਸਾਰਿਆਂ ਦਾ ਭੋਗ 'ਕੱਠਾ ਈ ਪਾ ਲੈਂਦੇ ਆਂ .... ਦਾਣਾ ਮੰਡੀ ਵਿੱਚ ਨਾਲੇ ਸ਼ਹੀਦੀ ਕਾਨਫਰੰਸ ਹੋਜੂਗੀ...." ਨਾਇਬ ਸਿੰਹੁ ਨੇ ਖਚਰਾ ਹਾਸਾ ਹਸਦਿਆਂ ਆਗਿਆ ਮੰਗੀ।

".... ਓ... ਬੱਲੇ.... ਲੀਡਰ ਬਣ ਗਿਆਂ ਲੱਗਦਾ.... ਚਲ ਫਿਰ ਕਰਲਾ ਇੰਤਜਾਮ ... ਚੰਗਾ...!!!! ਆਖ ਕੇ ਡੀ.ਐਸ.ਪੀ. ਹਾਕਮ ਸਿੰਹੁ ਨੇ ਹਾਮੀ ਭਰ ਦਿੱਤੀ....

.... ਤੇ ਭੋਗ ਵਾਲੇ ਦਿਨ ਵਾਹਵਾ ਲਾਗੜ-ਦਾਗੜ ਇਕੱਠੀ ਕਰ ਲਈ ਸੀ ਨਾਇਬ ਸਿਉਂ ਨੇ.....ਡੀ.ਐਸ.ਪੀ. ਹਾਕਮ ਸਿੰਹੁ ਜਿਸਨੂੰ ਅੱਤਵਾਦ ਦੇ ਖਿਲਾਫ਼ ਨਿਡਰਤਾ ਨਾਲ ਲੜਾਈ ਲੜਨ ਬਦਲੇ 'ਪ੍ਰਮੋਸ਼ਨ' ਦੇ ਕੇ ਐਸ.ਐਸ.ਪੀ. ਬਣਾ ਦਿੱਤਾ ਜਾਣਾ ਸੀ... ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ:

"ਮੈਂ ਅੱਤਵਾਦ ਦੇ ਖਿਲਾਫ਼ ਤੇ ਦੇਸ਼ ਵਿੱਚ ਅਮਨ-ਸ਼ਾਂਤੀ ਤੇ ਏਕਤਾ ਅਖੰਡਤਾ ਦੀ ਖਾਤਿਰ.... 'ਇਸੇ ਤਰ੍ਹਾਂ', ਆਖ਼ਰੀ ਸਾਹ ਤੱਕ... ਡਟ ਕੇ ਲੜਾਈ ਲੜਨ ਦਾ ਵਾਅਦਾ ਕਰਦਾ ਹਾਂ ਤੇ ਨਾਲ ਹੀ ਆਪਣੀ ਮਾਸੂਮ ਬੇਟੀ ਗੀਤਇੰਦਰ ਦੀ ਯਾਦ ਵਿੱਚ.... ਜੋ ਅੱਤਵਾਦੀਆਂ ਦੀਆਂ ਗੋਲ਼ੀਆਂ ਦਾ ਸ਼ਿਕਾਰ ਹੋ ਗਈ ਹੈ... ਅੱਜ ਸਾਡੇ ਵਿਚਕਾਰ ਨਹੀਂ ਰਹੀ.... ਮੈਂ ਉਹਦੀ ਯਾਦ ਵਿੱਚ *'ਗੀਤ ਅੱਤਵਾਦ ਪੀੜ੍ਹਤ ਭਲਾਈ ਸੰਸਥਾ'* ਬਣਾਉਣ ਦਾ ਐਲਾਨ ਕਰਦਾ ਹਾਂ..... ਇਹ ਸੰਸਥਾ ਉਹਨਾਂ ਲੋਕਾਂ ਦੀ ਮਦਦ ਕਰਿਆ ਕਰੇਗੀ ਜੋ ਅੱਤਵਾਦੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਹਨ.... ਤੇ ਮੈਂ ਆਪਣੇ ਵੱਲੋਂ ਇਸ ਸੰਸਥਾ ਦੀ ਸ਼ੁਰੂਆਤ ਵਿੱਚ ਦਸ ਹਜ਼ਾਰ ਰੁਪਏ ਸਹਾਇਤਾ ਫੰਡ ਪਾਉਣ ਦਾ ਐਲਾਨ ਕਰਦਾ ਹਾਂ.... ਤੇ ਉਮੀਦ ਕਰਦਾ ਹਾਂ ਕਿ ਇਸ ਦੇਸ਼ ਦੇ ਅਮਨ ਪਸੰਦ ਨਾਗਰਿਕ ਵਧ-ਚੜ੍ਹਕੇ ਇਸ ਸੇਵਾ ਵਿੱਚ ਹਿੱਸਾ ਪਾਉਣਗੇ....

.... ਤੇ ਫਿਰ ਮੌਕੇ ਤੇ ਹੀ ਹਾਜ਼ਰ ਬੈਠੇ ਬਲੈਕੀਆਂ, ਸਮੈਕੀਆਂ, ਮੁਖ਼ਬਰਾਂ.... ਜਿਨ੍ਹਾਂ ਦਾ ਤੋਰੀ ਫੁਲਕਾ ਵਰਦੀ ਦੀ.ਛਤਰ ਛਾਇਆ ਹੇਠ ਚਲਦਾ ਸੀ... ਉਹਨਾਂ ਨੇ ਹਜ਼ਾਰਾਂ ਰੁਪਏ ਸਹਾਇਤਾ ਫੰਡ ਦੇ ਕੇ ਡੀ.ਐਸ.ਪੀ. ਸਾਹਬ

ਦੀਆਂ ਜੇਬਾਂ ਫੁੱਲ ਕਰ ਦਿੱਤੀਆਂ... ਤੇ ਅਗਾਂਹ ਵਾਸਤੇ ਵੀ ਇਸ ਭਲਾਈ ਸੰਸਥਾ ਲਈ ਇਸੇ ਤਰ੍ਹਾਂ ਸੇਵਾ ਕਰਦੇ ਰਹਿਣ ਦਾ ਵਚਨ ਵੀ ਦਿੱਤਾ....

.... ਤੇ ਅਖੀਰ ਵਿੱਚ ਨਾਇਬ ਸਿੰਘ ਗਰੇਵਾਲ ਨੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਡੀ.ਐਸ.ਪੀ. ਸਾਹਬ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਦਿੱਤੇ.... ਤੇ ਉਹਨਾਂ ਦੀ ਬਹਾਦਰੀ ਤੇ ਨਿਡਰਤਾ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ... ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਅਮਨ-ਸ਼ਾਂਤੀ ਲਿਆਉਣ ਦੀ ਖ਼ਾਤਿਰ ਉਹਨਾਂ ਦੀ ਪਾਰਟੀ ਦੇ ਹੱਥ ਮਜ਼ਬੂਤ ਕੀਤੇ ਜਾਣ....

ਨਾਇਬ ਸਿਹੁ ਨੇ ਅੱਤਵਾਦ ਦੇ ਖਿਲਾਫ਼ ਜ਼ੋਰਦਾਰ ਲੜਾਈ ਲੜਨ ਦਾ ਅਹਿਦ ਕਰਦਿਆਂ ਕਿਹਾ ਕਿ:

"... ਸਾਡੇ ਮਾਸੂਮ ਬੱਚਿਆਂ ਦਾ ਖ਼ੂਨ ਡੋਲਣ ਵਾਲੇ ਹਤਿਆਰੇ ਬਖਸ਼ੇ ਨਹੀਂ ਜਾਣਗੇ.... *ਅਸੀਂ ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗੇ.... ਜਦੋਂ ਤੱਕ ਅੱਤਵਾਦੀਆਂ ਦੇ ਪੈਰ ਪੰਜਾਬ ਦੀ ਧਰਤੀ ਤੋਂ ਉਖਾੜ ਨਹੀਂ ਦਿੱਤੇ ਜਾਂਦੇ...*"

'ਅਖੌਤੀ ਅੱਤਵਾਦ' ਦੇ ਖਿਲਾਫ਼ ਬੋਲਦਿਆਂ.... ਹਿੰਦੁਸਤਾਨੀ ਰਾਜਨੀਤੀ ਦਾ ਇੱਕ ਮੋਹਰਾ ਨਾਇਬ ਸਿਹੁ ਗਰੇਵਾਲ...ਪੰਜਾਬ ਦੀ ਧਰਤੀ ਤੋਂ *'ਅੱਤਵਾਦ ਦੇ ਪੈਰ'* ਉਖਾੜ ਦੇਣ ਤੇ ਓਨਾਂ ਚਿਰ *'ਚੈਨ ਨਾਲ ਨਾ ਬੈਠਣ'* ਦਾ ਪ੍ਰਣ ਕਰਕੇ... *ਡੀ.ਐਸ.ਪੀ. ਹਾਕਮ ਸਿਹੁ ਦੇ 'ਪੈਰੀਂ ਹੱਥ' ਲਾ ਕੇ ਉਹਦੇ ਨਾਲ ਦੀ ਕੁਰਸੀ ਤੇ 'ਬੈਠ'* ਗਿਆ ਸੀ....!!!!

----ਸਮਾਪਤ----



# ਸਵਾਲ

ਖੜ੍ਹਾ ਭਵਿੱਖ ਸਵਾਲੀ ਬਣਿਆਂ, ਵਰਤਮਾਨ ਅਣਜਾਣ ਜਿਹਾ
ਜਿੰਦਗੀ ਇਕ ਪਹੇਲੀ ਬਣਗੀ, ਮੈਥੋਂ ਬੁੱਝੀ ਜਾਵੇ ਨਾ
ਵੇਂਹਦਿਆਂ-ਵੇਂਹਦਿਆਂ ਚੌਂਕ ਚੁਰਾਹੇ, ਸ਼ਰੇਆਮ ਇਕ ਲਾਸ਼ ਰੁਲੀ
ਕਿਧਰੇ ਮੈਂ ਵੀ ਲਾਸ਼ ਨਾ ਬਣਜਾਂ, ਕੋਈ ਡਰਦਾ ਲਾਂਬੂ ਲਾਵੇ ਨਾ
ਬੁੱਢੇ ਬਾਪੂ ਦੀ ਡੰਗੋਰੀ, ਤਾਰਾ ਮਾਂ ਦੀਆਂ ਅੱਖਾਂ ਦਾ
ਬਣ ਗਿਆ ਕਿੰਝ ਲਾਵਾਰਿਸ਼ ਇਥੇ, ਕਿਉਂ ਕੋਈ ਹੱਕ ਜਤਾਵੇ ਨਾ
ਘਰ-ਘਰ ਪੈਂਦੇ ਪਿੱਟ ਸਿਆਪੇ, ਵੈਣ ਸੁਣੀਂਦੇ ਕੰਨਾਂ 'ਚ
ਦੇਸ਼ ਹੋਇਆ ਪ੍ਰਦੇਸ਼ ਕੋਈ ਅੱਜ, ਰੋਂਦਿਆ ਤਾਈਂ ਵਰਾਵੇ ਨਾ
'ਬਾਰ ਪਰਾਏ' ਬੈਠੀ ਕਾਹਤੋਂ, ਕੌਮ ਤੇਰੀ ਦਸਮੇਸ਼ ਪਿਤਾ
ਲੰਘੇ ਵੇਲੇ ਯਾਦ ਕਰਾਵੇਂ, ਜਿੰਦੜੀ ਕਿਉਂ ਪਛਤਾਵੇ ਨਾ
ਗੁਰਾਂ ਦੀ ਧਰਤੀ ਦੁਖਿਆਰਿਆਂ ਨੂੰ, ਘੁੱਟ ਕਲੇਜੇ ਲਾ ਲੈਂਦੀ
ਵਿੰਨ੍ਹਤੀ ਬੰਬਾਂ ਨਾਲ ਵਿਚਾਰੀ, ਕੁਝ ਬੁੱਕਲ ਵਿਚ ਸਮਾਵੇ ਨਾ
ਜਿੰਨ੍ਹਾ ਨੂੰ ਬਚਾਵਣ ਖਾਤਿਰ, ਘੱਲਿਆ ਬਾਪੂ ਦਿੱਲੀ ਨੂੰ
ਅਕ੍ਰਿਤਘਣ ਉਸ ਕੌਮ ਨੂੰ ਕਹਿ ਦੇ, ਸਾਨੂੰ ਅੱਜ ਡਰਾਵੇ ਨਾ
ਹਿੰਦੁਸਤਾਨ ਦੀਆਂ ਨੀਂਹਾਂ ਦੇ ਵਿਚ, ਹੱਸ ਚਿਣਵਾ ਲਿਆ ਲਾਲਾਂ ਨੂੰ
ਦੱਸ ਭਲਾ ਕਿਉਂ ਕੌਮ ਤੇਰੀ ਨੂੰ, ਤੇਰਾ ਚੇਤਾ ਆਵੇ ਨਾ.. .. .. .. ..


**ਗੁਰਮਤਿ ਪੁਸਤਕ ਭੰਡਾਰ** 31 ਨੰਬਰ ਵਾਲੇ
ਦੁਕਾਨ ਨੰ: 154 (ਸਕੂਟਰ ਸਟੈਂਡ ਉਪਰ), ਚੌਂਕ ਘੰਟਾ ਘਰ ਮਾਰਕੀਟ, ਅੰਮ੍ਰਿਤਸਰ
ਫ਼ੋਨ : 0183-5101231 ਮੋਬਾਇਲ : 98726-58302, 98151-61234